ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਸਤੰਬਰ 2025

# ਗੁਰਮਤਿ ਵਿਰਸਾ

# GURMAT VIRSA गुरमति विरसा

Year-7, Issue-2, September 2025, Ludhiana gurmatvirsa@gmail.com Multilingual Price 25/-



# ਪੰਜਾਬ ਅਤੇ ਭਾਰਤ ਦੇ ਹੋਰ ਪਿੰਡ/ਸ਼ਹਿਰਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵੱਡੀ ਗਿਣਤੀ ਵਿਚ ਕੈਂਪ ਲਗਾਏ ਗਏ ਜਿਸ ਵਿਚ ਸੈਂਕੜੇ ਬੱਚਿਆਂ ਨੇ ਭਾਗ ਲਿਆ।



ਕੇਂਦਰ ਅੱਪਰਾ ਦੇ ਬਾਬਾ ਦੀਪ ਸਿੰਘ ਪਬਲਿਕ ਸਕੂਲ ਪਿੰਡ ਰੁੜਕਾ ਵਿਖੇ ਨੈਤਿਕ ਸਿੱਖਿਆ ਇਮਤਿਹਾਨ ਵਿਚ ਹਿੱਸਾਲੈਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ



ਕੇਂਦਰ ਅੱਪਰਾ ਦੇ ਪਿੰਡ ਇੰਦਣਾਂ ਕਲਾਸਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਵੀਰਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਪ੍ਰਿੰਗੜੀ ਵਿਖੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਲਗਾਈ ਜਾ ਰਹੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ : ਗੁਰਦੁਆਰਾ ਬਾਬੇ ਸ਼ਹੀਦਾਂ (ਚੱਕ ਖੁਰਦ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਬੇਟ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਪਲਾਸੌਰ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।

// ਗੁਰਮਤਿ ਵਿਰਸਾ

**ਸਤੰਬਰ 2025** **(ਮਾਸਿਕ ਮੈਗਜ਼ੀਨ)**

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

### ਭਾਦੋਂ-ਅੱਸੂ ਮਹੀਨੇ ਦੇ ਖਾਸ ਦਿਹਾੜੇ

- ਪਹਿਲਾ ਪ੍ਰਕਾਸ਼ ਪੁਰਬ ਗੁਰੂ ਗ੍ਰੰਥ ਸਾਹਿਬ : 17 ਭਾਦੋਂ (1 ਸਤੰਬਰ)
- ਗੁਰਗੱਦੀ ਪਾਤਸ਼ਾਹੀ ਚੌਥੀ : 02 ਅੱਸੂ (16 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਤੀਜੀ : 02 ਅੱਸੂ (16 ਸਤੰਬਰ)
- ਗੁਰਗੱਦੀ ਪਾਤਸ਼ਾਹੀ ਪੰਜਵੀਂ : 02 ਅੱਸੂ (16 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਚੌਥੀ : 02 ਅੱਸੂ (16 ਸਤੰਬਰ)
- ਗੁਰਗੱਦੀ ਪਾਤਸ਼ਾਹੀ ਦੂਜੀ : 04 ਅੱਸੂ (18 ਸਤੰਬਰ)
- ਜੋਤੀ ਜੋਤਿ ਪਾਤਸ਼ਾਹੀ ਪਹਿਲੀ : 08 ਅੱਸੂ (22 ਸਤੰਬਰ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ | 7 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ... | 12 |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਇਲਾਹੀ 'ਹੁਕਮ' ਦਾ ਦੀਦਾਰ | 16 |
| ਦੇਸ਼ ਦੇ ਹੁਕਮਰਾਨੋਂ! ਸਾਡੇ ਕਕਾਰ ਹੁਣ ਤੁਹਾਨੂੰ ਕਿਉਂ ਚੁੱਭਣ ਲੱਗ.. | 19 |
| ਇਸ਼ਨਾਨ | 21 |
| ਨੰਨੇ ਵਾਰਸ | 22 |
| ਗੁਣਾਂ ਨੂੰ ਅਪਣਾ ਕੇ ਅਵਗੁਣਾਂ ਦਾ ਤਿਆਗ ਕਰੋ | 24 |
| ਮਨੋਬਲ | 25 |
| ਸਥਾਨਕ ਜਲ ਭੰਡਾਰ ਤੇ ਮੀਂਹ ਦੇ ਪਾਣੀ ਦੀ ਨਾਕਾਫ਼ੀ ਸੰਭਾਲ | 26 |
| ਸੱਚੀ ਸਲਾਹ ਮੰਨ ਲੈਣੀ ਚਾਹੀਦੀ ਆ | 27 |
| ਕੀ ਰਿਸ਼ਤਿਆਂ ਦਾ ਮੋਹ ਭੰਗ ਹੋਣ ਦਾ ਕਾਰਨ ਮੋਬਾਇਲ ਹੈ? | 28 |
| ਕਾਵਿ ਕਿਆਰੀ | 30 |
| ਕਹਾਣੀ: ਛੁੱਟੀਆਂ ਦੀ ਉਡੀਕ | 31 |
| **ਜੀਵਨ ਕੀ ਮਹਕ** | **32** |
| Hepatitis | 35 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਜੁਲਾਈ ਮਹੀਨੇ ਦੀਆਂ ਸਰਗਰਮੀਆਂ | 41 |




### ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਪੰਜਾਬ ਨੂੰ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ?

ਪੰਜਾਬ ਪੰਜਾਂ ਦਰਿਆਵਾਂ ਦਾ ਦੇਸ਼ ਸੀ। ਇਸ ਦਾ ਸਾਰਾ ਅਧਾਰ ਦਰਿਆਵਾਂ ਤੇ ਨਿਰਭਰ ਕਰਦਾ ਹੈ। ਪੰਜੇ ਦਰਿਆ ਪੰਜਾਬ ਲਈ ਕੁਦਰਤ ਦੀ ਅਣਮੁੱਲੀ ਦਾਤ ਸਨ। ਪੰਜਾਂ ਦਰਿਆਵਾਂ ਤੋਂ ਅਗਾਂਹ ਪੰਜਾਂ ਦੀ ਗਿਣਤੀ ਹੀ ਪ੍ਰਚੱਲ ਹੋ ਗਈ ਲੱਗਦੀ ਹੈ। ਪੰਜ ਆਬ ਤੋਂ ਜਦੋਂ ਦਾ ਪੰਜਾਬ ਬਣਿਆ ਹੈ ਤਾਂ ਪੰਜਾਬੀਆਂ ਦੀ ਰੂਹ ਨਾਲ ਇਹ ਸ਼ਬਦ ਜੁੜ ਗਿਆ ਹੈ। ਦੁਨੀਆਂ ਦਾ ਇਹ ਐਸਾ ਸੂਬਾ ਹੈ ਜਿਸ ਦੀ ਗੈਰ ਕੁਦਰਤੀ ਵੰਡ ਹੋਈ ਹੈ। ਭਾਵੇਂ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ ਪਰ ਪੰਜਾਬੀਆਂ ਦੀ ਰੂਹ ਨੇ ਅਜੇ ਤਕ ਵੀ ਇਸ ਵੰਡ ਨੂੰ ਪ੍ਰਵਾਨ ਨਹੀਂ ਕੀਤਾ।

15 ਅਗਸਤ 1947 ਨੂੰ ਅੰਬਾਲੇ ਤੋਂ ਅੱਗੇ ਦਿੱਲੀ ਵਿੱਚ ਅਜ਼ਾਦੀ ਦੇ ਜਸ਼ਨ ਮਨਾਉਂਦਿਆਂ ਜਾਮ ਨਾਲ ਜਾਮ ਟਕਰਾਏ ਜਾ ਰਹੇ ਸਨ। ਦੂਜੇ ਪਾਸੇ ਪੰਜਾਬੀਆਂ ਨੂੰ ਖ਼ੂਨ ਦੀ ਨਦੀ ਵਿੱਚ ਡੋਬਿਆ ਜਾ ਰਿਹਾ ਸੀ। ਚਾਰ ਚੁਫੇਰੇ ਲੋਥਾਂ ਹੀ ਲੋਥਾਂ ਦਿਸਦੀਆਂ ਸਨ। ਪੰਜਾਬੀਆਂ ਨੇ ਮੁਲਕ ਦੀ ਅਜ਼ਾਦੀ ਸਮੇਂ ਆਪਣੇ ਦੇਸ਼ ਪੰਜਾਬ ਦੇ ਦੋ ਟੋਟੇ ਕਰਵਾ ਲਏ। ਅਜ਼ਾਦ ਭਾਰਤ ਵਿੱਚ ਬੋਲੀ ਦੇ ਅਧਾਰਤ ਸੂਬੇ ਬਣ ਗਏ ਪਰ ਪੰਜਾਬ ਨੂੰ ਬੋਲੀ ਦੇ ਅਧਾਰਤ ਸੂਬਾ ਨਹੀਂ ਬਣਾਇਆ ਗਿਆ, ਕਿਉਂਕਿ ਇਸ ਕੋਲੋਂ ਪਾਣੀ ਖੋਹਣਾ ਸੀ। ਹੜ੍ਹਾਂ ਦੀ ਮਾਰ ਪੰਜਾਬ ਸਹਿੰਦਾ ਹੈ ਤੇ ਬਿਨਾਂ ਮੁਆਮਲਾ ਦਿੱਤਿਆਂ ਪਾਣੀ ਦੂਜੇ ਸੂਬੇ ਵਰਤਦੇ ਹਨ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਬੋਲੀ ਦੇ ਅਧਾਰਤ ਜਦੋਂ ਪੰਜਾਬੀ ਸੂਬੇ ਦੀ ਮੰਗ ਕੀਤੀ ਤਾਂ ਬਿਨਾਂ ਮੰਗਿਆਂ ਹਰਿਆਣਾ ਬਣਾ ਧਰਿਆ ਤੇ ਦੇਸ ਪੰਜਾਬ ਤੋਂ ਬਣ ਗਈ ਪੰਜਾਬੀ ਸੂਬੀ। ਇਸ ਸੂਬੀ ਵਿੱਚ ਕਦੇ ਕਾਂਗਰਸੀਏ ਤੇ ਕਦੇ ਅਕਾਲੀਏ ਰਾਜ ਭਾਗ ਦੇ ਮਾਲਕ ਬਣਦੇ ਰਹੇ। ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਨੁਕਾਤੀ ਪ੍ਰੋਗਰਾਮ ਬੜਾ ਰਾਸ ਆਇਆ ਕਿ ਕਾਂਗਰਸ ਪਾਰਟੀ ਪੰਜਾਬ ਦੀ ਦੁਸ਼ਮਣ ਹੈ। ਕਿਸੇ ਹੱਦ ਤੱਕ ਤਾਂ ਇਹ ਗੱਲ ਠੀਕ ਵੀ ਸੀ ਕਿਉਂ ਕਿ ਕਾਂਗਰਸ ਪਾਰਟੀ ਨੇ ਜੋ ਵਾਅਦੇ ਕੀਤੇ ਸਨ ਉਸ ਤੋਂ ਉਹ ਮੁਕਰ ਗਏ ਸਨ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਪੰਜਾਬ ਲਈ ਕੁਝ ਨਹੀਂ ਕੀਤਾ।

ਅਕਾਲੀਆਂ ਨੇ ਰਾਜ ਸੱਤਾ ਦੀ ਲਾਲਸਾ ਵਿੱਚ ਕੱਟੜ ਹਿੰਦੂਤਵੀ ਪਾਰਟੀ ਜਨਸੰਘ ਪਾਰਟੀ ਨਾਲ ਸਮਝੌਤਾ ਕਰਕੇ ਪੰਜਾਬ ਦੀ ਸੱਤਾ ਤੇ ਕਬਜ਼ਾ ਕੀਤਾ। ਅਕਾਲੀ ਦਲ ਇੱਕ ਸਮੇਂ ਬੜੀ ਮਜ਼ਬੂਤ ਖੇਤਰੀ ਪਾਰਟੀ ਹੋਇਆ ਕਰਦੀ ਸੀ। ਇਸ ਦੇ ਨੇਤਾ ਜਦੋਂ ਕੋਈ ਬਿਆਨ ਦਿੰਦੇ ਸਨ ਤਾਂ ਸਾਰੇ ਕੇਂਦਰੀ ਲੀਡਰ ਕੰਬਦੇ ਸਨ। ਅਕਾਲੀ ਦਲ ਪਾਰਟੀ ਖੇਤਰੀ ਪਾਰਟੀ ਸੀ ਜਦ ਕਿ ਜਨਸੰਘੀਏ ਨੈਸ਼ਨਲ ਪਾਰਟੀ ਬਣਨ ਦਾ ਸੁਪਨਾ ਦੇਖ ਰਹੇ ਸਨ। ਜਦੋਂ ਜਨਸੰਘ ਪਾਰਟੀ ਨਾਲ ਅਕਾਲੀ ਦਲ ਨੇ ਸਮਝੌਤਾ ਕਰ ਲਿਆ ਤਾਂ ਅਕਾਲੀ ਦਲ ਵਿਚੋਂ ਖੇਤਰੀ ਪਾਰਟੀ ਵਾਲੀ ਰੂਹ ਹੀ ਖਤਮ ਹੋ ਗਈ। ਅਕਾਲੀਆਂ ਨੇ ਸੱਤਾ ਦੀ ਲਾਲਸਾ ਖਾਤਰ ਜਨਸੰਘ ਦਾ ਭਾਰ ਚੁੱਕ ਲਿਆ। ਸਭ ਤੋਂ ਵੱਧ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਨੁਕਸਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ, ਕਿਉਂਕਿ ਮੁੱਖ ਮੰਤ੍ਰੀ ਬਣਨ ਲਈ ਫੌਹੜੀਆਂ ਦਾ ਸਹਾਰਾ ਜਨਸੰਘ ਦਾ ਲੈਂਦਾ ਰਿਹਾ। ਖੇਤਰੀ ਪਾਰਟੀ ਦੀ ਸੋਚ ਓਦੋਂ ਹੀ ਗਵਾਚ ਗਈ ਸੀ ਜਦੋਂ ਸਿੱਖ ਸਿਧਾਂਤ ਛੱਡ ਕੇ ਕੇਵਲ ਮੁੱਖ ਮੰਤਰੀ ਬਣਨ ਲਈ ਜਨਸੰਘ ਦੀ ਹਰ ਗੱਲ ਮੰਨਣ ਲਈ ਤਿਆਰ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੀ ਆਤਮਿਕ ਮੌਤ ਉਸ ਦਿਨ ਹੀ ਤਹਿ ਹੋ ਗਈ ਸੀ ਜਿਸ ਦਿਨ ਬਿਨਾਂ ਸ਼ਰਤ ਸ੍ਰ ਬਾਦਲ ਨੇ ਬਾਜਪਾਈ ਨੂੰ ਪ੍ਰਧਾਨ ਮੰਤ੍ਰੀ ਬਣਨ ਲਈ ਹਮਾਇਤ ਕੀਤੀ ਸੀ ਤੇ ਨਾਲ ਹੀ ਪੰਜਾਬ ਦੀਆਂ ਮੰਗਾਂ ਨੂੰ ਸਦਾ ਲਈ ਵਿਸਾਰ ਦਿੱਤਾ।

ਪੰਜਾਬ ਵਿੱਚ ਕਾਂਗਰਸ ਜ਼ਰੂਰ ਕਾਮਯਾਬ ਹੁੰਦੀ ਰਹੀ ਕਿਉਂਕਿ ਬਹੁਤੇ ਅਕਾਲੀਏ ਕਾਂਗਰਸ ਪਾਰਟੀ ਵਿੱਚ ਚਲੇ ਗਏ ਸਨ। ਕਾਂਗਰਸ ਪਾਰਟੀ ਕੌਮੀ ਪਾਰਟੀ ਸੀ ਇਸ ਲਈ ਪੰਜਾਬ ਲਈ ਸੋਚਣਾ ਉਨ੍ਹਾਂ ਲਈ ਬੱਜਰ ਕੁਰਹਿਤ ਸੀ। ਕਾਂਗਰਸ ਕੌਮੀ ਪਾਰਟੀ ਹੋਣ ਕਰਕੇ ਜਦੋਂ ਕੋਈ ਪੰਜਾਬ ਪ੍ਰਤੀ ਮੰਗ ਹੁੰਦੀ ਸੀ ਤਾਂ ਪੰਜਾਬ ਦੇ ਕਾਂਗਰਸੀਏ ਆਪਣੀ ਕੌਮੀ ਪਾਰਟੀ ਦੇ ਹੱਕ ਵਿੱਚ ਹੀ ਭੁਗਤਦੇ ਰਹੇ।

ਸਭ ਤੋਂ ਵੱਡਾ ਦੁਖਾਂਤ ਕਿ ਪੰਜਾਬ ਦੇ ਸਾਰੇ ਹੀ ਰਾਜਨੀਤਿਕ ਲੀਡਰ ਕਿਸੇ ਵੀ ਪਾਰਟੀ ਵਿੱਚ ਗਏ ਹਨ ਤਾਂ ਉਹ ਪੰਜਾਬ ਪ੍ਰਤੀ ਸੋਚਣਾ ਹੀ ਬੰਦ ਕਰ ਦਿੰਦੇ ਹਨ। ਜਦੋਂ ਕੋਈ ਸ਼੍ਰੋਮਣੀ ਅਕਾਲੀ ਦਲ ਵਾਲੇ ਪੰਜਾਬ ਦੀ ਮੰਗ ਰੱਖਦੇ ਸਨ ਤਾਂ ਕਾਂਗਰਸ ਦੀ ਕੌਮੀ ਪਾਰਟੀ ਉਸ ਦਾ ਵਿਰੋਧ ਹੀ ਕਰਦੀ ਰਹੀ। ਕਾਮਰੇਡ ਸੱਜੇ ਖੱਬੇ ਦੇ ਲੀਡਰਾਂ ਨੇ ਕਦੇ ਵੀ ਪੰਜਾਬ ਦੀਆਂ ਸਮੱਸਿਆਵਾਂ ਵਲ ਤਵੱਜੋਂ ਨਹੀਂ ਦਿੱਤੀ। ਕਾਂਗਰਸ ਪਾਰਟੀ ਦੇ ਕੌਮੀ ਨੇਤਾਵਾਂ ਨੇ ਹਮੇਸ਼ਾਂ ਪੰਜਾਬ ਦੀਆਂ ਮੰਗਾਂ ਵਲੋਂ ਮੂੰਹ ਮੋੜੀ ਰੱਖਿਆ। ਵਰਤਮਾਨ ਵਰਤਾਰੇ ਵਿੱਚ ਜਿੰਨੇ ਸਿੱਖ ਨੇਤਾ ਭਾਰਤੀ ਜਨਤਾ ਪਾਰਟੀ ਵਿੱਚ ਗਏ ਹਨ ਉਹ ਪੰਜਾਬ ਦੇ ਕਿਸੇ ਮੁੱਦੇ ਦੀ ਗੱਲ ਨਹੀਂ ਕਰਦੇ ਸਗੋਂ ਪੰਜਾਬ ਦੇ ਵਿਰੋਧ ਵਿੱਚ ਹੀ ਭੁਗਤ ਰਹੇ ਹਨ।

2022 ਤੱਕ ਪੰਜਾਬ ਵਿੱਚ ਦੋ ਪਾਰਟੀਆਂ ਦਾ ਹੀ ਰਾਜ ਰਿਹਾ ਹੈ, ਵਿੱਚ ਵਿਚਾਲੇ ਗਵਰਨਰੀ ਰਾਜ ਵੀ ਰਿਹਾ ਹੈ। ਪੰਜਾਬ ਦਾ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਵਿਕਾਸ ਲਈ ਨਾ ਤਾਂ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਕੋਈ ਠੋਸ ਨੀਤੀ ਬਣਾਈ ਤੇ ਨਾ ਹੀ ਕਾਂਗਰਸ ਨੇ ਕੋਈ ਪੰਜਾਬ ਲਈ ਠੋਸ ਕਦਮ ਚੁੱਕਿਆ ਹੈ। ਹਾਂ ਜੇ ਕੋਈ ਫੈਸਲਾ ਲਿਆ ਹੈ ਤਾਂ ਉਹ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਵਾਲਾ ਹੀ ਲਿਆ ਹੈ।

ਕਾਂਗਰਸ ਪਾਰਟੀ ਨੂੰ ਸਰਦਾਰ ਮਨਮੋਹਨ ਸਿੰਘ ਦੇ ਰੂਪ ਵਿੱਚ ਸੁਲਝਿਆ ਹੋਇਆ ਪ੍ਰਧਾਨ ਮੰਤ੍ਰੀ ਮਿਲਿਆ ਜਿਸ ਨੇ ਭਾਰਤ ਦੇ ਅਰਥਚਾਰੇ ਨੂੰ ਨਵੀਂ ਦਿਸ਼ਾ ਦੇ ਕੇ ਨਿਵੇਕਲਾ ਇਤਿਹਾਸ ਸਿਰਜਿਆ। ਇਸ ਵਿੱਚ ਇੱਕ ਅਜੇਹਾ ਸਮਾਂ ਵੀ ਆਇਆ ਜਦੋਂ ਅੰਨਾ ਹਜ਼ਾਰੇ ਨੇ ਲੋਕਪਾਲ ਦੇ ਬਿੱਲ ਲਈ ਆਪਣਾ ਅੰਦੋਲਨ ਸ਼ੁਰੂ ਕੀਤਾ। ਅੰਦਰ ਖਾਤੇ ਜਨਸੰਘ ਤੋਂ ਬਣੀ ਭਾਰਤੀ ਜਨਤਾ ਪਾਰਟੀ ਨੇ ਪੂਰਾ ਲਾਹਾ ਲਿਆ। ਇਸ ਸਮੇਂ ਦੌਰਾਨ ਆਮ ਆਦਮੀ ਪਾਰਟੀ ਦਾ ਜਨਮ ਹੋਇਆ। ਇਸ ਪਾਰਟੀ ਦੇ ਕਰਤਾ ਧਰਤਾ ਕੇਜਰੀਵਾਲ ਸਨ।

ਅਸਲ ਵਿੱਚ ਲੋਕ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਸਨ। ਲੋਕ ਬਦਲ ਚਾਹੁੰਦੇ ਸਨ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿੱਚ ਰਾਜ ਭਾਗ ਦੇ ਮਾਲਕ ਬਣਾ ਦਿੱਤਾ। ਦਿੱਲੀ ਵਿਚੋਂ ਕਾਂਗਰਸ ਦਾ ਰਾਜ ਖਤਮ ਕਰਨ ਲਈ ਆਮ ਆਦਮੀ ਪਾਰਟੀ ਨੂੰ ਪੂਰਾ ਸਮਰਥਨ ਮਿਲਿਆ। ਕੇਜਰੀਵਾਲ ਮੁੱਖ ਮੰਤਰੀ ਬਣ ਗਿਆ। ਪੰਜਾਬੀਆਂ ਦਾ ਇੱਕ ਵੱਡਾ ਸੁਭਾਅ ਹੈ ਕਿ ਇਹ ਹਮੇਸ਼ਾਂ ਤਬਦੀਲੀ ਚਾਹੁੰਦੇ ਹਨ। ਪੰਜਾਬ ਵਿੱਚ ਅਕਾਲੀਆਂ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਤੇ ਨਸ਼ਿਆਂ ਦਾ ਕਾਰੋਬਾਰ ਵਧਿਆ ਫੁੱਲਿਆ। ਨੌਜਵਾਨ ਚਿੱਟੇ ਦੀ ਭੇਟ ਚੜ੍ਹਨੇ ਸ਼ੁਰੂ ਹੋਏ। ਘਰਾਂ ਵਿੱਚ ਸੱਥਰ ਵਿਛਣੇ ਸ਼ੁਰੂ ਹੋਏ। ਚਿੱਟੇ ਦਾ ਕਹਿਰ, ਰੇਤ ਮਾਫ਼ੀਆ, ਸਰਕਾਰੀ ਕਾਰੋਬਾਰਾਂ ਦੀ ਥਾਂ 'ਤੇ ਆਪਣੇ ਕਾਰੋਬਾਰਾਂ ਨੂੰ ਵਧਾਉਣਾ, ਰਵਾਇਤੀ ਅਕਾਲੀਆਂ ਨੂੰ ਇੱਕ ਨੁੱਕਰੇ ਲਾ ਕੇ ਪੰਥਕ ਸਰੋਕਾਰਾਂ ਦਾ ਭੋਗ ਪਾ ਦਿੱਤਾ। ਯੂਥ ਅਕਾਲੀ ਦਲ ਦੇ ਰੂਪ ਵਿੱਚ ਸਾਲ਼ੇ ਜੀਜੇ ਨੇ ਅਕਾਲੀ ਦਲ ਦੀਆਂ ਸ਼ਾਨਦਾਰ ਪ੍ਰੰਪਰਾਵਾਂ ਨੂੰ ਰੋਲ਼ ਕੇ ਰਖ ਦਿੱਤਾ। ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਤੇ ਅਕਾਲੀ ਦਲ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਹੁੰਦੀ ਹੋਈ। ਇਨ੍ਹਾਂ ਦੀਆਂ ਆਪ ਹੁਦਰੀਆਂ ਕਰਕੇ ਪੂਰੀ ਤਰ੍ਹਾਂ ਹਾਸ਼ੀਏ ਤੇ ਚਲੀ ਗਈ। ਕਾਂਗਰਸ ਪਾਰਟੀ ਨੂੰ ਮੌਕਾ ਮਿਲਿਆ, ਕੈਪਟਨ ਨੇ ਗੁਰਬਾਣੀ ਦਾ ਗੁਟਕਾ ਹੱਥ ਵਿੱਚ ਫੜ ਕੇ ਸੌਂਹ ਖਾਧੀ ਕਿ ਮੈਂ ਦੋਸ਼ੀਆਂ ਨੂੰ ਸਜਾਵਾਂ ਦਿਵਾਵਾਂਗਾ। ਇਸ ਭੀੜੀ ਤੰਬੀ ਵਾਲੇ ਨੇ ਪੰਜਾਬ ਲਈ ਕੋਈ ਚਜ ਅਚਾਰ ਦਾ ਕੰਮ ਨਹੀਂ ਕੀਤਾ।

ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਸਨ। ਪਹਿਲੀ ਵਾਰੀ ਆਮ ਆਦਮੀ ਪਾਰਟੀ ਮੁੱਖ ਵਿਰੋਧੀ ਧਿਰ ਵਲੋਂ ਉਭਰੀ। ਦੂਜੀ ਵਾਰੀ 2022 ਵਿੱਚ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਇੱਕ ਨਹੀਂ, ਦੋ ਨਹੀਂ, ਪੂਰੇ 92 ਐਮ.ਐਲ. ਏ. ਜਿਤਾ ਕੇ ਮੁਕੰਮਲ ਤੌਰ 'ਤੇ ਸਾਰੇ ਪੰਜਾਬ ਦੀ ਵਾਗਡੋਰ ਇਨ੍ਹਾਂ ਦੇ ਹੱਥ ਫੜਾ ਦਿੱਤੀ। ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚੋਂ ਲੋਕ ਸਭਾ ਚੋਣਾਂ ਵਿੱਚ ਚੰਗਾ ਹੁੰਗਾਰਾ ਮਿਲਿਆ। ਦੂਸਰੇ ਪਾਸੇ ਆਮ ਆਦਮੀ ਪਾਰਟੀ ਦਿੱਲੀ ਵਿਚੋਂ ਬੁਰੀ ਤਰ੍ਹਾਂ ਹਾਰ ਗਈ।

ਪਿਛਲਿਆਂ ਤਿੰਨਾਂ ਸਾਲਾਂ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਪੰਜਾਬ ਦੀ ਰੂਹ ਨੂੰ ਪਛਾਣ ਹੀ ਨਹੀਂ ਸਕੇ। ਵੋਟ ਬੈਂਕ ਪੱਕਾ ਕਰਨ ਲਈ ਬਾਬਾ ਸਾਹਿਬ ਅੰਬੇਦਕਰ ਤੇ ਭਗਤ ਸਿੰਘ ਦੇ ਨਾਵਾਂ ਨੂੰ ਬਹੁਤ ਉਭਾਰਿਆ। ਸਾਨੂੰ ਕੋਈ ਇਥੇ ਇਤਰਾਜ਼ ਨਹੀਂ ਹੈ, ਕਿਉਂਕਿ ਹਰ ਪਾਰਟੀ ਦੀ ਤੇ ਹਰ ਇਨਸਾਨ ਦੀ ਆਪਣੀ ਸੋਚ ਹੈ। ਉਂਝ ਕੇਜਰੀਵਾਲ ਸੀਤਲਾ ਦੇਵੀ ਦੀ ਪੂਜਾ ਕਰਦੇ ਹਨ। ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਪੰਜਾਬ ਦੀ ਰੂਹ ਵਿੱਚ ਦਸ ਗੁਰੂ ਸਾਹਿਬਾਨ ਦਾ ਫਲਸਫਾ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜ਼ਿੰਮੀਦਾਰਾਂ ਨੂੰ ਦਿੱਤੇ ਹੱਕ ਇਤਿਹਾਸ ਦੀ ਹਿੱਕ ਵਿੱਚ ਪਏ ਹਨ, ਆਮ ਆਦਮੀ ਪਾਰਟੀ ਨੂੰ ਸ਼ਾਇਦ ਇਹ ਫ਼ਲਸਫ਼ਾ ਨਜ਼ਰ ਨਹੀਂ ਆਇਆ। ਭਾਰਤ ਦੀ ਅਜ਼ਾਦੀ ਵਿਚ ਹੋਰ ਵੀ ਬਹੁਤ ਸ਼ਹੀਦ ਹੋਏ ਹਨ। ਆਮ ਆਦਮੀ ਪਾਰਟੀ ਵਲੋਂ ਸਿਰਫ ਵੋਟਾਂ ਦੀ ਖਾਤਰ ਪੰਜਾਬ ਦੀ ਰੂਹ ਵਿੱਚ ਵੱਸੇ ਨਾਇਕਾਂ ਨੂੰ ਵਿਸਾਰ ਕੇ ਅਵੱਲੜਾ ਇਤਿਹਾਸ ਸਿਰਜਣ ਦਾ ਯਤਨ ਕੀਤਾ ਗਿਆ ਹੈ।

ਅਸਲ ਵਿੱਚ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਨਹੀਂ ਪਾਈਆਂ, ਇਹ ਤੇ ਰਵਾਇਤੀ ਪਾਰਟੀਆਂ ਤੋਂ ਤੰਗ ਆਏ ਪੰਜਾਬੀਆਂ ਨੇ ਬਦਲਾ ਲੈਣ ਲਈ ਆਮ ਆਦਮੀ ਪਾਰਟੀ ਨੂੰ ਦਿੱਲ ਖੋਲ੍ਹ ਕੇ ਵੋਟਾਂ ਪਾਈਆਂ। ਆਮ ਆਦਮੀ ਪਾਰਟੀ ਆਪਣੇ ਆਪ ਨੂੰ ਨੈਸ਼ਨਲ ਪਾਰਟੀ ਬਣਾਉਂਦੀ ਬਣਾਉਂਦੀ ਦਿੱਲੀ ਦਾ ਅਰਧ ਸੂਬਾ ਵੀ ਗਵਾ ਬੈਠੀ ਹੈ। ਦਿੱਲੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਹੁਤ ਬੁਰੇ ਤਰੀਕੇ ਨਾਲ ਹਾਰ ਗਈ। ਵੱਡੇ ਵੱਡੇ ਆਮ ਆਦਮੀ ਪਾਰਟੀ ਦੇ ਨੇਤਾ ਹਾਰ ਗਏ। ਆਮ ਆਦਮੀ ਪਾਰਟੀ ਦੇ ਮੁੱਖੀ ਕੇਜਰੀਵਾਲ ਆਪਣੀ ਸੀਟ ਵੀ ਨਾ ਬਚਾ ਸਕੇ। ਜਦੋਂ ਤੋਂ ਆਮ ਆਦਮੀ ਪਾਰਟੀ ਬਣੀ ਸੀ ਤਾਂ ਓਦੋਂ ਤੋਂ ਹੀ ਵੱਡੇ ਨੇਤਾ ਆਮ ਆਦਮੀ ਪਾਰਟੀ ਵਲੋਂ ਕਿਨਾਰਾ ਕਰਦੇ ਗਏ। ਹੌਲੀ ਹੌਲੀ ਆਮ ਆਦਮੀ ਪਾਰਟੀ ਵਿੱਚ ਕੇਵਲ ਦੋ ਬੰਦੇ ਹੀ ਰਹਿ ਗਏ।

ਜਦੋਂ ਤੋਂ ਸ: ਭਗਵੰਤ ਸਿੰਘ ਮੁੱਖ ਮੰਤਰੀ ਬਣੇ ਹਨ ਤਾਂ ਅਜ਼ਾਦ ਤੌਰ 'ਤੇ ਕੋਈ ਵੀ ਫੈਸਲਾ ਨਹੀਂ ਲੈ ਸਕੇ। ਇਨ੍ਹਾਂ ਨਾਲ ਦਿੱਲੀ ਤੋਂ ਸਲਾਹਕਾਰ ਬੰਦੇ ਲਾਏ ਗਏ। ਉਹ ਆਪਣੀ ਮਰਜ਼ੀ ਕਰਦੇ ਰਹੇ। ਆਮ ਆਦਮੀ ਪਾਰਟੀ ਦੇ ਲੀਡਰ ਦਿੱਲੀ ਵਿਚੋਂ ਇੱਕ ਕਿਸਮ ਨਾਲ ਵਿਹਲੇ ਜੇਹੇ ਹੋ ਗਏ ਅਤੇ ਸਾਰੇ ਪੰਜਾਬ ਵਿੱਚ ਡੇਰਾ ਲਾ ਕੇ ਬੈਠ ਗਏ। ਇੰਝ ਲੱਗਦਾ ਹੈ ਜਿਵੇਂ ਇਨ੍ਹਾਂ ਪਾਸ ਕੋਈ ਕੰਮ ਹੀ ਨਾ ਰਹਿ ਗਿਆ ਹੋਵੇ। ਇਹ ਠੀਕ ਹੈ ਕਿ ਕੇਜਰੀਵਾਲ ਆਪਣੀ ਪਾਰਟੀ ਦੇ ਸੁਪਰੀਮੋ ਹਨ ਪਰ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਹੀ ਹਨ। ਕੇਜਰੀਵਾਲ ਤੇ ਇਨ੍ਹਾਂ ਦੇ ਸਾਥੀਆਂ ਕੋਲ ਕੋਈ ਸੰਵਿਧਾਨਕ ਅਹੁਦੇ ਨਹੀਂ ਹਨ, ਪਰ ਉਹ ਵਿਚਰ ਸੰਵਿਧਾਨਿਕ ਅਹੁਦਿਆਂ ਵਾਂਗ ਹੀ ਰਹੇ ਹਨ। ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਇੰਝ ਵਿਚਰਨਾ ਪੰਜਾਬੀਆਂ ਦੀ ਰੂਹ ਨੂੰ ਰਾਸ ਨਹੀਂ ਆਇਆ। ਇਹ ਸਹੀ ਹੈ ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੇ ਪੰਜਾਬ ਲਈ ਕੋਈ ਨੀਤੀ ਨਹੀਂ ਘੜੀ ਜਿਸ ਦਾ ਨਤੀਜਾ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਸਵਾਲ ਪੈਦਾ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਨੇ ਕਿਹੜੀ ਕੋਈ ਨੀਤੀ ਘੜੀ ਹੈ ਜਿਸ 'ਤੇ ਪੰਜਾਬੀ ਮਾਣ ਮਹਿਸੂਸ ਕਰ ਸਕਣ?

ਬਾਕੀ ਦੀਆਂ ਵਿਚਾਰਾਂ ਕਰਨ ਦਾ ਕੋਈ ਫਾਇਦਾ ਨਹੀਂ ਹੈ ਸਿਰਫ ਲੈਂਡ ਪੂਲਿੰਗ ਦੀ ਵਿਚਾਰ ਕਰਦੇ ਹਾਂ। ਸਰਕਾਰਾਂ ਕਾਰਖਾਨੇ ਲਗਾਉਣ ਲਈ ਕਈ ਵਾਰੀ ਕਿਰਸਾਨਾਂ ਕੋਲੋਂ ਜ਼ਮੀਨ ਲੈਂਦੀ ਆਈ ਹੈ ਤੇ ਕਿਰਸਾਨ ਦਿੰਦੇ ਵੀ ਆਏ ਹਨ। ਇਸ ਵਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਹੁਤ ਹੀ ਕਾਹਲ ਕਰਦਿਆਂ ਮੁੱਖ ਮੰਤਰੀ ਨੂੰ ਮੁੱਖੀ ਬਣਾਉਣ ਦੀ ਥਾਂ 'ਤੇ ਚੀਫ਼ ਸੈਕਟਰੀ ਨੂੰ ਲੈਂਡ ਪੂਲਿੰਗ ਲਈ ਮੁਖੀਆ ਬਣਾ ਧਰਿਆ। ਇਹ ਇੱਕ ਅਜਿਹਾ ਫੈਸਲਾ ਹੈ ਜਿਹੜਾ ਪੰਜਾਬ ਦੇ ਕਿਰਸਾਨਾਂ ਨੇ ਪ੍ਰਵਾਨ ਨਹੀਂ ਕੀਤਾ।

ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ ਪੰਜਾਬ ਦੇ ਕਿਰਸਾਨਾਂ ਨੇ ਮੁੱਢੋਂ ਹੀ ਨਿਕਾਰ ਦਿੱਤਾ ਹੈ। ਥੋੜਾ ਜਿਹਾ ਸਮਝਣ ਦਾ ਯਤਨ ਕੀਤਾ ਜਾਏਗਾ—ਇਸ ਵੇਲੇ ਪੰਜਾਬ ਦੀ ਤਿੰਨ ਕਰੋੜ ਦੇ ਲੱਗਪਗ ਅਬਾਦੀ ਹੈ ਜਿਸ ਵਿਚੋਂ 40% ਸ਼ਹਿਰਾਂ ਵਿੱਚ, 60% ਪਿੰਡਾਂ ਵਿੱਚ ਰਹਿੰਦੀ ਹੈ। ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੀ ਹੈ। ਪੰਜਾਬ ਸਰਕਾਰ ਨੇ ਕੋਈ ਸਰਵੇਖਣ ਕਰਨ ਤੋਂ ਬਿਨਾਂ ਹੀ 65533 ਏਕੜ ਜ਼ਮੀਨ ਲਈ 116 ਪਿੰਡਾਂ ਦੀ ਜ਼ਮੀਨ ਸਬੰਧੀ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ। ਕੇਵਲ ਲੁਧਿਆਣੇ ਜ਼ਿਲ੍ਹੇ ਵਿੱਚ ਹੀ 45861 ਏਕੜ ਜ਼ਮੀਨ ਲੈਣ ਲਈ ਹੁਕਮ ਜਾਰੀ ਕਰ ਦਿੱਤਾ ਹੈ। ਇਹ ਵੀ ਪਤਾ ਲੱਗਿਆ ਹੈ ਕਿ 165 ਕਲੋਨੀਆਂ ਅਜੇ ਲੁਕਾਅ ਕੇ ਰੱਖੀਆਂ ਹੋਈਆਂ ਹਨ। ਹਾਲਾਂ ਕਿ ਆਮ ਆਦਮੀ ਪਾਰਟੀ ਆਪਣੇ ਨੂੰ ਕੱਟੜ ਇਮਾਨਦਾਰ ਗਿਣਦੀ ਹੈ। ਐਸਾ ਨਹੀਂ ਹੈ ਕਿ ਸਰਕਾਰਾਂ ਜ਼ਮੀਨਾਂ ਨਹੀਂ ਲੈਂਦੀਆਂ, ਸਰਕਾਰਾਂ ਜ਼ਮੀਨਾਂ ਲੈਂਦੀਆਂ ਰਹੀਆਂ ਹਨ, ਲੋਕ ਦਿੰਦੇ ਵੀ ਆਏ ਹਨ, ਸਵਾਲ ਹੈ ਪੈਦਾ ਹੁੰਦਾ ਹੈ ਕਿ ਇਸ ਵਾਰੀ ਰੌਲ਼ਾ ਕਿਉਂ ਪਿਆ ਹੈ?

1955 ਵਿੱਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲਈ 28170 ਏਕੜ ਜ਼ਮੀਨ ਕਿਰਸਾਨਾਂ ਕੋਲੋਂ ਮੁੱਲ ਲਈ ਸੀ। ਇਹ ਜ਼ਮੀਨ ਲੈਣ ਦਾ ਇੱਕ ਬਹੁਤ ਵੱਡਾ ਕਾਰਨ ਦੀ ਇਸ ਧਰਤੀ ਥੱਲੇ ਪਾਣੀ ਬਹੁਤ ਦੂਰ ਸੀ, ਦੂਜਾ ਇਹ ਜ਼ਮੀਨ ਵਾਹੀ ਯੋਗ ਨਹੀਂ ਸੀ। ਚੰਡੀਗੜ੍ਹ ਬਣਾਉਣ ਲਈ ਪੰਜਾਬ ਦੀ ਜ਼ਰਖ਼ੇਜ਼ ਜ਼ਮੀਨ ਨੂੰ ਮਾਹਰਾਂ ਵਲੋਂ ਹੱਥ ਨਹੀਂ ਪਾਇਆ ਗਿਆ ਸੀ। ਹੁਣ ਪੰਜਾਬ ਸਰਕਾਰ ਨੇ ਉਪਜਾਊ ਜ਼ਮੀਨ ਨੂੰ ਹੱਥ ਪਾਇਆ ਹੈ। ਪੰਜਾਬ ਦੀ ਇਸ ਲੈਂਡ ਪੂਲਿੰਗ ਪਾਲਿਸੀ ਨਾਲ ਘੱਟੋ ਘੱਟ ਵੀਹ ਹਜ਼ਾਰ ਕਿਰਸਾਨਾਂ ਤੇ ਹਜ਼ਾਰਾਂ ਖੇਤ ਮਜ਼ੂਦਰਾਂ ਦਾ ਉਜਾੜਾ ਹੋਣਾ ਸੀ। ਜਿੰਨ੍ਹਾਂ ਪਾਸ ਜ਼ਮੀਨ ਨਹੀਂ ਹੈ ਉਹ ਠੇਕੇ ਤੇ ਜ਼ਮੀਨ ਲੈ ਕੇ ਆਪਣੇ ਪਰਿਵਾਰਾਂ ਦੀ ਪਾਲਣਾ ਕਰ ਰਹੇ ਹਨ। ਇਹ ਸਾਰੇ ਪਰਿਵਾਰ ਇੱਕੋ ਝਟਕੇ ਨਾਲ ਉਝੜ ਜਾਣੇ ਸਨ। ਖੇਤੀ ਮਜ਼ਦੂਰ ਕਿਧਰ ਜਾਣਗੇ ਕੋਈ ਉੱਤਰ ਨਹੀਂ ਹੈ। ਪੰਜਾਬ ਵਿਚੋਂ ਬਹੁਤੀ ਇੰਡਸਟਰੀ ਬਾਹਰਲੇ ਸੂਬਿਆਂ ਵਿੱਚ ਚਲੀ ਗਈ ਹੈ।

ਪਹਿਲੀਆਂ ਸਰਕਾਰਾਂ ਵੀ ਜ਼ਮੀਨ ਲੈਂਦੀਆਂ ਸਨ ਅਤੇ ਉਹ ਕਿਰਸਾਨਾਂ ਨੂੰ ਪੂਰਾ ਮੁਆਵਜ਼ਾ ਦਿੰਦੀਆਂ ਸਨ। ਇਸ ਵਾਰੀ ਜੱਗੋਂ ਤੇਰਵੀਂ ਕਰਦਿਆਂ ਕਿਰਸਾਨਾਂ ਨੂੰ ਪਹਿਲਾਂ ਕਿਹਾ ਗਿਆ ਕਿ ਤੁਹਾਨੂੰ 30 ਹਜ਼ਾਰ ਪਰ ਏਕੜ ਠੇਕਾ ਦਿੱਤਾ ਜਾਏਗਾ। ਜਦੋਂ ਵਿਰੋਧ ਹੋਇਆ ਤਾਂ ਠੇਕਾ ਪੰਜਾਹ ਹਜ਼ਾਰ ਕਰ ਦਿੱਤਾ ਗਿਆ। ਜਦੋਂ ਕਿਰਸਾਨਾਂ ਨੇ ਪੂਰੀ ਤਰ੍ਹਾਂ ਸਕੀਮ ਨੂੰ ਨਿਕਾਰਿਆਂ ਤਾਂ ਠੇਕਾ ਇੱਕ ਲੱਖ ਕਰ ਦਿੱਤਾ। ਆਮ ਆਦਮੀ ਪਾਰਟੀ ਦੇ ਸੁਪਰੀਮੋ ਆਪਣੇ ਐਮ.ਐਲ. ਏ ਤੇ ਵਰਕਾਰਾਂ ਨੂੰ ਕਹਿੰਦੇ ਹਨ ਕਿ ਪਿੰਡਾਂ ਵਿੱਚ ਜਾ ਕੇ ਲੈਂਡ ਪੂਲਿੰਗ ਦੇ ਫਾਇਦੇ ਸਮਝਾਓ। ਪੰਜਾਬ ਦੇ ਲੋਕਾਂ ਨੇ ਪਿੰਡਾਂ ਦੇ ਬਾਹਰ ਬੋਰਡ ਲਾ ਦਿੱਤੇ ਹਨ ਕਿ ਸਾਡੇ ਪਿੰਡ ਆਮ ਆਦਮੀ ਪਾਰਟੀ ਦਾ ਕੋਈ ਵੀ ਲੀਡਰ ਨਾ ਆਵੇ। ਆਮ ਆਦਮੀ ਪਾਰਟੀ ਦਾ ਕੋਈ ਵੀ ਵਰਕਰ ਪਿੰਡਾਂ ਵਿੱਚ ਜਾਣ ਦਾ ਹੀਆ ਹੀ ਨਹੀਂ ਕਰ ਰਿਹਾ।

ਲੈਂਡ ਪੂਲਿੰਗ ਦੀ ਇਸ ਨੀਤੀ 'ਤੇ ਇੱਕ ਸਰਸਰੀ ਝਾਤ ਮਾਰੀਏ ਤਾਂ ਇਹ ਸਿੱਧਾ ਕਿਸਾਨਾਂ ਨਾਲ ਧੱਕਾ ਹੀ ਸੀ। ਸਰਕਾਰ ਜ਼ਮੀਨ ਮਾਲਕ ਨੂੰ ਇਕ ਕਿੱਲੇ

ਪਿੱਛੇ ਇੱਕ ਹਜ਼ਾਰ ਦਾ ਪਲਾਟ ਤੇ ਇਕ 200 ਗਜ਼ ਵਪਾਰਕ ਪਲਾਟ ਦੇਵੇਗੀ ਭਾਵ ਦੋ ਕਨਾਲ ਜ਼ਮੀਨ ਕਿਰਸਾਨ ਨੂੰ ਦੇ ਕੇ ਛੇ ਕਨਾਲਾਂ ਜ਼ਮੀਨ ਫਰੀ ਵਿੱਚ ਲਏਗੀ। ਜਿਹੜਾ ਠੇਕਾ ਮਿਲਣਾ ਹੈ, ਉਹ ਕੇਵਲ ਤਿੰਨ ਸਾਲ ਲਈ ਮਿਲੇਗਾ। ਅਗਾਂਹ ਕੁਝ ਨਹੀਂ ਮਿਲੇਗਾ। ਛੇ ਕਨਾਲਾਂ ਦਾ ਵੀ ਕੁਝ ਨਹੀਂ ਮਿਲਣਾ। ਹੈਰਾਨਗੀ ਦੀ ਗੱਲ ਦੇਖੋ ਜਿਹੜੀਆਂ ਸੜਕਾਂ ਆਦਿ ਬਣਨੀਆਂ ਹਨ, ਉਸਦੇ ਵਿਕਾਸ ਵਿੱਚ ਕਿਰਸਾਨ ਨੂੰ 60% ਹਿੱਸਾ ਪਾਉਣਾ ਪਏਗਾ।

ਹੁਣ ਦੂਜਾ ਪੱਖ ਦੇਖੋ ਜਿਹੜੀਆਂ ਪਹਿਲਾਂ ਜ਼ਮੀਨਾਂ ਸਰਕਾਰਾਂ ਨੇ ਲਈਆਂ ਸਨ ਉਨ੍ਹਾਂ ਦਾ ਕੀ ਬਣਿਆ—ਉਹ ਲਗਪਗ ਅਮੀਰਾਂ ਕੋਲ ਚਲੀਆਂ ਗਈਆਂ ਹਨ—ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਚਰਨਜੀਤ ਭੁੱਲਰ ਦੀ ਰਿਪੋਰਟ ਅਨੁਸਾਰ—ਫ਼ਰੀਦਕੋਟ, ਬੁਡਲਾਡਾ ਤੇ ਜਗਰਾਉਂ 'ਚ ਸਾਲ 1988 ਨੂੰ ਕਿਰਸਾਨਾਂ ਤੋਂ ਐਕੁਆਇਰ ਕੀਤੀਆਂ ਜ਼ਮੀਨਾਂ ਦੇ ਇੰਤਕਾਲ ਹੁਣ ਨਵੇਂ ਅਦਾਰਿਆਂ ਦੇ ਨਾਮ ਹਨ। ਹੁਣ ਜਦੋਂ ਨਵੀਂ ਲੈਂਡ ਪੂਲਿੰਗ ਪਾਲਿਸੀ ਆਈ ਹੈ ਤਾਂ ਪੁਰਾਣੀਆਂ ਲਈਆਂ ਜ਼ਮੀਨਾਂ ਦਾ ਹਿਸਾਬ ਕਿਤਾਬ ਉਗੜਨਾ ਸ਼ੁਰੂ ਹੋਇਆ ਹੈ। ਫ਼ਰੀਦਕੋਟ ਵਿੱਚ ਗੰਨਾ ਮਿਲ ਲਈ 138 ਏਕੜ ਜ਼ਮੀਨ 80 ਹਜ਼ਾਰ ਰੁਪਏ ਦੇ ਹਿਸਾਬ ਨਾਲ ਪ੍ਰਤੀ ਏਕੜ ਐਕੁਆਇਰ ਕੀਤੀ ਸੀ। ਖੰਡ ਮਿੱਲ ਨੂੰ ਤਾਲਾ ਲੱਗ ਗਿਆ 70 ਏਕੜ ਜ਼ਮੀਨ ਪੁੱਡਾ ਦੇ ਹਵਾਲੇ ਕਰ ਦਿੱਤੀ ਗਈ। ਪੁੱਡਾ ਨੇ ਆਲੀਸ਼ਾਨ ਕਲੋਨੀ ਉਸਾਰਨ ਦਾ ਐਲਾਨ ਕੀਤਾ ਜੋ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ, ਹੁਣ ਉਹ ਜ਼ਮੀਨ ਉਦਯੋਗ ਵਿਭਾਗ ਨੂੰ ਦਿੱਤੀ ਹੈ। ਬੁੱਡਲਾਡਾ ਖੰਡ ਮਿੱਲ ਲਈ 107 ਏਕੜ ਜ਼ਮੀਨ 18000 ਹਜ਼ਾਰ ਦੇ ਹਿਸਾਬ ਨਾਲ ਖਰੀਦੀ ਸੀ। ਖੰਡ ਮਿੱਲ ਬੰਦ ਹੋ ਗਈ, ਜ਼ਮੀਨ ਪੁੱਡਾ ਨੇ ਲੈ ਲਈ ਤੇ ਇਹ ਪ੍ਰੋਜੈਕਟ ਫੇਲ੍ਹ ਹੋ ਗਿਆ। ਹੁਣ ਇਸ ਵਿਚੋਂ 51 ਏਕੜ ਪੰਜਾਬ ਮੰਡੀ ਬੋਰਡ ਨੂੰ ਦਿੱਤੀ ਗਈ ਹੈ। ਇਹ ਜ਼ਮੀਨਾਂ ਸੋਨਾ ਉਗ਼ਲਦੀਆਂ ਸਨ ਹੁਣ ਕੰਕਰੀਟ ਵਿੱਚ ਤਬਦੀਲ ਹੋ ਗਈਆਂ ਹਨ। ਜਗਰਾਓ ਖੰਡ ਮਿੱਲ ਲਈ 94 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ, ਜਿੱਥੇ ਪੁੱਡਾ ਨੇ ਹੁਣ ਕਲੋਨੀ ਕੱਟੀ ਤਾਂ ਜ਼ਰੂਰ ਹੈ ਪਰ ਉਹ ਪ੍ਰੋਜੈਕਟ ਅਸਫਲ ਰਿਹਾ। ਵੇਰਵਿਆਂ ਅਨੁਸਾਰ ਅਕਾਲੀ ਭਾਜਪਾ ਗੱਠਜੋੜ ਸਰਕਾਰ ਸਮੇਂ ਚਾਰ ਤਾਪ ਬਿਜਲੀ ਘਰਾਂ ਲਈ 5136 ਏਕੜ ਜ਼ਮੀਨ ਐਕੁਆਇਰ ਹੋਈ ਸੀ। ਮਾਨਸਾ ਜ਼ਿਲ੍ਹੇ ਦੇ ਕਈ ਕਿਰਸਾਨਾਂ ਨੂੰ ਪੰਜਾਬ ਛੱਡਣਾ ਪਿਆ ਤੇ ਰਾਜਸਤਾਨ ਵਿੱਚ ਜਾ ਕੇ ਖੇਤੀ ਕਰ ਰਹੇ ਹਨ।

ਜ਼ੀਰਾ ਖੰਡ ਮਿੱਲ ਲਈ 60 ਏਕੜ ਜ਼ਮੀਨ ਲਈ ਸੀ (40 ਏਕੜ ਸਾਵਣ ਮੱਲ ਟ੍ਰਸੱਟ ਨੇ ਦਾਨ ਕੀਤੀ ਸੀ) ਹੁਣ ਮਿੱਲ ਬੰਦ ਪਈ ਹੈ। ਸ਼ੇਰੋਂ ਖੰਡ ਮਿੱਲ ਲਈ 100 ਏਕੜ ਜ਼ਮੀਨ ਲਈ ਰੱਖੜਾ ਪਿੰਡ ਵਿੱਚ ਖੰਡ ਮਿੱਲ ਲਈ 350 ਏਕੜ ਜ਼ਮੀਨ ਲਈ ਸੀ, ਪਰ ਇਨ੍ਹਾਂ ਦੋਹਾਂ ਖੰਡ ਮਿੱਲਾਂ ਨੂੰ ਜਿੰਦਰੇ ਲੱਗੇ ਹੋਏ ਦਿਸਦੇ ਹਨ। ਸੰਧਵਾਂ, ਮਲੋਟ, ਅਬੋਹਰ, ਮਾਨਸਾ, ਬਠਿੰਡਾ ਤੇ ਗੋਇੰਦਵਾਲ ਕਤਾਈ ਮਿੱਲਾਂ ਲਈ ਜ਼ਮੀਨ ਸਰਕਾਰ ਨੇ ਲਈ ਸੀ, ਹੁਣ ਇਹ ਜ਼ਮੀਨਾਂ ਪ੍ਰਾਈਵੇਟ ਫਰਮਾਂ ਜਾਂ ਪ੍ਰਾਈਵੇਟ ਕਲੋਨਾਈਜ਼ਰ ਦੇ ਨਾਮ ਬੋਲਦੀਆਂ ਹਨ।

ਕੈਪਟਨ ਸਰਕਾਰ ਨੇ ਟਰਾਈਡੈਂਟ ਗਰੁੱਪ ਲਈ 376 ਏਕੜ ਤਿੰਨ ਪਿੰਡਾਂ ਦੀ ਜ਼ਮੀਨ 2006 ਵਿਚ ਬਰਨਾਲਾ ਵਿਖੇ ਪੁਲੀਸ ਦੀ ਤਾਕਤ ਨਾਲ ਐਕੁਆਇਰ ਕੀਤੀ ਸੀ। ਅੱਜ ਤੱਕ ਖੰਡ ਮਿੱਲ ਤਾਂ ਨਹੀਂ ਲੱਗੀ ਪਰ ਕਿਰਸਾਨ ਥ੍ਰੀ ਵੀਲਰ ਚਲਾਉਣ ਲਈ ਮਜ਼ਬੂਰ ਹੋਏ ਹਨ। ਮਾਨਸਾ ਪਿੰਡ ਗੋਬਿੰਦਪੁਰਾ 'ਚ ਬੁੱਲਜ ਲਿਮਟਿਡ ਲਈ 871 ਏਕੜ ਜ਼ਮੀਨ ਪੁਲੀਸ ਦੀ ਤਾਕਤ ਨਾਲ ਅਕਤੂਬਰ 2010 ਵਿੱਚ ਸਰਕਾਰ ਨੇ ਐਕੁਆਇਰ ਕੀਤੀ, ਪਰ ਤਾਪ ਬਿਜਲੀ ਘਰ ਅੱਜ ਤੱਕ ਨਹੀਂ ਬਣਿਆ। ਮਾਨਸਾ ਜ਼ਮੀਨ ਦੇਣ ਵਾਲੇ ਕਈ ਕਿਰਸਾਨਾਂ ਨੂੰ ਪੰਜਾਬ ਛੱਡਣਾ ਪਿਆ। 1968-69 ਵਿੱਚ ਬਠਿੰਡਾ 2200 ਏਕੜ ਜ਼ਮੀਨ ਐਕੁਆਇਰ ਕੀਤੀ ਹੁਣ ਕਲੋਨੀ ਕੱਟਣ ਦੀ ਤਿਆਰੀ ਖਿੱਚੀ ਹੋਈ ਹੈ। ਇਹ ਇੱਕ ਲੰਮੀ ਦਾਸਤਾਂ ਹੈ।

ਲੈਂਡ ਪੂਲਿੰਗ ਪਾਲਿਸੀ ਦਾ ਸਮਾਜਿਕ ਪ੍ਰਭਾਵ ਸਰਵੇਖਣ ਵਾਲਾ ਪਹਿਲੂ ਵੀ ਚਰਚਾ ਦੀ ਮੰਗ ਕਰਦਾ ਸੀ। ਪੰਜਾਬ ਸਰਕਾਰ ਨੇ ਕੇਂਦਰੀ ਕਾਨੂੰਨ 2013 ਦੀ ਵੀ ਉਲੰਘਣਾ ਕੀਤੀ ਹੈ। ਪੰਜਾਬ ਸਰਕਾਰ ਨੇ ਇਸ ਸਕੀਮ ਵਿੱਚ ਸਰੇਵਖਣ ਨੂੰ ਦਰਕਿਨਾਰ ਹੀ ਕਰ ਦਿੱਤਾ ਹੈ। ਸਕੀਮ ਲਾਗੂ ਹੋਣ ਮਗਰੋਂ ਓੱਥੋਂ ਦੇ ਬੇਜ਼ਮੀਨੇ ਲੋਕ, ਖੇਤੀ ਮਜ਼ਦੂਰ, ਕਾਰੀਗਰ, ਛੋਟੇ ਵਪਾਰੀ, ਦੁਕਾਨਦਾਰ, ਕਿਰਾਏਦਾਰਾਂ, ਆਮ ਮਜ਼ਦੂਰ ਤੇ ਕੀ ਪ੍ਰਭਾਵ ਪੈਣਗੇ? ਖੇਤੀ ਨਾ ਹੋਣ ਕਰਕੇ, ਸਰੀਰਕ, ਮਾਨਸਿਕ, ਵਾਤਾਵਰਣ, ਆਰਥਿਕ, ਸਮਾਜਿਕ, ਵਪਾਰਕ, ਵਿਦਿਅਕ ਕੀ ਪ੍ਰਭਾਵ ਹੋਣਗੇ?

ਕਿੰਨੇ ਟ੍ਰੈਕਟਰ, ਖੇਤੀ ਨਾਲ ਸਬੰਧਿਤ ਸੰਦ, ਖੇਤੀ 'ਤੇ ਨਿਰਭਰ ਦੁਕਾਨਾਂ, ਮੰਡੀਆਂ, ਤਾਜ਼ਾ ਸਬਜ਼ੀਆਂ, ਤਾਜ਼ਾ ਦੁੱਧ, ਦੁੱਧ ਨਾਮ ਸਬੰਧਿਤ ਦੋਧੀ, ਵੇਰਕਾ, ਅਮੁੱਲ ਵਗਰੀਆਂ ਸੰਸਥਾਵਾਂ ਨੂੰ ਵਿਕਦਾ ਦੁੱਧ, ਸ਼ਹਿਰਾਂ ਵਿੱਚ ਡੇਅਰੀਆਂ ਲਈ ਆਉਂਦਾ ਚਾਰਾ ਕਿਥੋਂ ਮਿਲੇਗਾ? ਜੇ ਦੂਰੋਂ ਚਾਰਾ ਆਏਗਾ ਤਾਂ ਮਹਿੰਗਈ ਵਧੇਗੀ। ਹੋਰ ਛੋਟੇ ਮੋਟੇ ਖੇਤੀ ਨਾਲ ਸਬੰਧ ਰੱਖਦੇ ਕਾਰੋਬਾਰ ਕਰਨ ਵਾਲੇ ਕਿੱਥੇ ਜਾਣਗੇ? ਲੈਂਡ ਪੂਲਿੰਗ ਸਕੀਮ ਨਾਲ ਜਿਹੜੇ ਪ੍ਰਭਾਵਤ ਹੋਣਗੇ ਉਹਨਾਂ ਦੇ ਮੁੜ ਵਸੇਬਾ ਦਾ ਕੀ ਪ੍ਰਬੰਧ ਕੀਤਾ ਹੈ? ਸਭ ਤੋਂ ਵੱਡਾ ਸਵਾਲ ਹੈ ਕਿਰਸਾਨਾਂ ਕੋਲੋਂ ਜ਼ਮੀਨ ਖੋਹ ਕੇ ਇਥੇ ਵਸਾਉਣਾ ਕਿੰਨ੍ਹਾਂ ਨੂੰ ਹੈ? ਭਾਈ ਕੇਜਰੀਵਾਲ ਤੇ ਇਸ ਨੂੰ ਸਲਾਹਾਂ ਦੇਣ ਵਾਲੇ ਪੰਜਾਬ ਦੀ ਧਰਾਤਲ ਨਹੀਂ ਸਮਝ ਰਹੇ। ਪੰਜਾਬੀ ਤਾਂ ਜ਼ਮੀਨ ਪਿੱਛੇ ਸਕੇ ਭਰਾ, ਬਾਪ ਦਾ ਕਤਲ ਕਰ ਦਿੰਦੇ ਹਨ ਇਹ ਫਿਰ ਸਾਰੀ ਜ਼ਮੀਨਾਂ ਦੀ ਗੱਲ ਹੈ। ਪੰਜਾਬੀਆਂ ਕੋਲੋਂ ਜ਼ਮੀਨ ਪ੍ਰਾਪਤ ਕਰਨੀ "ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ"।

ਇਹ ਠੀਕ ਹੈ ਪ੍ਰਾਈਵੇਟ ਕਲੋਨੀਆਂ ਕੱਟੀਆਂ ਹਨ, ਜਿੰਨ੍ਹਾਂ ਵਿੱਚ ਸੁੱਖ ਸਹੂਲਤਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕੀਤਾ ਗਿਆ। ਇਹ ਸਰਕਾਰ ਦੀ ਅਣਗਹਿਲੀ ਤੇ ਕਲੋਨਾਈਜ਼ਰਾਂ ਦੀ ਸਰਕਾਰੀ ਤਾਣੇ ਪੇਟੇ ਨਾਲ ਮਿਲੀ ਭੁਗਤ ਹੈ। ਲੈਂਡ ਪੂਲਿੰਗ ਵਾਲੀ ਸਕੀਮ ਸਵਾਏ ਖੱਜਰ ਖੁਆਰੀ ਤੋਂ ਵੱਧ ਕੁਝ ਵੀ ਨਹੀਂ ਸੀ। ਖੇਤ ਨਹੀਂ, ਪੰਜਾਬ ਨਹੀਂ, ਫਸਲਾਂ ਨਹੀਂ, ਨਸਲਾਂ ਨਹੀਂ। ਏਡੀ ਵੱਡੀ ਪੱਧਰ 'ਤੇ ਜ਼ਮੀਨ ਲੈਣ ਨਾਲ ਪੰਜਾਬ ਦੀ ਬਰਬਾਦੀ ਹੀ ਹੋਣੀ ਸੀ। ਜਾਪਦਾ ਹੈ ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਦਾ ਰਾਹ ਸੌਖਾ ਕਰ ਰਹੀ ਹੈ।

ਸਾਡੇ ਜ਼ਮਾਨੇ ਵਿੱਚ ਆਮ ਮੁਹਾਵਰਾ ਜਿਹਾ ਬਣ ਗਿਆ ਸੀ ਕਿ ਫੱਗੂ ਹੁਣ ਕਿਉਂ ਰੋਂਨਾ ਏਂ, ਗੱਲੀ ਬਾਤੀਂ ਨਹਿਰ ਦਿਆਂਗੇ ਓੱਥੇ ਲਾ ਲਈਂ ਝੋਨਾ ਉਏ।

ਜ਼ਮੀਨ ਲੈਣ ਸਬੰਧੀ ਜਿਹੜੇ ਤੱਥ ਪਰਦੇ ਪਿੱਛੇ ਛੁਪੇ ਹਨ, ਉਨ੍ਹਾਂ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਹਰ ਪਾਰਟੀ ਚਾਹੁੰਦੀ ਹੈ ਕਿ ਸਰਕਾਰੀ ਪੈਸੇ ਦੀ ਸਹੂਲਤ ਦੇ ਕੇ ਵੋਟਾਂ ਲਈਆਂ ਜਾਣ। ਸੁਣਨ ਵਿੱਚ ਆਉਂਦਾ ਹੈ ਕਿ ਸਰਕਾਰ ਸਾਰੀ ਜ਼ਮੀਨ 'ਤੇ ਕਰਜ਼ਾ ਲੈ ਕੇ ਵੋਟਾਂ ਲੈਣ ਲਈ ਕੋਈ ਵਿਉਂਤਬੰਦੀ ਕਰਦੀ ਹੈ। ਸਮਝਿਆ ਜਾ ਸਕਦਾ ਹੈ ਕਿ ਔਰਤਾਂ ਨੂੰ 1100 ਦੇਣ ਦਾ ਐਲਾਨ ਤਾਂ ਜ਼ਰੂਰ ਕੀਤਾ ਸੀ ਪਰ ਸਰਕਾਰ ਕੋਲ ਪੈਸੇ ਨਹੀਂ ਹਨ। ਪੈਸੇ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਹੀ ਪੂਰੇ ਕੀਤੇ ਜਾ ਸਕਦੇ। ਜੇ ਸਰਕਾਰ ਮੁੱਲ ਜ਼ਮੀਨ ਲੈਂਦੀ ਹੈ ਤਾਂ ਕਿਰਸਾਨਾਂ ਨੂੰ ਪੈਸੇ ਦੇਣੇ ਪੈਣੇ ਹਨ। ਸਰਕਾਰ ਕੋਲ ਕਿਰਸਾਨਾਂ ਨੂੰ ਪੈਸੇ ਦੇਣ ਦਾ ਵੀ ਪ੍ਰਬੰਧ ਨਹੀਂ ਹੈ, ਕਿਉਂਕਿ ਪੰਜਾਬ ਸਿਰ ਦਿਨ-ਬ-ਦਿਨ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਪੰਜਾਬ ਸਰਕਾਰ ਦੋ ਕਨਾਲ ਦਾ ਲਾਲੀਪੋਪ ਦੇ ਕੇ ਛੇ ਕਨਾਲਾਂ ਮੁਫ਼ਤ ਵਿੱਚ ਜ਼ਮੀਨ ਪ੍ਰਾਪਤ ਕਰਨੀ ਚਾਹੁੰਦੀ ਹੈ। ਕੇਜਰੀਵਾਲ ਨੂੰ ਕੌਣ ਸਮਝਾਵੇ ਇਹ ਲੋਕ ਥੋੜ੍ਹੀ ਕੀਤਿਆ ਕਬਜ਼ਾ ਨਹੀਂ ਛੱਡਦੇ ਤੇ ਇਹ ਪਿਓ ਦਾਦੇ ਦੀ ਜ਼ਮੀਨ ਨੂੰ ਮੁਫ਼ਤ ਵਿੱਚ ਕਿੱਦਾਂ ਛੱਡ ਦੇਣਗੇ। ਪੰਜਾਬ ਤੋਂ ਚੁਣੇ ਹੋਏ ਆਮ ਆਦਮੀ ਪਾਰਟੀ ਦੇ ਐਮ. ਐਲ. ਏ. ਤੇ ਐਮ. ਪੀ ਪਤਾ ਨਹੀਂ, ਕਿਉਂ ਮੂੰਹ ਵਿੱਚ ਘੁੰਙਣੀਆਂ ਪਾ ਕੇ ਬੈਠੇ ਹਨ। ਪੰਜਾਬ ਦੇ ਪੁੱਤ ਹੋਣ ਦੀ ਜਾਪਦੀ ਹੈ, ਅਣਖ ਹੀ ਖਤਮ ਹੋ ਚੁੱਕੀ ਹੈ। ਅਸੀਂ ਆਮ ਆਦਮੀ ਪਾਰਟੀ ਨੂੰ ਸੁਝਾਅ ਦੇਵਾਂਗੇ ਕਿ ਪੰਜਾਬ ਪ੍ਰਤੀ ਕੋਈ ਫੈਸਲਾ ਲੈਣਾ ਹੈ ਤਾਂ ਪੂਰੀ ਤਰ੍ਹਾਂ ਪੰਜਾਬ ਦੀ ਰੂਹ ਨੂੰ ਸੋਚ ਸਮਝ ਕੇ ਲਿਆ ਜਾਏ।

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ 'ਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ। ਇਸ ਕੇਸ ਵਿੱਚ ਅਦਾਲਤ ਨੇ

ਪੰਜਾਬ ਸਰਕਾਰ ਨੂੰ ਪੁੱਛਿਆ ਕਿ ਕੀ ਨੀਤੀ ਵਿੱਚ ਭੂਮੀਹੀਣ ਮਜ਼ਦੂਰਾਂ ਦੇ ਮੁੜ ਵਸੇਬੇ ਲਈ ਕੋਈ ਉਪਬੰਧ ਹੈ। ਸਨਮਾਨ ਯੋਗ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਕਿ ਕੀ ਸਰਕਾਰ ਨੇ ਲੈਂਡ ਪੂਲਿੰਗ ਦੀ ਨੀਤੀ ਨੂੰ ਲਾਗੂ ਕਰਨ ਤੋਂ ਪਹਿਲਾਂ ਸਮਾਜਿਕ ਪ੍ਰਭਾਵ ਦਾ ਮੁਲਾਂਕਣ ਕੀਤਾ ਹੈ ਤਾਂ ਸਰਕਾਰੀ ਧਿਰ ਦੇ ਵਕੀਲਾਂ ਨੇ ਨਾਂਹ ਵਿੱਚ ਸਿਰ ਹਿਲਾਇਆ।

ਸਭ ਤੋਂ ਅਹਿਮ ਪਹਿਲੂ ਕਿ ਜੋ 2013 ਵਿੱਚ ਲੈਂਡ ਪੂਲਿੰਗ ਪਾਲਿਸੀ ਬਣਾਈ ਗਈ ਸੀ ਉਸ ਨੂੰ ਬਿਲਕੁਲ ਦਰਕਿਨਾਰ ਕੀਤਾ ਗਿਆ ਹੈ।

ਲੇਖ ਲਿਖਦਿਆਂ 11-8-25 ਸ਼ਾਮ ਨੂੰ ਖਬਰ ਆਈ ਹੈ ਕਿ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਵਾਪਸ ਲੈ ਲਈ ਹੈ। ਚੰਗੀ ਗੱਲ ਕੀਤੀ ਹੈ, ਕਿਹਾ ਜਾ ਸਕਦਾ ਹੈ ਕਿ ਸੁੱਖ ਦਾ ਬੁੱਲਾ ਆਇਆ ਹੈ। ਕਿਰਸਾਨ ਜੱਥੇਬੰਦੀਆਂ ਨੇ ਸਾਫ਼ ਕਿਹਾ ਹੈ ਜਿਸ ਤਰ੍ਹਾਂ ਕੈਬਨਿਟ ਵਿੱਚ ਬਿੱਲ ਪਾਸ ਕੀਤਾ ਹੈ, ਓਸੇ ਤਰ੍ਹਾਂ ਇਸ ਨੂੰ ਕੈਬਨਿਟ ਵਿੱਚ ਪਾਸ ਕਰੋ, ਜ਼ਬਾਨੀ ਗੱਲ ਨਹੀਂ ਮੰਨੀ ਜਾ ਸਕਦੀ।

ਜਿਸ ਤਰ੍ਹਾਂ ਅਸਾਂ ਆਰੰਭ ਵਿੱਚ ਲਿਖਿਆ ਹੈ ਕਿ ਪੰਜਾਬ ਨੂੰ ਇੱਕ ਮਜ਼ਬੂਤ ਖੇਤਰੀ ਪਾਰਟੀ ਦੀ ਜ਼ਰੂਰਤ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਖੇਤਰੀ ਪਾਰਟੀ ਵਾਲਾ ਰੁਤਬਾ ਗਵਾ ਚੁੱਕੀ ਹੈ। ਕਲ੍ਹ 11-8-25 ਨੂੰ ਅਕਾਲ ਤਖਤ ਵਲੋਂ ਬਣਾਈ ਭਰਤੀ ਕਮੇਟੀ ਦੁਆਰਾ ਜੱਥੇਦਾਰ ਹਰਪ੍ਰੀਤ ਸਿੰਘ ਨੂੰ ਨਵੇਂ ਬਣੇ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਉਨ੍ਹਾਂ ਨਾਲ ਇੱਕ ਵੱਖਰੀ ਧਾਰਮਿਕ ਕੌਂਸਲ ਦੇ ਚੇਅਰਪਰਸਨ ਬੀਬੀ ਸਤਵੰਤ ਕੌਰ ਨੂੰ ਲਗਾਇਆ ਹੈ। ਤਿੰਨ ਦਹਾਕਿਆਂ ਬਾਅਦ ਨੀਲੀਆਂ ਪੱਗਾਂ ਤੇ ਪੰਥਕ ਸਰੋਕਾਰਾਂ ਵਾਲਾ ਅਕਾਲੀ ਦਲ ਦਾ ਇਕੱਠ ਦੇਖਣ ਨੂੰ ਮਿਲਿਆ ਹੈ। ਸਾਡੀ ਦਿਲੀ ਤਮੰਨ੍ਹਾ ਹੈ ਕਿ ਨਵਾਂ ਬਣਿਆ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਖੇਤਰੀ ਪਾਰਟੀ ਬਣ ਕੇ ਪੰਥਕ ਸਰੋਕਾਰਾਂ ਤੇ ਪੰਜਾਬ ਦੇ ਹਿੱਤਾਂ ਦੀ ਪੂਰਤੀ ਲਈ ਕੰਮ ਕਰੇ---

ਹਵਾ ਕੇ ਸਾਥ ਭੀ
ਰਿਸ਼ਤੇ ਬੜੇ ਪੁਰਾਨੇ ਹੈਂ,
ਮਗਰ ਚਰਾਗ ਤੋ
ਹਰ ਹਾਲ ਮੇਂ ਜਲਾਨੇਂ ਹੈਂ।

-0-

# ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

**-ਰੁਪਿੰਦਰ ਸਿੰਘ ਕਾਲਖ਼**

ਜਦੋਂ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰ ਸਿਧਾਂ ਨਾਲ ਹੋਈ ਸੀ ਤਾਂ ਸਿਧਾਂ ਨੇ ਬਾਬੇ ਨੂੰ ਪ੍ਰਸ਼ਨ ਕੀਤਾ ਸੀ ਕਿ ਤੁਹਾਡਾ ਗੁਰੂ ਕੌਣ ਹੈ ਤੇ ਬਾਬੇ ਨੇ ਜਵਾਬ ਦਿੱਤਾ ਸੀ 'ਸ਼ਬਦ ਗੁਰੂ' । ਓਹੀ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਕੋਲ ਮੌਜੂਦ ਹੈ ।

ਗੁਰੂ ਗ੍ਰੰਥ ਸਾਹਿਬ ਸਿਖਾਂ ਲਈ ਕੇਵਲ ਇਕ ਧਰਮ ਗ੍ਰੰਥ ਹੀ ਨਹੀਂ, ਸਗੋਂ ਜ਼ਾਹਰਾ ਜ਼ਹੂਰ, ਦਸਾਂ ਪਾਤਸ਼ਾਹੀਆਂ ਦੀ ਜੋਤ। ਇਹ ਗ੍ਰੰਥ ਆਮ ਤੌਰ 'ਤੇ ਪੰਜਾਬੀਆਂ ਅਤੇ ਵਿਸ਼ੇਸ਼ ਤੌਰ ਤੇ ਸਾਰੀ ਦੁਨੀਆਂ ਵਿੱਚ ਵਸੇ ਸਿਖਾਂ ਦੇ ਮਨਾਂ ਉਪਰ ਰਾਜ ਕਰਦਾ ਆ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਪੜ੍ਹਨ, ਸੁਣਨ, ਗਾਉਣ, ਵਿਚਾਰਨ ਅਤੇ ਉਸ ਅਨੁਸਾਰ ਜੀਵਨ ਬਤੀਤ ਕਰਨ ਦੀ ਗੱਲ ਤਾਂ ਵਾਰ ਵਾਰ ਕੀਤੀ ਗਈ ਹੈ ਪਰ ਗੁਰਬਾਣੀ ਨੂੰ ਪੂਜਣ ਦਾ ਇਕ ਵੀ ਹਵਾਲਾ ਨਹੀਂ ਮਿਲਦਾ, ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਅਸਲ ਸਤਿਕਾਰ ਗੁਰਬਾਣੀ ਮੁਤਾਬਿਕ ਜੀਵਨ ਜਿਉਣਾ ਹੈ।

ਜਦੋ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸ ਗੁਰੂਆਂ ਦੀ ਜੋਤ ਕਹਿੰਦੇ ਹਾਂ ਤਾਂ ਇਸਦਾ ਕੇਵਲ ਇਹੀ ਭਾਵ ਹੁੰਦਾ ਹੈ ਕਿ ਇਸ ਮਹਾਨ ਗ੍ਰੰਥ ਵਿੱਚ ਦਸਾਂ ਗੁਰੂਆਂ ਦੀ ਸੇਧ ਅਤੇ ਵਿਚਾਰਧਾਰਾ ਦਰਜ ਹੈ। ਇਸ ਸੇਧ ਨੂੰ ਆਪਣਾ ਕੇ ਹੀ ਅਸੀਂ ਆਪਣਾ ਮਨੁੱਖਾ ਜੀਵਨ ਸੰਵਾਰ ਸਕਦੇ ਹਾਂ।

ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਭ ਤੋਂ ਸ੍ਰੇਸ਼ਟ ਫਰਜ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਭਾਵੇਂ ਕੁੱਝ ਵੀ ਹੋਵੇ ਉਸਦਾ ਸਤਿਕਾਰ ਇਕ ਹੀ ਮਰਿਯਾਦਾ ਨਾਲ ਕੀਤਾ ਜਾਂਦਾ ਹੈ, ਇਥੋਂ ਤੱਕ ਕੀ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਵੀ ਵਿਸ਼ੇਸ਼ ਮਰਿਯਾਦਾ ਨਾਲ ਸੰਭਾਲੇ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਿਰ ਢਕਿਆ ਜਾਂਦਾ ਹੈ।

ਗੁਰਬਾਣੀ ਪੜ੍ਹਨ ਸਮੇਂ ਇਸ਼ਨਾਨ ਕਰਨਾ ਜਾਂ ਹੱਥ ਮੂੰਹ ਸਾਫ਼ ਕਰਨਾ ਪਹਿਲਾ ਫ਼ਰਜ਼ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਗੁਟਕਿਆਂ ਨੂੰ ਭੁੰਜੇ ਨਹੀਂ ਰੱਖਣਾ, ਹਮੇਸ਼ਾਂ ਕਿਸੇ ਉੱਚੀ ਅਤੇ ਸਾਫ਼ ਕਪੜੇ ਤੇ ਰੱਖ ਕੇ ਪੜ੍ਹਨਾ।

ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਤੇ ਚੰਦੋਆ ਤਾਣਿਆ ਜਾਂਦਾ ਹੈ।

ਜਦੋਂ ਸੰਗਤ ਹੋਵੇ ਓਦੋ ਚੌਰ ਝੁਲਾਇਆ ਜਾਂਦਾ ਹੈ।

ਗੁਟਕੇ ਪੋਥੀਆਂ ਨੂੰ ਵੀ ਰੁਮਾਲ ਵਿਚ ਸੰਭਾਲਿਆ ਜਾਂਦਾ ਹੈ।

ਸ਼ਾਮ ਵੇਲੇ ਨਿਤਨੇਮ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਸੁਖ ਆਸਨ ਕਰਕੇ ਪਲੰਘ ਤੇ ਨਿਵਾਜਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਸਮੇਂ ਘੱਟੋ ਘੱਟ ਪੰਜ ਸਿੱਖ ਨਾਲ ਹੋਣੇ ਲਾਜ਼ਮੀ ਹਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨੰਗੇ ਪੈਰੀ ਜਾਣਾ ਚਾਹੀਦਾ ਹੈ।

ਇਤਿਹਾਸ ਦੀ ਇਕ ਘਟਨਾ ਹੈ ਕਿ ਜਦੋਂ ਔਰੰਗਜੇਬ ਨੂੰ ਵਿਰੋਧੀਆਂ ਨੇ ਸਿੱਖ ਧਰਮ ਬਾਰੇ ਕੁਬੋਲ ਬੋਲ ਬੋਲੇ ਤੇ ਇਸਲਾਮ ਲਈ ਖਤਰਾ ਦੱਸਿਆ ਤਾਂ ਉਸਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਦਿੱਲੀ ਸੱਦਾ ਭੇਜਿਆ। ਸਤਿਗੁਰੂ ਜੀ ਨੇ ਆਪਣੀ ਥਾਂ ਆਪਣੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਜੀ ਨੂੰ ਭੇਜਿਆ, ਭਾਵੇਂ ਰਾਮ ਰਾਇ ਛੋਟੀ ਉਮਰ ਦੇ ਹੀ ਸਨ ਪਰ ਉਹਨਾਂ ਨੇ ਆਪਣੇ ਮਿੱਠੇ ਸੁਭਾਅ ਨਾਲ, ਆਪਣੀ ਸੁੰਦਰ ਅਕਲ ਨਾਲ ਔਰੰਗਜੇਬ ਨੂੰ ਬਹੁਤ ਪ੍ਰਭਾਵਿਤ ਕਰ ਲਿਆ। ਬਾਬਾ ਰਾਮ ਰਾਇ ਦੇ ਨਾਂ ਦਾ ਏਨਾਂ ਆਦਰ ਸਤਿਕਾਰ ਮੁਸਲਮਾਨ ਦਰਬਾਰੀਆਂ ਨੂੰ ਤੇ ਵੱਡੇ ਕਾਜ਼ੀਆਂ ਨੂੰ ਪਸੰਦ ਨਹੀਂ ਸੀ। ਆਖਰ ਉਨਾਂ ਨੇ ਔਰੰਗਜੇਬ ਪਾਸੋਂ ਬਾਬਾ ਜੀ ਉਤੇ ਇਹ ਸਵਾਲ ਕਰਾ ਦਿੱਤਾ ਕਿ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਦੇ ਇਕ ਸਲੋਕ ਵਿਚ **ਮਿੱਟੀ ਮੁਸਲਮਾਨ ਕੀ** ਦਾ ਜ਼ਿਕਰ ਕੀਤਾ ਹੈ। ਤਾਂ ਬਾਬਾ ਰਾਮ ਰਾਇ ਨੇ ਬਣੇ ਸ਼ਾਹੀ ਅਸਰ ਰਸੂਖ਼ ਆਦਰ ਸਤਿਕਾਰ ਨੂੰ ਕਾਇਮ ਰੱਖਣ ਲਈ ਓਥੇ ਇਹ ਉਤਰ ਦੇ ਦਿੱਤਾ ਕਿ ਅਸਲ ਤੁਕ ਸੀ **ਮਿੱਟੀ ਬੇਈਮਾਨ ਕੀ**। ਇਸ ਤਰਾਂ ਇਕ ਤਾਂ ਗੁਰਬਾਣੀ ਦੀ ਨਰਾਦਰੀ ਕਰ ਦਿੱਤੀ, ਦੂਜਾ ਸਾਰੇ ਸਲੋਕ ਦੇ ਭਾਵ ਨੂੰ ਹੀ ਬਦਲ ਦਿੱਤਾ।

ਇਸ ਕੀਤੀ ਗਲਤੀ ਦੇ ਕਾਰਨ ਗੁਰੂ ਹਰਿ ਰਾਇ ਸਾਹਿਬ ਜੀ ਨੇ ਉਹਨਾਂ ਦੀ ਸਦਾ ਲਈ ਦੂਰੀ ਬਣ ਗਈ। ਬਾਣੀ ਦੀ ਨਿਰਾਦਰੀ ਗੁਰੂ ਦੀ ਨਿਰਾਦਰੀ ਹੈ, ਬਾਣੀ ਵੱਲੋਂ ਮੂੰਹ ਫੇਰਨਾ ਗੁਰੂ ਵੱਲੋਂ ਮੂੰਹ ਫੇਰਨਾ ਹੈ।

ਇਕ ਹੁੰਦਾ ਗੁਰੂ ਗ੍ਰੰਥ ਸਾਹਿਬ ਜੀ ਬਾਹਰੀ ਸਤਿਕਾਰ ਜੋ ਆਪਾਂ ਉਪਰ ਗੱਲ ਕਰ ਆਏ ਹਾਂ ਦੂਸਰਾ ਇਹ ਕਿ

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥**

**(669)**

ਭਾਵ ਉਨਾਂ ਦਾ ਗਾਇਆ ਤੇ ਸੁਣਿਆ ਥਾਏਂ ਪੈਂਦਾ ਹੈ ਜਿੰਨਾ ਨੇ ਸਤਿਗੁਰੂ ਜੀ ਦੀ ਆਗਿਆ ਨੂੰ ਸੱਚ ਕਰਕੇ ਮੰਨਿਆ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਜੀਵਨ ਵਿੱਚ ਵਸਾ ਲਿਆ ਹੈ।

ਆਓ ਆਪਾਂ ਸਾਰੇ ਗੁਰਬਾਣੀ ਪੜ੍ਹ ਸਮਝ ਵਿਚਾਰ ਕੇ ਦਿਲ ਵਿੱਚ ਵਸਾਈਏ ਅਤੇ ਸਤਿਗੁਰੂ ਦੇ ਸੱਚੇ ਸਿੱਖ ਬਣੀਏ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ—ਗੁਰਬਾਣੀ ਵਿਚ ਬਾਰ ਬਾਰ ਨਾਮ ਸਿਮਰਣ ਦੀ ਤਾਗ਼ੀਦ ਤੋਂ ਕੀ ਭਾਵ ਹੈ?**

**ਜਵਾਬ**—ਗੁਰਬਾਣੀ ਵਿਚੋਂ ਸਾਨੂੰ ਸਮਝ ਆਉਂਦੀ ਹੈ ਕਿ ਵਾਹਗੁਰੂ ਜੀ ਦੇ ਨਾਮ ਨੂੰ ਆਪਣੇ ਚਿੱਤ ਵਿਚ ਲਿਆਉਣ ਦੀ ਜ਼ਰੂਰਤ ਹੈ। ਜਦੋਂ ਨਾਮ ਚਿੱਤ ਵਿਚ ਆ ਗਿਆ ਤਾਂ ਜ਼ਿੰਦਗੀ ਜਿਉਣ ਦੀ ਸਮਝ ਆ ਜਾਂਦੀ ਹੈ। ਨਾਮ ਸਿਮਰਣ ਦਾ ਭਾਵ ਹਰ ਵੇਲੇ ਇਮਾਨਦਾਰੀ, ਵਫ਼ਾਦਾਰੀ, ਸਦਾਚਾਰੀ, ਸੰਤੋਖੀ, ਹਲੀਮੀ, ਧਰਮ, ਧੀਰਜ, ਉਦਮੀ ਹੋਣਾ ਤੇ ਔਗੁਣਾਂ ਤੋਂ ਦੂਰੀ ਬਣਾ ਕਿ ਚਲਣਾ ਹੀ ਨਾਮ ਸਿਮਰਣ ਹੈ—

**ਸੋ ਵਡਭਾਗੀ ਜਿਸੁ ਨਾਮਿ ਪਿਆਰੁ॥**
**ਤਿਸ ਕੈ ਸੰਗਿ ਤਰੈ ਸੰਸਾਰੁ॥ ਰਹਾਉ॥**
**ਸੋਈ ਗਿਆਨੀ ਜਿ ਸਿਮਰੈ ਏਕ॥**
**ਸੋ ਧਨਵੰਤਾ ਜਿਸੁ ਬੁਧਿ ਬਿਬੇਕ॥**
**ਸੋ ਕੁਲਵੰਤਾ ਜਿ ਸਿਮਰੈ ਸੁਆਮੀ॥**
**ਸੋ ਪਤਿਵੰਤਾ ਜਿ ਆਪੁ ਪਛਾਨੀ॥ (1150)**

**2. ਸਵਾਲ—"ਲਗੈ ਨ ਤਤੀ ਵਾਉ" ਤੋਂ ਕੀ ਭਾਵ ਹੈ?**

**ਜਵਾਬ**—ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 70 'ਤੇ ਇਹ ਵਾਕ ਸੁਭਾਇਮਾਨ ਹੈ। ਇਹ ਅਸਟਪਦੀ ਹੈ ਇਸ ਦੇ ਪਹਿਲੇ ਬੰਦ ਦੀ ਅਖੀਰਲੀ ਅੱਧੀ ਤੁਕ ਹੈ। ਪੂਰਾ ਵਾਕ ਹੇਠਾ ਲਿਖਿਆ ਹੈ—

**ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥**
**ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥ (70)**

**ਅੱਖਰੀਂ ਅਰਥ- ਜਿਸ ਮਨੁੱਖ ਨੂੰ (ਕੋਈ) ਭਾਰੀ ਬਿਪਤਾ ਆ ਪਏ (ਜਿਸ ਤੋਂ ਬਚਣ ਲਈ) ਕੋਈ ਮਨੁੱਖ ਉਸ ਨੂੰ ਸਹਾਰਾ ਨਾਹ ਦੇਵੇ, ਵੈਰੀ ਉਸ ਦੇ ਮਾਰੂ ਬਣ ਜਾਣ, ਉਸ ਦੇ ਸਾਕ-ਸਨਬੰਧੀ ਉਸ ਤੋਂ ਪਰੇ ਦੌੜ ਜਾਣ, ਉਸ ਦਾ ਹਰੇਕ ਕਿਸਮ ਦਾ ਆਸਰਾ ਖ਼ਤਮ ਹੋ ਜਾਏ, ਹਰੇਕ ਤਰ੍ਹਾਂ ਦਾ ਸਹਾਰਾ ਮੁੱਕ ਜਾਏ, ਜੇ ਉਸ (ਬਿਪਤਾ-ਮਾਰੇ) ਮਨੁੱਖ ਦੇ ਹਿਰਦੇ ਵਿਚ ਪਰਮਾਤਮਾ (ਯਾਦ) ਆ ਜਾਏ, ਤਾਂ ਉਸ ਦਾ ਵਾਲ ਭੀ ਵਿੰਗਾ ਨਹੀਂ ਹੁੰਦਾ।1।**

ਤਤੀ ਵਾਉ ਦਾ ਭਾਵ ਅਰਥ ਲਿਆ ਜਾਏਗਾ ਕਿ ਮਨੁੱਖ ਅੰਦਰੋਂ ਨਹੀਂ ਤਪਦਾ ਤੇ ਈਰਖਾ, ਦਵੈਸ਼, ਤ੍ਰਿਸ਼ਨਾ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਆਪਣੇ ਪਰਾਏ ਹੋ ਜਾਣ, ਸਮੱਸਿਆਵਾਂ ਮੂੰਹ ਚੜਾਉਂਦੀਆਂ ਹੋਣ, ਕੋਈ ਢੋਈ ਵੀ ਨਾ ਦੇਵੇ ਤਾਂ ਕੇਵਲ ਮਨੁੱਖ ਦੇ ਸਦਾਚਾਰੀ ਗੁਣ ਹੀ ਉਸ ਨੂੰ ਹੌਂਸਲਾ ਦਿੰਦੇ ਹਨ ਤੇ ਏਸੇ ਹੌਸਲੇ ਨਾਲ ਹੀ ਅੱਗੇ ਵੱਧਦਾ ਹੈ। ਚਿੱਤ ਵਿਚ ਪਾਰਬ੍ਰਹਮ ਤੋਂ ਭਾਵ ਦ੍ਰਿੜਤਾ, ਸੱਚਾਈ, ਉਦਮੀ, ਇਮਾਨਦਾਰੀ, ਦੈਵੀ ਗੁਣ ਉਸ ਦੀ ਕੁਦਰਤੀ ਸਹਾਇਤਾ ਕਰਦੇ ਹਨ। ਇਸ ਸਾਰੀ ਸਚਾਈ ਸਬੰਧੀ ਗੁਰਦੇਵ ਪਿਤਾ ਜੀ ਰਹਾਉ ਦੀਆਂ ਤੁਕਾਂ ਵਿਚ ਸਮਝਾ ਦਿੰਦੇ ਹਨ-

**ਸਾਹਿਬੁ ਨਿਤਾਣਿਆ ਕਾ ਤਾਣੁ॥**
**ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥ ਰਹਾਉ॥ (70)**

ਸਾਰੀ ਵਿਚਾਰ ਸਪਸ਼ਟ ਹੋ ਗਈ ਕਿ ਗੁਰੂ ਦੇ ਸ਼ਬਦ ਰਾਹੀਂ ਹੀ ਜ਼ਿੰਦਗੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ। ਇਹ ਜੀਵਨ ਜੁਗਤੀ ਮਨੁੱਖ ਦੀ ਤਰੱਕੀ ਦਾ ਰਾਹ ਖੋਲ੍ਹਦੀ ਹੈ।

**3. ਸਵਾਲ—ਨਾਮ ਕਰਣ ਸੰਸਕਾਰ ਤੋਂ ਕੀ ਭਾਵ ਹੈ?**

**ਜਵਾਬ**—ਉਂਝ ਤਾਂ ਨਾਮ ਸੰਸਕਾਰ ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਹੋਇਆ ਹੈ, ਪਰ ਕੁਝ ਗੱਲਾਂ ਸੀਨਾ-ਬ-ਸੀਨਾ ਕਈ ਘਰਾਂ ਵਿਚ ਤੁਰੀਆਂ ਆਉਂਦੀਆਂ ਹਨ ਜੋ ਰਹਿਤ ਮਰਿਯਾਦਾ ਵਿਚ ਅੰਕਤ ਨਹੀਂ ਹਨ। ਭਾਈ ਕਾਹਨ ਸਿੰਘ ਜੀ ਨਾਭਾ ਗੁਰਮਤਿ ਮਾਰਤੰਡ ਦੇ ਪੰਨਾ 636 'ਤੇ ਲਿਖਦੇ ਕਿ ਸਿੱਖ ਧਰਮ ਵਿਚ ਜਨਮ ਤੋਂ 40 ਦਿਨ ਅੰਦਰ ਨਾਉਂ ਰੱਖਣ ਦੀ ਮਰਿਯਾਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ 'ਜਪੁ' ਦੀਆਂ ਪੰਜ ਪਉੜੀਆਂ ਦਾ ਪਾਠ ਨਿਰਮਲ ਜਲ ਵਿੱਚ ਖੰਡਾ ਫੇਰਦੇ ਹੋਏ ਕਰਨਾ ਹੈ। ਫਿਰ ਬੱਚੇ ਨੂੰ ਪੰਜ ਬੂੰਦਾ ਪਿਆ ਕੇ ਹੁਕਮ ਦੇ ਸ਼ਬਦ ਦਾ ਆਦਿ ਅੱਖਰ ਲੈ ਕੇ ਨਾਮ ਰੱਖਿਆ ਜਾਏ। ਕੰਨਿਆ ਦੇ ਨਾਮ ਪਿੱਛੇ ਕੌਰ ਸ਼ਬਦ, ਸਹਿਜਧਾਰੀ ਦੇ ਨਾਮ ਅੰਤ ਦਾਸ, ਰਾਮ, ਪਰਕਾਸ਼, ਦੇਵ ਆਦਿ ਸ਼ਬਦ ਵਰਤਿਆ ਜਾਏ। ਕੇਸ਼ਾਦਾਰੀ ਦੇ ਨਾਮ ਨਾਲ ਸਿੰਘ ਹੋਣਾ ਜ਼ਰੂਰੀ ਹੈ।

ਨੋਟ—ਗੁਰਮਤਿ ਮਾਰਤੰਡ ਦੇ ਕਰਤਾ ਜੀ ਲਿਖਦੇ ਹਨ ਕਿ ਜੇ ਕਿਤੇ ਦੇਵ ਨੇਤ ਕੁਦਰਤੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਹੋਵੇ ਤਦ ਪਾਠ ਗੁਟਕੇ ਤੋਂ ਨਾਮ ਅੱਖਰ ਲਿਆ ਜਾਂਦਾ ਹੈ। ਮੱਧ ਪ੍ਰਦੇਸ਼ ਵਿਚ ਅੱਜ ਵੀ ਸਿਕਲੀਗਰ ਪਰਿਵਾਰ ਅਜਿਹਾ ਕਰਦੇ ਹਨ। ਕਿਸੇ ਨਾ ਕਿਸੇ ਵਿਧੀ ਵਿਧਾਨ ਨਾਲ ਲੋਕ ਸਿੱਖੀ ਪ੍ਰੰਪਰਾ ਨਾਲ ਜੁੜੇ ਰਹਿਣ ਲਈ ਉਪਰਾਲੇ ਕਰਦੇ ਰਹਿੰਦੇ ਹਨ।

**4. ਸਵਾਲ— ਨਾਮ, ਦਾਨ ਤੇ ਇਸ਼ਨਾਨ ਤੋਂ ਕੀ ਭਾਵ ਹੈ?**

**ਜਵਾਬ**— ਇਹ ਸਿੱਖੀ ਦੇ ਬੁਨਿਆਦੀ ਨਿਯਮ ਹਨ---

**ਨਾਮ**—ਨਾਮ ਤੋਂ ਭਾਵ ਹੈ ਕਿ ਕਰਤਾਰ ਨੂੰ ਹਰ ਵੇਲੇ ਯਾਦ ਰੱਖਣਾ, ਨਾਮ ਦੇ ਫਲਸਫੇ ਨੂੰ ਸਮਝ ਕੇ ਆਪਣੇ ਸੁਭਾਅ ਦਾ ਹਿੱਸਾ ਬਣਾਉਣਾ। ਚੰਗਿਆਈਆਂ ਨੂੰ ਇਕੱਠੇ ਕਰਦੇ ਰਹਿਣਾ ਤੇ ਬੁਰਿਆਈਆਂ ਤੋਂ ਹਮੇਸ਼ਾਂ ਕਿਨਾਰਾ ਕਰਨ ਨੂੰ ਨਾਮ ਕਹਿਆ ਗਿਆ ਹੈ। ਦੈਵੀ ਗੁਣਾਂ ਤੇ ਅਮਲ ਕਰਨਾ ਹੈ।

**ਦਾਨ**—ਦਾਨ ਤੋਂ ਭਾਵ ਹੈ ਕਿ ਆਪਣੇ ਤਾਈਂ ਵਿਦਿਆ, ਬਲ, ਹੁਨਰ ਆਦਿ ਵਿੱਚ ਯੋਗ ਬਣਾ ਕੇ ਆਪਣਾ ਨਿਰਵਾਹ ਸਵਤੰਤਰ ਕਰਨਾ ਤੇ ਹੋਰਨਾਂ ਦਾ ਪਾਲਣ ਕਰਨਾ, ਅਰ ਕਿਸੇ ਅੱਗੇ ਹੱਥ ਨਾ ਪਸਾਰਨਾ।

**ਇਸ਼ਨਾਨ**—ਇਸ਼ਨਾਨ ਤੋਂ ਭਾਵ ਹੈ ਕਿ ਮਨ, ਤਨ, ਲਿਬਾਸ, ਮਕਾਨ ਅਤੇ ਆਚਰਣ ਨਿਰਮਲ ਰੱਖਣੇ ਜਿਸ ਤੋਂ ਆਤਮਾ ਅਤੇ ਸਰੀਰ ਸਦਾ ਅਰੋਗ ਰਹਿਣ। ਗੁਰਬਾਣੀ ਵਾਕ ਹਨ—

ਸੁਣਿ ਗਲਾ ਗੁਰ ਪਹਿ ਆਇਆ॥
**ਨਾਮੁ ਦਾਨੁ ਇਸਨਾਨੁ ਦਿੜਾਇਆ॥ (74)**

ਅਤੇ

**ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ॥ (740)**

**5. ਸਵਾਲ—ਕੀ ਪ੍ਰਮੇਸ਼ਰ ਦਾ ਨਾਮ ਲਿਖ ਕੇ ਵੇਚਿਆ ਜਾ ਸਕਦਾ ਹੈ?**

**ਜਵਾਬ**—ਅਗਿਆਨੀ ਲੋਕ ਰਾਮ ਆਦਿਕ ਪ੍ਰਮੇਸ਼ਰ ਦੇ ਨਾਮ ਲਿਖ ਕੇ ਵੇਚਦੇ ਹਨ ਅਤੇ ਭਰਮੀ ਲੋਕ ਲਿਖੇ ਹੋਏ ਨਾਮ ਜਲ ਪਰਵਾਹ ਕਰਣੇ ਅਥਵਾ ਆਟੇ ਵਿੱਚ ਲਪੇਟ ਕੇ ਜਲ ਜੀਵਾਂ ਨੂੰ ਖਵਾਉਣ ਮਹਾਂ ਫਲਦਾਇਕ ਮੰਨਦੇ ਹਨ ਗੁਰਬਾਣੀ ਅਜੇਹੇ ਕਰਮ ਕਾਂਡਾ ਨੂੰ ਨਿਖਧ ਮੰਨਦੀ ਹੈ---

**ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥**
**ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥ (1245)**

**6. ਸਵਾਲ—ਨਿਸ਼ਕਾਮਤਾ ਤੋਂ ਕੀ ਭਾਵ ਹੈ?**

**ਜਵਾਬ**—ਬਿਨਾਂ ਕਿਸੇ ਲਾਲਚ, ਇੱਛਾ ਤੋਂ ਸੇਵਾ ਕਰਨ ਨੂੰ ਨਿਸ਼ਕਾਮ ਸੇਵਾ ਕਿਹਾ ਜਾਂਦਾ ਹੈ।

ਗੁਰਬਾਣੀ ਵਾਕ ਹੈ—

**ਕਰਮ ਕਰਤ ਹੋਵੈ ਨਿਹਕਰਮ॥**
**ਤਿਸੁ ਬੈਸਨੋ ਕਾ ਨਿਰਮਲ ਧਰਮ॥**
**ਕਾਹੂ ਫਲ ਕੀ ਇਛਾ ਨਹੀ ਬਾਛੈ॥**
**ਕੇਵਲ ਭਗਤਿ ਕੀਰਤਨ ਸੰਗਿ ਰਾਚੈ॥ (274)**

-0-




# ਦੁਇ ਮਾਈ ਦੁਇ ਬਾਪਾ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖਤਾ ਨੂੰ ਸਮਝਾਉਣ ਲਈ ਕਈ ਪ੍ਰਕਾਰ ਦੀਆਂ ਉਦਾਹਰਣਾਂ ਦਿੱਤੀਆਂ ਹਨ ਤਾਂ ਕਿ ਇਹ ਸਚਿਆਰ ਮਨੁੱਖ ਬਣ ਸਕੇ। ਸਾਡੇ ਮੁਲਕ ਦੇ ਵਿੱਚ ਧਰਮ ਦੇ ਨਾਂ 'ਤੇ ਕਈ ਪ੍ਰਕਾਰ ਦੇ ਵਹਿਮ-ਭਰਮ ਪ੍ਰਚੱਲਤ ਹਨ ਤੇ ਇਹ ਰੀਤੀ ਰਿਵਾਜ ਨਿਬਾਹੁਣ ਵਾਲੇ ਨੂੰ ਧਰਮੀ ਮੰਨਿਆ ਗਿਆ ਹੈ। ਜਿਹੜੀ ਸਮੱਸਿਆ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਸੀ ਉਹ ਸਮੱਸਿਆ ਅੱਜ ਸਿੱਖ ਭਾਈਚਾਰੇ ਵਿੱਚ ਆਮ ਹੀ ਦੇਖੀ ਜਾ ਸਕਦੀ ਹੈ। ਰੱਬ ਦੀ ਪ੍ਰਾਪਤੀ ਸਬੰਧੀ ਕਈ ਪ੍ਰਕਾਰ ਦੇ ਖਿਆਲ ਮਿਲਦੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਸਮਝਾਉਣ ਦਾ ਯਤਨ ਕੀਤਾ ਹੈ ਕਿ ਰੱਬ ਜੀ ਸਾਡੇ ਮਨ ਵਿੱਚ ਸ਼ੁਭ ਗੁਣਾਂ ਦੇ ਰੂਪ ਵਿੱਚ ਬੈਠਾ ਹੋਇਆ ਹੈ ਤੇ ਇਸ ਦੀ ਸਮਝ ਸ਼ੁਭ ਗਿਆਨ ਰਾਹੀਂ ਆਉਂਦੀ ਹੈ। ਰੱਬ ਜੀ ਦੀ ਸਮਝ ਕਿਉਂ ਨਹੀਂ ਆਉਂਦੀ, ਕਿਉਂਕਿ ਸ਼ੁਭ ਗੁਣਾਂ ਦੇ ਨਾਲ ਹੀ ਵਿਕਾਰ ਬੈਠੇ ਹੋਏ ਹਨ। ਮਨੁੱਖ ਸ਼ੁਭ ਗੁਣਾਂ ਨੂੰ ਮੰਨਣ ਲਈ ਤਿਆਰ ਨਹੀਂ ਹੈ ਜਦ ਕਿ ਵਿਕਾਰਾਂ ਨੂੰ ਆਪਣੇ ਆਪ ਹੀ ਮਾਨਤਾ ਦਈ ਜਾ ਰਿਹਾ ਹੈ। ਇਹ ਸਾਰੀ ਵਿਚਾਰ ਚਰਚਾ ਕਰਨ ਲਈ ਦੋ ਮਾਂਵਾਂ ਤੇ ਦੋ ਪਿਉ ਦੀ ਰਮਜ਼ ਰਾਂਹੀ ਸਮਝਾਇਆ ਗਿਆ ਹੈ

**ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ॥ ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥ ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥ (੧੧੭੧)**

ਅੱਖਰੀਂ ਅਰਥ-ਹੇ ਪੰਡਿਤ ਜੀ ਮਹਾਰਾਜ! ਤੁਸੀ ਤਾਂ ਹੋਰ ਹੋਰ ਤਰ੍ਹਾਂ ਦੀ ਸਿੱਖਿਆ ਦੇ ਰਹੇ ਹੋ, (ਅਜਿਹੀ ਦਿੱਤੀ ਮਤਿ ਨਾਲ) ਮੈਂ ਆਪਣੇ ਪ੍ਰਾਣਾਂ ਦੇ ਮਾਲਕ ਪਰਮਾਤਮਾ ਨੂੰ ਕਿਵੇਂ ਮਿਲ ਸਕਦਾ ਹਾਂ? ।1। ਰਹਾਉ।

ਹੇ ਪੰਡਿਤ! (ਜੇ ਕੋਈ ਵਿਚਾਰ ਦੀ ਗੱਲ ਕਰਨੀ ਹੈ ਤਾਂ) ਇਹ ਸੋਚੋ ਕਿ (ਸਰੀਰ-ਨਗਰੀ ਉਤੇ) ਰਾਜ ਕਰਨ ਵਾਲਾ ਮਨ ਅੰਞਾਣ ਹੈ, ਇਹ ਸਰੀਰ-ਨਗਰ ਭੀ ਕੱਚਾ ਹੈ (ਬਾਹਰੋਂ ਵਿਕਾਰਾਂ ਦੇ ਹੱਲਿਆਂ ਦਾ ਟਾਕਰਾ ਕਰਨ-ਜੋਗਾ ਨਹੀਂ ਹੈ ਕਿਉਂਕਿ ਗਿਆਨ-ਇੰਦ੍ਰੇ ਕਮਜ਼ੋਰ ਹਨ)। (ਫਿਰ ਇਸ ਅੰਞਾਣ ਮਨ ਦਾ) ਪਿਆਰ ਭੀ ਕਾਮਾਦਿਕ ਭੈੜੇ ਸਾਥੀਆਂ ਨਾਲ ਹੀ ਹੈ। ਇਸ ਦੀਆਂ ਮਾਂਵਾਂ ਭੀ ਦੋ ਸੁਣੀਦੀਆਂ ਹਨ (ਬੁੱਧੀ ਅਤੇ ਅਵਿੱਦਿਆ), ਇਸ ਦੇ ਪਿਉ ਭੀ ਦੋ ਹੀ ਦੱਸੀਦੇ ਹਨ (ਪਰਮਾਤਮਾ ਅਤੇ ਮਾਇਆ-ਵੇੜ੍ਹਿਆ ਜੀਵਾਤਮਾ। ਆਮ ਤੌਰ ਤੇ ਇਹ ਅੰਞਾਣ ਮਨ ਅਵਿੱਦਿਆ ਅਤੇ ਮਾਇਆ-ਵੇੜ੍ਹੇ ਜੀਵਾਤਮਾ ਦੇ ਢਹੇ ਚੜ੍ਹਿਆ ਰਹਿੰਦਾ ਹੈ)। 1।

(ਹੇ ਪੰਡਿਤ! ਤੂੰ ਤਾਂ ਹੋਰ ਹੋਰ ਕਿਸਮ ਦੀ ਮਤਿ ਦੇ ਰਿਹਾ ਹੈਂ, ਤੇਰੀ ਦਿੱਤੀ ਸਿੱਖਿਆ ਨਾਲ ਅੰਞਾਣ ਮਨ ਨੂੰ) ਇਹ ਸਮਝ ਨਹੀਂ ਆਉਂਦੀ ਕਿ ਸੀਤਲਤਾ (ਸ਼ਾਂਤੀ) ਅਤੇ ਰੱਬੀ ਤੇਜ ਦੋਵੇਂ ਮਨੁੱਖਾ ਸਰੀਰ ਦੇ ਅੰਦਰ ਮੌਜੂਦ ਹਨ। (ਸਮਝ ਨਾਹ ਆ ਸਕਣ ਦਾ ਕਾਰਨ ਇਹ ਹੈ ਕਿ) ਸਰੀਰ ਦੇ ਅੰਦਰ ਵਿਕਾਰਾਂ ਦੀ ਅੱਗ (ਮਚੀ ਹੋਈ ਹੈ) ਜਵਾਨੀ ਭੀ ਲਹਿਰਾਂ ਲੈ ਰਹੀ ਹੈ (ਜਿਵੇਂ ਹਰੀ-ਭਰੀ ਬਨਸਪਤੀ ਦੇ ਅੰਦਰ ਅੱਗ ਲੁਕੀ ਰਹਿੰਦੀ ਹੈ), ਮਾਇਕ ਵਾਸਨਾਂ ਦਾ ਸਮੁੰਦਰ ਇਸ ਸਰੀਰ ਦੇ ਅੰਦਰ ਠਾਠਾਂ ਮਾਰ ਰਿਹਾ ਹੈ (ਮਾਨੋ, ਸਮੁੰਦਰ ਇੱਕ ਪਿੰਡ ਵਿੱਚ ਲੁਕਿਆ ਪਿਆ ਹੈ। ਸੋ, ਸਿੱਖਿਆ ਤਾਂ ਉਹ ਚਾਹੀਦੀ ਹੈ ਜੋ ਇਸ ਅੰਦਰਲੇ ਹੜ੍ਹ ਨੂੰ ਰੋਕ ਸਕੇ)। 2।

ਉਹੀ ਮਨੁੱਖ ਪਰਮਾਤਮਾ ਦਾ ਸਿਮਰਨ ਕਰਦਾ ਸਮਝਿਆ ਜਾ ਸਕਦਾ ਹੈ ਜੋ (ਬੁੱਧੀ ਤੇ ਅਵਿੱਦਿਆ ਦੋ ਮਾਂਵਾਂ ਵਿਚੋਂ) ਇੱਕ ਮਾਂ (ਅਵਿੱਦਿਆ ਨੂੰ) ਮੁਕਾ ਦੇਵੇ। (ਜੇਹੜਾ ਮਨੁੱਖ ਅਵਿੱਦਿਆ-ਮਾਂ ਨੂੰ ਮੁਕਾਂਦਾ ਹੈ) ਉਸ ਦੇ (ਰੋਜ਼ਾਨਾ ਜੀਵਨ ਦੇ) ਲੱਛਣ ਇਹ ਦਿੱਸਦੇ ਹਨ ਕਿ ਉਹ ਦੂਜਿਆਂ ਦੀ ਵਧੀਕੀ ਠੰਢੇ-ਜਿਗਰੇ ਸਹਾਰਨ ਦਾ ਆਤਮਿਕ ਧਨ (ਸਦਾ) ਇਕੱਠਾ ਕਰਦਾ ਹੈ। 3।

(ਹੇ ਪ੍ਰਭੂ! ਤੇਰੇ) ਦਾਸਾਂ ਦਾ ਦਾਸ ਨਾਨਕ ਬੇਨਤੀ ਕਰਦਾ ਹੈ (ਕਿ ਇਨਸਾਨੀ ਮਨ ਬੇ-ਵੱਸ ਹੈ) ਇਸ ਦਾ ਸੰਗ ਸਦਾ ਉਹਨਾਂ (ਗਿਆਨ-ਇੰਦ੍ਰਿਆਂ) ਨਾਲ ਰਹਿੰਦਾ ਹੈ ਜੋ ਕੋਈ ਸਿੱਖਿਆ ਸੁਣਦੇ ਹੀ ਨਹੀਂ ਹਨ ਅਤੇ ਜੋ ਵਿਸ਼ੇ-ਵਿਕਾਰਾਂ ਵਲੋਂ ਕਦੇ ਰੱਜਦੇ ਭੀ ਨਹੀਂ ਹਨ। (ਇਹੀ ਕਾਰਨ ਹੈ ਕਿ ਇਹ ਮਨ) ਕਦੇ ਤੋਲਾ ਹੋ ਜਾਂਦਾ ਹੈ, ਕਦੇ ਮਾਸਾ ਰਹਿ ਜਾਂਦਾ ਹੈ (ਕਦੇ ਮੁਕਾਬਲਾ ਕਰਨ ਦੀ ਹਿੰਮਤ ਕਰਦਾ ਹੈ ਤੇ ਕਦੇ ਘਬਰਾ ਜਾਂਦਾ ਹੈ)। 4। 3। 11।

ਵਿਚਾਰ ਚਰਚਾ ਰਹਾਉ ਦੀਆਂ ਤੁਕਾਂ ਵਿੱਚ ਗੁਰਦੇਵ ਪਿਤਾ ਜੀ ਫੁਰਮਾਉਂਦੇਹਨ ਕਿ ਹੇ ਪੰਡਤ ਜੀ! ਤੁਸੀਂ ਮਨੁੱਖਤਾ ਨੂੰ ਧਰਮ ਦੇ ਨਾਂ'ਤੇ ਕਰਮ-ਕਾਂਡ ਕਰਨ ਸਬੰਧੀ ਹੋਰ ਦੀ ਹੋਰ ਹੀ ਸਿੱਖਿਆ ਦੇ ਰਹੇ ਹੋ। ਤੁਹਾਡੀ ਇਸ ਸਿੱਖਿਆ ਨਾਲ ਮਨੁੱਖਤਾ ਦਾ ਭਲਾ ਨਹੀਂ ਹੋ ਸਕਦਾ। ਇਹ ਤੇ ਸਗੋਂ ਧਰਮ ਦੇ ਨਾਂ'ਤੇ ਕਰਮ ਕਰਦਾ ਹੋਇਆ ਮਕੜੀ ਦੇ ਜਾਲ ਵਿੱਚ ਫਸਿਆ ਪਿਆ ਹੈ।

ਇਸ ਵਿਚਾਰ ਚਰਚਾ ਨੂੰ ਸਮਝਣ ਲਈ ਇੱਕ ਉਦਾਹਰਣ ਨੂੰ ਸਾਹਮਣੇ ਰੱਖਦੇ ਹਾਂ। ਬ੍ਰਾਹਮਣ ਕਹਿੰਦਾ ਹੈ ਕਿ ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਮੈਂ ਇਸ਼ਨਾਨ ਕਰਾਂ ਤੇ ਫਿਰ ਮੈਂ ਕਿਸੇ ਬੁੱਤ ਘਾੜੇ ਦੀ ਬਣਾਈ ਹੋਈ ਮੂਰਤੀ ਦਾ ਇਸ਼ਨਾਨ ਕਰਾਵਾਂ ਤੇ ਇਹ ਦੋਵੇਂ ਮਰਿਯਾਦਾ ਨਿਬਾਹੁਣ ਨਾਲ ਰੱਬ ਦੀ ਪ੍ਰਾਪਤੀ ਹੋ ਜਾਏਗੀ। ਜਦ ਅਸੀਂ ਗੁਰਬਾਣੀ ਸਿਧਾਂਤ ਨੂੰ ਸਮਝਦੇ ਹਾਂ ਤਾਂ ਗੁਰਬਾਣੀ ਅਜਿਹੀ ਪ੍ਰਕਿਰਿਆ ਨੂੰ ਰੱਦ ਕਰਦੀ ਹੈ।

**ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥**
**ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥ (੬੭੪)**

ਇਸ ਦਾ ਅਰਥ ਹੈ ਕਿ ਜਿਹੜੀ ਸਿੱਖਿਆ ਪੁਜਾਰੀ ਦੇ ਰਿਹਾ ਹੈ ਉਸ ਨਾਲ ਮਾਨਸਿਕ ਵਿਕਾਸ ਨਹੀਂ ਹੋ ਸਕਦਾ ਸਿਰਫ ਰਸਮਾਂ ਹੀ ਨਿਭਾਈਆਂ ਜਾ ਸਕਦੀਆਂ ਹਨ। ਜੇ ਅਸੀਂ ਸਿੱਖ ਧਰਮ ਵਲ ਦੇਖਦੇ ਹਾਂ ਤਾਂ ਸਾਡੇ ਘਰ ਵਿੱਚ ਵੀ ਅਜੇਹੇ ਸਾਧ ਪੈਦਾ ਹੋ ਗਏ ਹਨ ਜਿਹੜੇ ਕੇਵਲ ਤੋਤਾ ਰਟਨ'ਤੇ ਹੀ ਜ਼ੋਰ ਦੇ ਰਹੇ ਹਨ। ਕੁੱਝ ਤੀਰਥ ਯਾਤਰਾ ਵਿੱਚ ਉਲਝੇ ਪਏ ਹਨ ਤੇ ਕੁੱਝ ਇਸ ਗੱਲ'ਤੇ ਜ਼ੋਰ ਦੇਂਦੇ ਹਨ ਕਿ ਵਿਆਹ ਨਾ ਕਰਾ ਕੇ ਰੱਬ ਜੀ ਦੀ ਪ੍ਰਾਪਤੀ ਹੋ ਜਾਂਦੀ ਹੈ। ਕੁਝ ਵੀਰਵਾਰ ਨੂੰ ਕਬਰਾਂ'ਤੇ ਦੀਵੇ ਜਗਾ ਕੇ ਸ਼ਾਂਤੀ ਹਾਸਲ ਕਰਨ ਵਿੱਚ ਲੱਗੇ ਹੋਏ ਹਨ ਤੇ ਕੁਝ ਦਰੱਖਤਾਂ ਨੂੰ ਆਪਣਾ ਗੁਰੂ ਮੰਨੀ ਬੈਠੇ ਹਨ ਤੇ ਉਸ ਦੁਆਲੇ ਲਾਲ ਰੰਗ

ਦੀਆਂ ਲੀਰਾਂ ਹੀ ਬੰਨੀ ਜਾ ਰਹੇ ਹਨ। ਅਖੇ ਪਿੱਪਲ ਜੀ ਸਾਡੇ ਕਾਰਜ ਰਾਸ ਕਰ ਦੇਣਗੇ। ਰੀਤੀਆਂ ਨਿਬਾਹੁਣੀਆਂ ਧਰਮ ਨਹੀਂ ਹੈ **ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨਪਤੀ ॥**

ਕੋਈ ਭੁੱਖਿਆਂ ਰਹਿਣ ਨੂੰ ਤਰਜੀਹ ਦੇ ਰਿਹਾ ਹੈ ਤੇ ਸਿੱਖਾਂ ਵਿੱਚ ਅਜੇਹੇ ਸਾਧ ਵੀ ਭੱਜੇ ਫਿਰਦੇ ਹਨ ਕਿ ਅਖੇ ਇਹ ਕੇਵਲ ਦੁੱਧ ਹੀ ਪੀਂਦੇ ਹਨ। ਸਿੱਖੀ ਵਿੱਚ ਇੱਕ ਅਜੇਹੇ ਫਿਰਕੇ ਨੇ ਵੀ ਜਨਮ ਲੈ ਲਿਆ ਹੈ ਜਿਹੜੇ ਜੋਗੀਆਂ ਵਾਂਗ ਸਮਾਧੀਆਂ ਲਗਾ ਰਹੇ ਹਨ ਤੇ ਕਈ ਜਿਉਂਦੇ ਜੀ ਅੱਖਾਂ ਮੀਟੀ ਜਾ ਰਹੇ ਹਨ। ਇਹਨਾਂ ਤਮਾਮ ਕਰਮ-ਕਾਂਡਾਂ ਨੂੰ ਗੁਰੂ ਨਾਨਕ ਸਾਹਿਬ ਜੀ ਰੱਦ ਕਰਦੇ ਹਨ ਤੇ ਜ਼ਿੰਦਗੀ ਦੀ ਅਸਲੀਅਤ ਸਮਝਾਉਂਦਿਆਂ ਹੋਇਆਂ ਅਗਲੀਆਂ ਤੁਕਾਂ ਵਿੱਚ ਫੁਰਮਾਉਂਦੇ ਹਨ ਕਿ ਪੰਡਤ ਜੀ ਰੱਬ ਜੀ ਸਾਡੇ ਅੰਦਰ ਹੀ ਬੈਠਾ ਹੋਇਆ ਹੈ ਤੇ ਕਰਮ-ਕਾਂਡੀ ਬਿਰਤੀ ਕਰਕੇ ਸਾਡੇ ਅੰਦਰ ਬੈਠਾ ਹੋਇਆ ਰੱਬ ਦਿਖਾਈ ਨਹੀਂ ਦੇ ਰਿਹਾ।

**ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥**
**ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ**
**ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥** (੫੯੮)

ਰੱਬ ਨੂੰ ਅਸੀਂ ਬਾਹਰਲੇ ਤਲ਼'ਤੇ ਦੇਖਣ ਦਾ ਯਤਨ ਕਰ ਰਹੇ ਹਾਂ ਜਦ ਕਿ ਰੱਬ ਜੀ ਨੂੰ ਸਮਝ ਕੇ ਉਸ ਦੇ ਸਦੀਵ ਕਾਲ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰਨਾ ਹੈ।

ਰਹਾਉ ਦੀਆਂ ਤੁਕਾਂ ਵਿੱਚ ਗੁਰਦੇਵ ਪਿਤਾ ਜੀ ਸਮਝਾਉਂਦੇ ਹਨ ਕਿ ਐ ਧਾਰਮਿਕ ਆਗੂ ਜੀਓ ਤੁਹਾਡੀਆਂ ਦੱਸੀਆਂ ਹੋਈਆਂ ਰੀਤੀਆਂ ਨਿਬਾਹੁਣ ਨਾਲ ਰੱਬ ਜੀ ਦੀ ਪ੍ਰਾਪਤੀ ਨਾਲ ਕੋਈ ਲੈਣ ਦੇਣ ਨਹੀਂ ਹੈ ਭਾਵ ਜ਼ਿੰਦਗੀ ਜਿਉਣ ਦੀ ਜਾਚ ਨਹੀਂ ਆ ਸਕਦੀ। ਇਸ ਦਾ ਅਰਥ ਹੈ ਕਿ ਪੁਜਾਰੀ ਜਿਹੜੇ ਕਰਮ ਕਰਨ ਲਈ ਕਹਿ ਰਿਹਾ ਹੈ ਉਹਨਾਂ ਦਾ ਵਰਤਮਾਨ ਜੀਵਨ ਨਾਲ ਕੋਈ ਸਬੰਧ ਨਹੀਂ ਹੈ। ਇਹ ਗੱਲ ਪ੍ਰਚਾਰਕ, ਰਾਗੀ, ਢਾਡੀ, ਗ੍ਰੰਥੀ ਤੇ ਪ੍ਰਬੰਧਕਾਂ ਨੂੰ ਸਮਝਣੀ ਚਾਹੀਦੀ ਹੈ ਕਿ ਅਸੀਂ ਆਪਣੀ ਕੌਮ ਨੂੰ ਕਿਤੇ ਹਨੇਰੇ ਵਿੱਚ ਤਾਂ ਨਹੀਂ ਧੱਕ ਰਹੇ। ਮੋਟੀ ਜਿਹੀ ਗੱਲ ਦੇਖੋ ਕਿ ਕੀ ਨਿਸ਼ਾਨ ਸਾਹਿਬ ਨੂੰ ਕੱਚੀ ਲੱਸੀ ਜਾਂ ਦੁੱਧ ਦਹੀਂ ਨਾਲ ਇਸ਼ਨਾਨ ਕਰਾਉਣ ਨਾਲ ਗੁਰੂ ਦੀ ਮਤ ਆ ਜਾਏਗੀ? ਪੁਜਾਰੀ ਪੱਥਰ ਦੀ ਮੂਰਤੀ ਨੂੰ ਇਸ਼ਨਾਨ ਕਰਾਉਂਦਾ ਹੈ ਅਸੀਂ ਨਿਸ਼ਾਨ ਸਾਹਿਬ ਦੇ ਲੋਹੇ ਵਾਲੇ ਪਾਈਪ ਨੂੰ ਇਸ਼ਨਾਨ ਕਰਾ ਰਹੇ ਹਾਂ ਜਦ ਕਿ ਨਿਸ਼ਾਨ ਸਾਹਿਬ ਦੇ ਮਹੱਤਵ ਨੂੰ ਸਮਝਣ ਦੀ ਲੋੜ ਹੈ। ਨਿਸ਼ਾਨ ਸਾਹਿਬ ਆਪਣੇ ਆਪ ਵਿੱਚ ਇੱਕ ਸੰਸਥਾ ਹੈ ਤੇ ਇਸ ਮਹਾਨਤਾ ਨੂੰ ਵਿਚਾਰਨ ਦੀ ਲੋੜ ਹੈ। ਜੇ ਹਿੰਦੂ ਪੁਜਾਰੀ ਦੀ ਗੁਰਦੇਵ ਪਿਤਾ ਜੀ ਗੱਲ ਕਰ ਰਹੇ ਹਨ ਤਾਂ ਇਹ ਸਵਾਲ ਸਾਡੇ ਲਈ ਵੀ ਓਨਾ ਹੀ ਜ਼ਰੁਰੀ ਹੈ।। ਸਿੱਧਾ ਹੀ ਸਵਾਲ ਹੈ ਕਿ ਜੋ ਕੁੱਝ ਅਸੀਂ ਕਰ ਰਹੇ ਕੀ ਇਹ ਗੁਰਮਤਿ ਹੈ? ਅਗਲਿਆਂ ਬੰਦਾਂ ਵਿੱਚ ਗੁਰਦੇਵ ਪਿਤਾ ਜੀ ਵਿਸਥਾਰ ਨਾਲ ਸਮਝਾਉਂਦੇ ਹਨ।

ਸਰੀਰ ਦੇ ਤਲ਼ 'ਤੇ ਇੱਕ ਮਾਂ ਤੇ ਇੱਕ ਪਿਉ ਹੈ ਜਿੰਨ੍ਹਾਂ ਦੁਆਰਾ ਸਾਡਾ ਸਰੀਰ ਹੋਂਦ ਵਿੱਚ ਆਇਆ ਹੈ। ਪਰ ਸਾਡੇ ਮਨ ਦੀਆਂ ਦੋ ਮਾਂਵਾਂ ਤੇ ਦੋ ਪਿਉ ਮੰਨੇ ਗਏ ਹਨ ਜਿੰਨਾ ਦੁਆਰਾ ਹੀ ਸਾਡੇ ਸੁਭਾਅ ਦੀ ਬਣਤਰ ਬਣਦੀ ਹੈ

**ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥**
**ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥**

ਉਪਰਲੀਆਂ ਤੁਕਾਂ ਵਿੱਚ ਇਹ ਸਮਝ ਆਉਂਦਾ ਹੈ ਕਿ ਸਾਡੇ ਸਰੀਰ'ਤੇ ਰਾਜ ਕਰਨ ਵਾਲਾ ਮਨ ਇੱਕ ਬਾਲਕ ਦੀ ਨਿਆਈਂ ਹੈ। ਬਾਲਕ ਨੂੰ ਸੂਝ ਨਹੀਂ ਹੁੰਦੀ ਬਾਲਕ ਨੂੰ ਅੰਞਾਣ ਮੰਨਿਆ ਜਾਂਦਾ ਹੈ। ਇਹ ਸਰੀਰ ਵੀ ਕੱਚਾ ਹੈ। ਕਿੰਨੀ ਪਿਆਰੀ ਉਦਾਹਰਣ ਦਿੱਤੀ ਹੈ ਕਿ ਜੇ ਕੋਈ ਕਿਲ੍ਹਾ ਕੱਚਾ ਹੋਵੇ ਤੇ ਤੇ ਉਸ ਦੀ ਰੱਖਿਆ ਕਰਨ ਵਾਲਾ ਬਹੁਤ ਅੰਞਾਣ ਬਾਲਕ ਹੋਵੇ, ਫਿਰ ਅਜੇਹੇ ਅੰਞਾਣੇ ਰਾਜੇ ਦੀ ਦੋਸਤੀ ਵੀ ਭੈੜੀਆਂ ਦੋਸਤਾਂ ਨਾਲ ਹੋਵੇ, ਕੀ ਉਹ ਕਿਲ੍ਹੇ ਦੀ ਰਾਖੀ ਕਰ ਸਕਦਾ ਹੈ? ਜੇ ਕਿਲ੍ਹਾ ਹੀ ਮਜ਼ਬੂਤ ਨਾ ਹੋਇਆ ਤਾਂ ਮੁਲਕ ਅਜ਼ਾਦ ਨਹੀਂ ਰਹਿ ਸਕਦਾ।

ਇਸ ਮਨ ਦੀਆਂ ਦੋ ਮਾਂਵਾਂ ਚੰਗੀ ਮਤ ਦੇ ਦੂਜੀ ਮਾਂ ਭੈੜੀ ਬੁੱਧੀ ਵਾਲੀਆਂ ਹਨ ਏਸੇ ਤਰ੍ਹਾਂ ਸੱਚ ਤੇ ਝੂਠ ਇਸ ਦੇ ਦੋ ਪਿਉ ਹਨ। ਇਹਨਾਂ ਦੇ ਅਧੀਨ ਹੋ ਕੇ ਹੀ ਸਾਰੇ ਕਰਮ ਕਰਦਾ ਹੈ। ਗੁਰਦੇਵ ਪਿਤਾ ਜੀ ਸਮਝਾਉਂਦੇ ਹਨ ਇਹ ਮਨੁੱਖ ਭੈੜੀ ਮਾਂ ਤੇ ਭੈੜੇ ਪਿਤਾ ਦੇ ਪ੍ਰਭਾਵ ਨੂੰ ਸਭ ਤੋਂ ਪਹਿਲਾਂ ਕਬੂਲਦਾ ਹੈ ਜਦ ਕੇ ਚੰਗੀ ਮਤ ਲੈਣ ਲਈ ਛੇਤੀ ਕੀਤਿਆਂ ਮੰਨਦਾ ਨਹੀਂ ਹੈ। ਭੈੜਾ ਸੁਭਾਅ ਹੀ ਇਸ ਨੂੰ ਰਾਹ ਸਿਰ ਚੱਲਣ ਨਹੀਂ ਦਿੰਦੇ।

ਇਨ੍ਹਾਂ ਤੁਕਾਂ ਵਿੱਚ ਇਹ ਸਮਝਾਇਆ ਗਿਆ ਹੈ ਕਿ ਮਨੁੱਖ ਦੇ ਮਨ ਵਿੱਚ ਹਰ ਵੇਲੇ ਚੰਗੇ ਤੇ ਮੰਦੇ ਦੋ ਵਿਚਾਰ ਚਲਦੇ ਰਹਿੰਦੇ ਹਨ। ਮਨੁੱਖ ਇਹਨਾਂ ਦੇ ਅਧੀਨ ਹੋ ਕੇ ਹੀ ਸਾਰੇ ਕਾਰ ਵਿਹਾਰ ਕਰਦਾ ਹੈ। ਗੁਰਬਾਣੀ ਗੁਰੂ ਦੀ ਮੱਤ ਨੂੰ ਚੰਗੀ ਮਾਂ ਤੇ ਪਿਤਾ ਸੰਤੋਖ ਨੂੰ ਮੰਨਿਆ ਗਿਆ ਹੈ **ਮਾਤਾ ਮਤਿ ਪਿਤਾ ਸੰਤੋਖੁ ॥ (151)**

ਭੈੜੀ ਮੱਤ ਸੰਬੰਧੀ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਚੰਗਾ ਹੋਇਆ ਮੇਰੀ ਮਾਂ ਮਰ ਗਈ ਹੈ **ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥ (476)** ਸਾਡੇ ਮਨ ਵਿੱਚ ਚੰਗੇ ਵਿਚਾਰ ਰੱਬ ਵਾਲੇ ਹਨ ਜਦ ਕਿ ਭੈੜੇ ਵਿਚਾਰ ਵਿਕਾਰਾਂ ਵਲ ਨੂੰ ਪ੍ਰੇਰਤ ਕਰਦੇ ਹਨ। ਸਾਡੇ ਮਨ ਵਿੱਚ ਅਵਿਦਿਆ ਦੇ ਜ਼ੋਰ ਕਰਕੇ ਅਗਿਆਨਤਾ ਜਨਮ ਲੈਂਦੀ ਹੈ। ਅਗਿਆਨਤਾ ਵਿੱਚ ਮਨ ਫੈਸਲੇ ਸਹੀ ਨਹੀਂ ਕਰਦਾ। ਇਹ ਅਗਿਆਨਤਾ ਗਿਆਨ ਇੰਦ੍ਰਿਆਂ ਨੂੰ ਸਹੀ ਦਿਸ਼ਾ ਨਿਰਦੇਸ਼ ਦੇਣ ਤੋਂ ਅਸਮਰੱਥ ਹੁੰਦੀ ਹੈ। ਅਗਿਆਨਤਾ ਕਰਕੇ ਇਸ ਮਨ ਦੀ ਦੋਸਤੀ ਭੈੜੀ ਸੰਗਤ ਦੇ ਨਾਲ ਹੁੰਦੀ ਹੈ। ਪੰਡਤ ਜੀ ਤੁਸੀਂ ਕਹਿ ਰਹੇ ਹੋ ਕੇ ਕੇਵਲ ਧਰਮ ਦੇ ਕਰਮ ਨਿਬਾਹੁਣ ਨਾਲ ਹੀ ਰੱਬ ਜੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜ਼ਰਾ ਕੁ ਇਸ ਖਿਆਲ ਵਲ ਧਿਆਨ ਦੇਣ ਦਾ ਯਤਨ ਕਰਿਆ ਜੇ

**ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥**
**ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥**
(੫੯੮)

ਜਿੰਨਾ ਚਿਰ ਸੰਤੋਖ ਪਿਤਾ ਤੇ ਗੁਰੂ ਦੀ ਮਤ ਨੂੰ ਮਾਂ ਨਹੀਂ ਬਣਾਉਂਦੇ ਓਨਾ ਚਿਰ ਚੰਗੀ ਸੰਤਾਨ ਦਾ ਜਨਮ ਨਹੀਂ ਹੋ ਸਕਦਾ।

ਸ਼ਬਦ ਦੇ ਦੂਸਰੇ ਬੰਦ ਵਿੱਚ ਹੋਰ ਬਰੀਕ ਗੱਲ ਸਮਝਾਉਂਦਿਆਂ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਜਦੋਂ ਬਿਮਾਰੀ ਜੜ੍ਹ ਵਿੱਚ ਹੋਵੇ ਤਾਂ ਓਦੋਂ ਪੱਤਿਆਂ'ਤੇ ਦਵਾਈ ਪਾਉਣ ਦਾ ਕੋਈ ਲਾਭ ਨਹੀਂ ਹੈ

**ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥**
**ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥**

ਬਨਸਪਤੀ ਦੀ ਉਦਾਹਰਣ ਦਿੰਦਿਆਂ ਦੱਸਿਆ ਹੈ ਕਿ ਜਿਸ ਤਰ੍ਹਾਂ ਬਨਸਪਤੀ ਦੇਖਣ ਨੂੰ ਬਾਹਰੋਂ ਬਹੁਤ ਸੋਹਣੀ ਲੱਗਦੀ ਹੈ ਪਰ ਉਸ ਦੇ ਅੰਦਰ ਅੱਗ ਲੁਕੀ ਹੋਈ ਹੈ। ਦੂਜੇ ਪਾਸੇ ਚੰਦ੍ਰਮਾ ਵਰਗੀ ਸੀਤਲਤਾ ਤੇ ਸੂਰਜ ਵਰਗਾ ਤੇਜ਼ ਪ੍ਰਤਾਪ ਵੀ ਮਨੁੱਖ ਦੇ ਮਨ ਵਿੱਚ ਪਿਆ ਹੋਇਆ ਹੈ। ਦੁੱਖ ਇਸ ਗੱਲ ਦਾ ਹੈ ਕਿ ਪੁਜਾਰੀ ਭਾਈ ਤੇਰੀ ਕਰਮ-ਕਾਂਡੀ ਸਿੱਖਿਆ ਨਾਲ ਬਨਸਪਤੀ ਵਾਲੀ ਅੱਗ ਤੋਂ ਬਚਿਆ ਨਹੀਂ ਜਾ ਰਿਹਾ ਸਗੋਂ ਭਟਕਣਾ ਜ਼ਿਆਦਾ ਹੀ ਹੋ ਰਹੀ ਹੈ। ਇੱਕ ਪਾਸੇ ਜਵਾਨੀ ਠਾਠਾਂ ਮਾਰਦੀ ਹੋਈ ਵਿਕਾਰਾਂ ਨੂੰ ਪਸੰਦ ਕਰਦੀ ਹੈ ਦੂਜੇ ਪਾਸੇ ਮਨ ਅੰਦਰ ਸ਼ਾਂਤੀ ਤੇ ਗਿਆਨ ਦਾ ਤੇਜ਼ ਪ੍ਰਤਾਪ ਵੀ ਲੁਕਿਆ ਹੋਇਆ ਹੈ। ਹੁਣ ਤੇਰੀ ਸਿੱਖਿਆ ਨਾਲ ਨਾ ਤਾਂ ਜਵਾਨੀ ਨੂੰ ਸਹੀ ਰਸਤੇ'ਤੇ ਲਿਆਂਦਾ ਜਾ ਰਿਹਾ ਹੈ ਤੇ ਨਾਂ ਹੀ ਰੱਬੀ ਗਿਆਨ ਦੀ ਕੋਈ ਪ੍ਰਾਪਤੀ ਕਹੀ ਜਾ ਸਕਦੀ ਹੈ। ਧਾਰਮਿਕ ਕਰਮ-ਕਾਂਡ ਨਿਬਾਹੁਣ ਨਾਲ ਆਤਮਿਕ ਵਿਕਾਸ ਨਹੀਂ ਹੋ ਸਕਦਾ ਤੇ ਨਾ ਹੀ ਮਨ ਨੂੰ ਕੋਈ ਸ਼ਾਂਤੀ ਮਿਲ ਸਕਦੀ ਹੈ।

ਸਾਡੇ ਮਨ ਵਿੱਚ ਇੱਕ ਤਾਂ ਤ੍ਰਿਸ਼ਨਾ, ਆਸਾ ਤੇ ਲੋਭ ਦੀ ਅੱਗ ਬਲ਼ ਰਹੀ ਹੈ। ਦੂਜੇ ਪਾਸੇ ਏਸੇ ਮਨ ਵਿੱਚ ਸ਼ਾਂਤੀ, ਤੇਜ਼ ਗਿਆਨ ਅਤੇ ਰੱਬੀ ਗੁਣ ਵੀ ਏਸੇ ਮਨ ਵਿੱਚ ਹੀ ਪਏ ਹੋਏ ਹਨ। ਚਾਹੀਦਾ ਤਾਂ ਇਹ ਸੀ ਕਿ ਗੁਰੂ ਜੀ ਦੇ ਗਿਆਨ ਦੁਆਰਾ ਅੰਦਰਲੇ ਗਿਆਨ ਨੂੰ ਵਰਤੋਂ ਵਿੱਚ ਲਿਆ ਕੇ ਸ਼ਾਂਤੀ ਦੇ ਸਾਧਨ ਪੈਦਾ ਕਰਦਾ, ਦੂਜਾ ਤ੍ਰਿਸ਼ਨਾ ਵਰਗੀ ਅੱਗ ਤੋਂ ਬਚਿਆ ਜਾਂਦਾ।

ਹੁਣ ਲਈਏ ਸਿੱਖ ਭਾਈ ਚਾਰੇ ਦੀ ਗੱਲ। ਕੀ ਅਸੀਂ ਹਿੰਦੂ ਪੁਜਾਰੀ ਵਾਂਗ

ਸਾਰਾ ਕੁੱਝ ਨਹੀਂ ਕਰ ਰਹੇ? ਕੀ ਸਾਡੀਆਂ ਸਾਰੀਆਂ ਜੱਥੇਬੰਦੀਆਂ ਵਿੱਚ ਕੋਈ ਸ਼ਾਂਤੀ ਜਾਂ ਰੱਬੀ ਗਿਆਨ ਨੂੰ ਵਰਤੋਂ ਵਿੱਚ ਲਿਆਉਣ ਵਾਲੀ ਕੋਈ ਆਪਸੀ ਸਾਂਝ ਹੈ? ਜਿਸ ਤਰ੍ਹਾਂ ਹਿੰਦੂ ਪੁਜਾਰੀ ਰਸਮਾਂ ਨਿਭਾ ਰਿਹਾ ਹੈ ਏਸੇ ਤਰ੍ਹਾਂ ਸਾਡੇ ਇਤਿਹਾਸਕ, ਸਥਾਨਿਕ ਗੁਰਦੁਆਰੇ ਇਸ ਤੋਂ ਇਲਾਵਾ ਅਖੌਤੀ ਸਾਧਾਂ ਦੇ ਡੇਰੇ ਠਾਠ ਹੋਰ ਭਾਂਤ ਭਾਂਤ ਦੀਆਂ ਜੱਥੇਬੰਦੀਆਂ ਫੋਕਟ ਦੀਆਂ ਰਸਮਾਂ ਕਰਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ।

ਇੰਜ ਲੱਗਦਾ ਹੈ ਜਿਹੜੀ ਅੱਜ ਗੁਰਦੁਆਰਿਆਂ ਵਿਚੋਂ ਸਾਨੂੰ ਸਿੱਖਿਆ ਮਿਲ ਰਹੀ ਹੈ ਉਸ ਨਾਲ ਅਸੀਂ ਸ਼ਾਂਤੀ ਤੇ ਰੱਬੀ ਗਿਆਨ ਨੂੰ ਵਰਤੋਂ ਵਿੱਚ ਨਹੀਂ ਲਿਆਂਦਾ ਸਗੋਂ ਈਰਖਾ ਦੀ ਅੱਗ ਹੀ ਸੇਕ ਰਹੇ ਹਾਂ। ਸਿੱਖਾਂ ਦਾ ਉਹ ਕਿਹੜਾ ਧਾਰਮਿਕ ਅਸਥਾਨ ਹੈ ਜਿੱਥੇ ਗੁਰਬਾਣੀ ਦੇ ਨਾਂ ਤੇ ਪੂਰੇ ਪੂਰੇ ਕਰਮ-ਕਾਂਡ ਨਹੀਂ ਕੀਤੇ ਜਾ ਰਹੇ। ਸਾਨੂੰ ਸਿੱਖਿਆ ਤਾਂ ਉਹ ਚਾਹੀਦੀ ਸੀ ਜਿਹੜੀ ਸਾਡੇ ਅੰਦਰ ਪਏ ਸ਼ਾਂਤੀ ਵਾਲੇ ਸੁਭਾਅ ਨੂੰ ਪ੍ਰਗਟ ਕਰਦੀ ਤੇ ਮਹਾਂ ਗਿਆਨ ਨਾਲ ਆਤਮਿਕ ਤਰੱਕੀ ਕਰਦੇ। ਪਰ ਅਸੀਂ ਤਾਂ ਅੰਦਰਲੀ ਈਰਖਾ ਵਾਲੀ ਅੱਗ ਵਿੱਚ ਹੀ ਝੁਲਸੇ ਪਏ ਹਾਂ। ਸ਼ਬਦ ਦੇ ਤੀਸਰੇ ਬੰਦ ਵਿੱਚ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ ਕਿ

**ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ॥**

**ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ॥੩॥**

ਇਨ੍ਹਾਂ ਤੁਕਾਂ ਵਿੱਚ ਗੁਰੂ ਸਾਹਿਬ ਜੀ ਫੁਰਮਾਉਂਦੇ ਕਿ ਗੁਰੂ ਦੇ ਗਿਆਨ ਦੁਆਰਾ ਮਨੁੱਖ ਭੈੜੀ ਮਾਂ ਨੂੰ ਮਾਰ ਲੈਂਦਾ ਹੈ।

ਸ੍ਰੇਸ਼ਟ ਬੁੱਧੀ ਦੁਆਰਾ ਠੰਡੇ ਜਿਗਰੇ ਨਾਲ ਸੁਣਨ ਦੀ ਸਹਾਰਨ ਦੀ ਆਦਤ ਬਣਦੀ ਹੈ। ਰੋਜ਼ਾਨਾ ਦੇ ਜੀਵਨ ਵਿੱਚ ਇਹ ਗੱਲ ਆਮ ਦੇਖਣ ਵਰਤਣ ਤੋਂ ਪਤਾ ਲੱਗਦੀ ਹੈ। ਹੁਣ ਗੱਲ ਪੂਰੀ ਸਮਝ ਵਿੱਚ ਪੈਂਦੀ ਹੈ ਕਿ ਸਾਡੇ ਮਨ ਵਿੱਚ ਦੋ ਦੋ ਮਾਪੇ ਬੈਠੇ ਹੋਏ ਹਨ।

ਜਿਸ ਤਰ੍ਹਾਂ ਮਾਂ ਬਾਪ ਦੁਆਰਾ ਬੱਚੇ ਜਨਮ ਲੈਂਦੇ ਏਸੇ ਤਰ੍ਹਾਂ ਹੀ ਭੈੜੇ ਮਾਪਿਆਂ ਦੁਆਰਾ ਭਾਵ ਭੈੜੀ ਮਤ ਤੇ ਅਗਿਆਨਤਾ ਨਾਲ ਅਸੀਂ ਈਰਖਾ, ਲਾਲਚ, ਆਪਾ-ਧਾਪੀ ਤੇ ਨਿੱਜੀ ਸੁਆਰਥ ਨੂੰ ਹਮੇਸ਼ਾਂ ਅੱਗੇ ਰੱਖਾਂਗੇ। ਚੰਗੇ ਮਾਪੇ ਸੰਤੋਖ ਤੇ ਸ਼ੁੱਧ ਗਿਆਨ ਦੁਆਰਾ ਜਿੱਥੇ ਆਤਮਿਕ ਵਿਕਾਸ ਹੁੰਦਾ ਹੈ ਓਥੇ ਆਪਸੀ ਭਾਈਚਾਰਕ ਸਾਂਝ, ਮਿਲਵਰਤਣ, ਸਹਿਣਸ਼ੀਲਤਾ, ਲਾਲਚ ਦਾ ਤਿਆਗ ਤੇ ਪਰਉਪਕਾਰ ਵਾਲੀ ਬਿਰਤੀ ਜਨਮ ਲੈਂਦੀ ਹੈ। ਅੱਜ ਅਸੀਂ ਇੱਕ ਦੂਜੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਾਂ। ਕੀ ਸਾਡੇ ਲੱਛਣ ਇੱਕ ਗੁਰਸਿੱਖ ਵਾਲੇ ਹੈਣ? ਮੌਜੂਦਾ ਦੌਰ ਅੰਦਰ ਹੀ ਦੇਖ ਲਈਏ ਜਿੰਨੀਆਂ ਵੀ ਸਿੱਖ ਜੱਥੇਬੰਦੀਆਂ ਹਨ ਸਭ ਇੱਕ ਦੂਜੇ ਦੇ ਖੂਨ ਦੀ ਪਿਆਸੀਆਂ ਹੋਈਆਂ ਹੀ ਲੱਗਦੀਆਂ ਹਨ। ਹਰ ਰੋਜ਼ ਅਖਬਾਰਾਂ ਵਿੱਚ ਇੱਕ ਦੂਜੇ ਤੇ ਤੋਹਮਤਾਂ ਦੀ ਹੀ ਬਰਸਾਤ ਹੋਈ ਹੁੰਦੀ ਹੈ। ਸਹਾਰਨ ਦਾ ਭਾਵ ਅਰਥ ਹੈ ਇੱਕ ਦੂਜੇ ਦੀ ਗੱਲ ਨੂੰ ਧਿਆਨ ਪੂਰਵਕ ਸੁਣਨਾ ਤੇ ਰਲ ਮਿਲ ਕੇ ਬੁਰਾਈਆਂ ਨੂੰ ਮਾਰਨ ਦਾ ਹਰ ਵੇਲੇ ਅਭਿਆਸ ਕਰਦੇ ਰਹਿਣਾ ਤੇ ਏਹੀ ਰੱਬੀ ਮਿਲਾਪ ਹੈ। ਸ਼ਬਦ ਦੀਆਂ ਅਖੀਰਲੀਆਂ ਤੁਕਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ

**ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥**

**ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥**

ਮਨੁੱਖੀ ਮਨ ਦੀ ਮਾਨਸਿਕ ਕਮਜ਼ੋਰੀ ਹੈ ਕਿ ਇਹ ਕਿਸੇ ਦੀ ਗੱਲ ਸੁਣਦਾ ਨਹੀਂ ਸਗੋਂ ਸਣਾਉਂਦਾ ਹੀ ਹੈ। ਦੂਸਰਾ ਵਿਸ਼ੇ ਵਿਕਾਰਾਂ ਵਲੋਂ ਰੱਜਦਾ ਵੀ ਨਹੀਂ ਹੈ। ਇਹ ਜ਼ਰੂਰੀ ਨਹੀਂ ਕਿ ਬੰਦਾ ਵਿਸ਼ੇ ਵਿਕਾਰ ਸਰੀਰ ਦੇ ਤਲ'ਤੇ ਹੀ ਭੋਗਦਾ ਹੈ। ਅਸਲ ਵਿੱਚ ਇਹ ਮਾਨਸਿਕ ਤੌਰ'ਤੇ ਜੋ ਭੋਗ ਰਿਹਾ ਹੈ ਤੇ ਉਸ ਦੀ ਵਿਚਾਰ ਕੀਤੀ ਗਈ ਹੈ। ਆਪਣਿਆਂ ਵਿਚਾਰਾਂ ਵਿੱਚ ਵਿਸ਼ੇ ਵਿਕਾਰਾਂ ਨੂੰ ਰੱਖਣ ਕਰਕੇ ਨਿਵਾਣ ਵਾਲੇ ਪਾਸੇ ਚਲਿਆ ਜਾਂਦਾ ਹੈ। ਜੇ ਕਿਤੇ ਭੁੱਲਿਆ ਚੁੱਕਿਆ ਕੋਈ ਚੰਗਾ ਵਿਚਾਰ ਸੁਣ ਲੈਂਦਾ ਹੈ ਤਾਂ ਇਹ ਸ਼ੇਰ ਹੋ ਜਾਂਦਾ ਹੈ।

ਗੁਰਦੇਵ ਪਿਤਾ ਜੀ ਸਮਝਾਉਂਦੇ ਹਨ ਕਿ ਜੇ ਪੱਕੇ ਤੌਰ'ਤੇ ਗੁਰੂ ਦੀ ਮੱਤ ਨੂੰ ਆਪਣੇ ਮਨ ਵਿੱਚ ਬੈਠਾ ਲਏ ਤਾਂ ਚੰਗਾ ਇਨਸਾਨ ਬਣ ਸਕਦਾ ਹੈ।

**ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ॥**

**ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ॥**

**(੫੯੮)**

ਮਿਲਾਵਟ ਕਰਨ ਵਾਲੇ ਧਰਮ ਦੇ ਨਾਂ'ਤੇ ਦਾਨ ਪੁੰਨ ਬਹੁਤ ਕਰਦੇ ਹਨ ਪਰ ਪਤਾ ਉਸ ਦਿਨ ਹੀ ਲੱਗਦਾ ਹੈ ਜਦ ਛਾਪੇ ਦੌਰਾਨ ਨਕਲੀ ਖੋਆ ਫੜਿਆ ਜਾਂਦਾ ਹੈ।

ਛਾਪਾ ਮਾਰਨ ਵਾਲੇ ਵੀ ਇਨਸਾਨ ਹਨ, ਜੇ ਉਹਨਾਂ ਨੂੰ ਉਤੋਂ ਕਿਸੇ ਵੱਡੇ ਬੰਦੇ ਦਾ ਟੈਲੀਫੂਨ ਆ ਜਾਂਦਾ ਹੈ ਉਹ ਫਿਰ ਕੇਸ ਰਫਾ ਦਫਾ ਹੀ ਕਰਨ ਵਿੱਚ ਭਲਾ ਸਮਝਦੇ ਹਨ।

ਵਪਾਰੀ ਪੁਜਾਰੀ ਦੇ ਕਹੇ 'ਤੇ ਆਪਣੀ ਦੁਕਾਨ ਦੇ ਅੱਗੇ ਨਿੰਬੂ ਮਿਰਚਾਂ ਬੰਨਣੀਆਂ ਨਹੀਂ ਭੁੱਲਦਾ ਪਰ ਧਰਮ ਵਾਲੀ ਇੱਕ ਗੱਲ ਵੀ ਨਹੀਂ ਕਰਦਾ।

ਬੰਦਾ ਸੋਚਦਾ ਹੈ ਕਿ ਸ਼ਾਇਦ ਪੈਸੇ ਦੇ ਕੇ ਪਾਠ ਕਰਾਂ ਲਵਾਂ ਤਾਂ ਮੇਰੇ ਸਾਰੇ ਕਾਰਜ ਸੌਰ ਜਾਣਗੇ।

ਗੁਰੂ ਸਾਹਿਬ ਜੀ ਸਪੱਸ਼ਟ ਕਹਿ ਰਹੇ ਹਨ ਕਿ ਏਦਾਂ ਦਾ ਪਾਠ ਕਰਨ ਵਾਲੇ ਦੇ ਕੋਲ ਹੀ ਨਹੀਂ ਬੈਠਣਾ ਚਾਹੀਦਾ ਪਰ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਕਹਿ ਰਹੇ ਹਨ ਕਿ ਤੁਹਾਨੂੰ ਸਾਰੇ ਫਲ ਪ੍ਰਾਪਤ ਹੋ ਜਾਣਗੇ, ਪਾਠ ਬੁੱਕ ਕਰਾ ਲਓ।

ਸਾਡੇ ਮਨ ਵਿੱਚ ਚੰਗੇ ਤੇ ਮੰਦੇ ਦੋ ਗੁਣ ਔਗੁਣ ਹਨ ਤੇ ਚੰਗੇ ਮੰਦੇ ਗਿਆਨ ਦੀ ਵਜਾ ਕਰਕੇ ਹੀ ਸਾਡੇ ਗੁਣ ਔਗੁਣ ਸਾਕਾਰ ਹੁੰਦੇ ਹਨ।

ਜੇ ਗੁਰੂ ਜੀ ਦੀ ਗੱਲ ਨੂੰ ਧਿਆਨ ਪੂਰਵਕ ਸੁਣਨ ਦਾ ਯਤਨ ਕਰਾਂਗੇ ਤਾਂ ਸਾਨੂੰ ਸਹਾਰਨ ਦੀ ਭਾਵ ਕਿਸੇ ਦੀ ਗੱਲ ਸੁਣਨ ਦੀ ਆਦਤ ਪਏਗੀ।

ਕੇਵਲ ਧਾਰਮਿਕ ਰਸਮਾਂ ਨਿਬਾਹੁਣ ਨਾਲ ਧਰਮੀ ਨਹੀਂ ਅਖਵਾਇਆ ਜਾ ਸਕਦਾ।

ਪੁਜਾਰੀ ਜੀਵਨ ਜਾਚ ਨਹੀਂ ਦਸਦਾ ਸਗੋਂ ਧਰਮ ਦੇ ਨਾਂ'ਤੇ ਮਨੁੱਖ ਕੋਲੋਂ ਕਰਮ-ਕਾਂਡ ਹੀ ਕਰਾਉਂਦਾ ਹੈ। ਸ਼ੁਭ ਗੁਣ ਤੇ ਸ਼ੁਧ ਗਿਆਨ ਹੀ ਮਨੁੱਖ ਦਾ ਜੀਵਨ ਸਵਾਰ ਸਕਦਾ ਹੈ ਤੇ ਇਸ ਨੂੰ ਧਾਰਨ ਕਰਨ ਵਾਲਾ ਹੀ ਰੱਬੀ ਰੂਪ ਹੋ ਸਕਦਾ ਹੈ।

**ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥**

**ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥**

**(੫੯੮)**

-●-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸੇਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ

'ਗੁਰਮਤਿ ਵਿਰਸਾ'

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ



ਗਿਆਨੀ ਜਗਤਾਰ ਸਿੰਘ ਜਾਚਕ

ਗੁਰੂ ਕਾਲ ਸਮੇਤ 17ਵੀਂ ਤੇ 18ਵੀਂ ਸਦੀ ਦੀਆਂ ਪ੍ਰਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਾਚੀਨ ਹੱਥ-ਲਿਖਤੀ ਬੀੜਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਸੰਨ 1952 ਵਿੱਚ ਛਾਪੀ ਪਾਵਨ ਬੀੜ, ਗੁਰਬਾਣੀ ਵਿਆਕਰਣ ਅਤੇ ਕਾਵਿਕ ਤੋਲ ਦੀ ਦ੍ਰਿਸ਼ਟੀ ਤੋਂ ਸ਼੍ਰੋਮਣੀ ਕਮੇਟੀ ਦੁਆਰਾ ਛਾਪੀ ਜਾ ਰਹੀ ਮੌਜੂਦਾ ਪ੍ਰਚਲਿਤ ਬੀੜ, ਸ਼੍ਰੋਮਣੀ ਕਮੇਟੀ ਦੁਆਰਾ ਸਿੰਘ ਸਾਹਿਬਾਨ ਦੀ ਅਗਵਾਈ ਵਿੱਚ ਪਾਠ-ਭੇਦਾਂ ਦੇ ਨਿਪਟਾਰੇ ਲਈ ਕਰਵਾਏ ਖੋਜ ਕਾਰਜਾਂ ਦੀਆਂ ਜਨਵਰੀ ਸੰਨ 1977 ਤੇ ਸੰਨ 2002 ਦੀਆਂ ਰਿਪੋਰਟਾਂ, ਦਮਦਮੀ ਟਕਸਾਲ ਦੇ ਨਾਂ ਹੇਠ ਛਾਪੀਆਂ ਜਾ ਰਹੀਆਂ ਸੰਥਾ ਪੋਥੀਆਂ, ਸਟੀਕ ਤੇ ਗੁਟਕੇ ਆਦਿਕ ਅਤੇ ਸਿੱਖ ਬੁੱਕ ਕਲੱਬ ਅਮਰੀਕਾ ਦੀ ਐਪ ਰਾਹੀਂ ਪ੍ਰਾਪਤ ਹੋ ਰਹੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਤੇ ਮਰਹੂਮ ਜਥੇਦਾਰ ਗਿ. ਜੋਗਿੰਦਰ ਸਿੰਘ ਵੇਦਾਂਤੀ ਜੀ ਅਤੇ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ 50 ਸਾਲਾ ਸਾਂਝੀ ਖੋਜ 'ਤੇ ਅਧਾਰਿਤ ਪਾਵਨ ਬੀੜ ਦੇ ਖਰੜੇ ਨੂੰ ਗੰਭੀਰਤਾ ਸਹਿਤ ਵਿਚਾਰਿਆਂ, ਜੋ ਹੁਣ ਸਭ ਤੋਂ ਪਹਿਲਾ, ਵੱਡਾ ਤੇ ਪਚੀਦਾ ਮਸਲਾ ਉਭਰਦਾ ਹੈ, ਉਹ ਹੈ 5000 ਦੇ ਲਗਭਗ ਲਫ਼ਜ਼ੀ, ਪਦ-ਛੇਦਕ, ਸਮਾਸੀ ਅਤੇ ਵਧੇਰੇ ਕਰਕੇ ਲਗਮਾਤ੍ਰੀ ਪਾਠ-ਭੇਦਾਂ ਦਾ ।

ਜਥੇਦਾਰ ਵੇਦਾਂਤੀ ਜੀ ਦੇ ਸਹਿਯੋਗ ਨਾਲ ਸਤੰਬਰ ਸੰਨ 1991 ਵਿੱਚ ਲਿਖੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ-ਭਾਗ 1' ਦੀ ਦੂਜੀ ਐਡੀਸ਼ਨ (1996) ਦੇ ਪੰਨਾ 16 'ਤੇ ਭਾਈ ਤਲਵਾੜਾ ਜੀ ਲਿਖਦੇ ਹਨ : "ਸ਼੍ਰੋ: ਗੁ: ਪ੍ਰ: ਕਮੇਟੀ ਰਾਹੀਂ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਅਤੇ ਵਪਾਰੀ-ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਬੀੜਾਂ/ਸੈਂਚੀਆਂ ਵਿੱਚ ਅੱਖਰਾਂ ਅਤੇ ਲਗਾਂਮਾਤ੍ਰਾਂ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਫ਼ਰਕ ਦੇਖਣ ਵਿੱਚ ਆ ਰਹੇ ਹਨ । ਇਹ ਸਥਿਤੀ ਚਿੰਤਾ-ਜਨਕ ਹੈ ਅਤੇ ਸਿੱਖ ਸੰਗਤਾਂ ਦੀ ਜ਼ੋਰਦਾਰ ਮੰਗ ਹੈ ਕਿ ਇਸ ਪਾਸੇ ਜ਼ਿਮੇਂਵਾਰ ਸਿੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾਵੇ ।"ਗੁਰਬਾਣੀ ਦੀ ਉਚਾਰਨਕ ਤੇ ਪਦ-ਛੇਦਕ ਸਮਸਿਆ ਨੂੰ ਧਿਆਨ ਵਿੱਚ ਰੱਖ ਕੇ ਉਹ'ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ- ਭਾਗ ਦੂਜਾ, ਪੰ. 94 'ਤੇ ਲਿਖਦੇ ਹਨ : "ਜਿਹੜੇ ਗੁਰਬਾਣੀ ਦੇ ਸ਼ਬਦ-ਜੋੜਾਂ ਬਾਰੇ ਵਿਚਾਰ ਦਾ ਵਖੇਵਾਂ ਹੈ, ਅਜਿਹੇ ਸ਼ਬਦ ਸਮੱਗਰ ਗੁਰਬਾਣੀ ਵਿੱਚ 500 ਤੋਂ ਵਧ ਨਹੀਂ, ਇਨ੍ਹਾਂ ਦੇ ਦਰੁਸਤ ਸ਼ਬਦ-ਜੋੜਾਂ ਬਾਰੇ ਗੁਰਮੱਤੀ ਵਿਦਵਾਨ ਮੰਡਲੀ ਦੇ ਪਰਸਪਰ ਵਿਚਾਰ-ਵਟਾਂਦਰੇ ਮਗਰੋਂ ਪੰਥਕ ਤੌਰ 'ਤੇ ਨਿਰਣਾ ਲਏ ਜਾਣ ਦੀ ਲੋੜ ਹੈ ।"

ਪਾਵਨ ਬੀੜਾਂ ਦੇ ਪਾਠ-ਭੇਦਾਂ ਦੀ ਹੋਂਦ ਤੇ ਸੁਧਾਈ ਦੀ ਜ਼ਰੂਰਤ ਪੱਖੋਂ ਪ੍ਰਸਿੱਧ ਇਤਿਹਾਸਕਾਰ ਸ੍ਰ. ਕ੍ਰਿਪਾਲ ਸਿੰਘ ਦੀ ਪੁਸਤਕ 'ਪੰਥਕ ਮਤੇ' ਮੁਤਾਬਿਕ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਸੰਨ 1952 ਵਾਲਾ ਉਹ ਮਤਾ ਵੀ ਬੜਾ ਮਹਤਵ ਪੂਰਨ ਹੈ, ਜਿਸ ਦੁਆਰਾ ਪਾਵਨ ਬੀੜਾਂ ਦੇ ਪ੍ਰਕਾਸ਼ਕ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਅੱਗੇ ਤੋਂ ਪਾਠ ਦੀ ਲਿਖਤ ਇਸ ਮਤੇ ਅਨੁਸਾਰ ਸੋਧਾਂ ਕਰਕੇ ਬੀੜਾਂ ਛਾਪਣ ।ਸ਼੍ਰੋਮਣੀ ਕਮੇਟੀ ਵੱਲੋਂ ਜਨਵਰੀ 1977 ਵਿੱਚ ਵੱਖ ਵੱਖ ਬੀੜਾਂ ਦੇ ਵੇਰਵੇ ਸਹਿਤ 4784 'ਪਾਠ-ਭੇਦਾਂ ਦੀ ਸੂਚੀ' ਪ੍ਰਕਾਸ਼ਤ ਹੋਈ ਸੀ । ਇਸ ਖੋਜ ਪੁਸਤਕ ਦਾ ਨਾਂ ਹੈ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਾ ਪੋਥੀਆਂ ਅਤੇ ਪੁਰਾਤਨ ਹੱਥ-ਲਿਖਤਾਂ ਦੇ ਪਰਸਪਰ ਪਾਠ-ਭੇਦਾਂ ਦੀ ਸੂਚੀ" । ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਤਤਕਾਲੀ ਹੈਡ-ਗ੍ਰੰਥੀ ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ ਜੀ ਨੇ ਉਸ ਦੀ ਭੂਮਿਕਾ ਵਿੱਚ ਲਿਖਿਆ ਹੈ :

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਤੀ ਉਕਾਈਆਂ ਜੋ ਲਿਖਾਰੀਆਂ ਜਾਂ ਛਾਪੇ ਵਾਲਿਆਂ ਦੀ ਅਨਗਹਿਲੀ ਕਾਰਨ ਆ ਗਈਆਂ ਹਨ, ਦੀ ਪਰਖ-ਪੜਤਾਲ ਕੀਤੀ ਜਾਣੀ ਅਤਿ ਜ਼ਰੂਰ ਭਾਸਦੀ ਹੈ । ਗੁਰੂ ਕਰਤਾਰ ਤਾਂ ਅਭੁੱਲ ਹੈ, ਪਰ ਲਿਖਾਰੀਆਂ ਕੋਲੋਂ ਏਡੇ ਵੱਡੇ ਅਕਾਰ ਦੇ ਗ੍ਰੰਥ ਦਾ ਉਤਾਰਾ ਕਰਨ ਵਿੱਚ ਉਕਾਈਆਂ ਜ਼ਰੂਰ ਰਹੀਆਂ ਹਨ ਤੇ ਸੋਧ-ਸੁਧਾਈ ਅਜਿਹੀਆਂ ਉਕਾਈਆਂ ਦੀ ਹੀ ਲੁੜੀਂਦੀ ਹੈ" । {ਪਾਠ-ਭੇਦ ਸੂਚੀ-ਭੂਮਿਕਾ ਪੰਨਾ (ਸ)}

ਜਿਵੇਂ ਛਾਪੇ ਦੀ ਪਾਵਨ ਬੀੜ ਦਾ ਵਾਕ ਹੈ : ਦਹ ਦਿਸ ਬੂਡੀ ਪਵਨੁ ਝੁਲਾਵੈ ; ਡੋਰਿ ਰਹੀ ਲਿਵ ਲਾਈ ॥ {ਪੰ. 333} ਇਸ ਵਾਕ ਦੁਆਰਾ ਭਗਤ ਕਬੀਰ ਸਾਹਿਬ ਜੀ ਨੇ ਗੁੱਡੀ (ਗੂਡੀ, ਪਤੰਗ), ਡੋਰ ਤੇ ਹਵਾ ਦੇ ਰੂਪਕ ਅਲੰਕਾਰ ਦੁਆਰਾ ਸਮਝਾਇਆ ਹੈ ਕਿ ਜਿਵੇਂ ਕੋਈ ਵਿਅਕਤੀ ਡੋਰ ਦੇ ਸਹਾਰੇ ਅਕਾਸ਼ 'ਤੇ ਗੁੱਡੀ ਚੜ੍ਹਾਉਂਦਾ ਹੈ ਅਤੇ ਹਵਾ (ਪਵਨੁ) ਗੁੱਡੀ ਨੂੰ ਦਸਾਂ ਦਿਸ਼ਾਵਾਂ ਵਿੱਚ ਝੁਲਾਰਦੀ (ਉਡਾਉਂਦੀ) ਹੈ । ਪ੍ਰੰਤੂ, ਗੁੱਡੀ ਉਡਾਉਣ ਵਾਲੇ ਦੀ ਸੁਰਤ ਦੀ ਡੋਰ (ਲਿਵ) ਗੁੱਡੀ ਵਿਚ ਲੱਗੀ ਰਹਿੰਦੀ ਹੈ, ਜਿਸ ਕਰਕੇ ਹਵਾ ਦੇ ਧੱਕਿਆਂ ਕਾਰਣ ਉਹ ਡਿੱਗਦੀ ਨਹੀਂ । ਤਿਵੇਂ ਹੀ ਦੁਨਿਆਵੀ ਕੰਮ-ਕਾਰ ਰੂਪ ਮਾਇਕ ਹਵਾ ਸਾਡੀ ਦੇਹ ਰੂਪ ਗੁੱਡੀ ਨੂੰ ਭਾਵੇਂ ਇਧਰ ਉਧਰ ਦੜੌਂਦੀ ਹੈ । ਭਾਵ, ਸਰੀਰ ਕਰਕੇ ਕੰਮ-ਕਾਰ ਲਈ ਭਾਵੇਂ ਸਾਨੂੰ ਕਈ ਪਾਸੀਂ ਦੌੜ-ਭੱਜ ਕਰਨੀ ਪੈਂਦੀ ਹੈ, ਪਰ ਸਾਡੀ ਬਿਰਤੀ ਦੀ ਡੋਰੀ ਰੱਬੀ-ਯਾਦ ਵਿੱਚ ਲੱਗੀ ਹੋਣ ਕਰਕੇ ਮਾਇਆ ਸਾਨੂੰ ਪ੍ਰਭਾਵਤ ਨਹੀਂ ਕਰਦੀ ।

ਭਗਤ ਬਾਬਾ ਨਾਮਦੇਵ ਜੀ ਨੇ ਵੀ 'ਮਨੁ ਰਾਮ ਨਾਮਾ ਬੇਧੀਅਲੇ ॥' (ਹੱਥ ਕਾਰ ਵੱਲ ਤੇ ਦਿਲ ਕਰਤਾਰ ਵੱਲ) ਦੀ ਗੱਲ ਸਮਝਾਉਣ ਲਈ ਮਹਾਂਰਾਸ਼ਟਰ ਦੀ ਮਰਹਟੀ ਭਾਸ਼ਾ ਵਿੱਚ ਵੀ ਉਦਾਹਰਣ ਵਜੋਂ ਉਪਰੋਕਤ ਅਲੰਕਾਰ ਹੀ ਵਰਤਿਆ ਹੈ । ਜਿਵੇਂ :

ਆਨੀਲੇ ਕਾਗਦੁ, ਕਾਟੀਲੇ ਗੂਡੀ ; ਆਕਾਸ ਮਧੇ ਭਰਮੀਅਲੇ ॥

ਪੰਚ ਜਨਾ ਸਿਉ ਬਾਤ ਬਤਊਆ ; ਚੀਤੁ ਸੁ ਡੋਰੀ ਰਾਖੀਅਲੇ ॥ {ਪੰ. 972}

ਸੋ ਅਸਲੀਅਤ ਇਹ ਹੈ ਕਿ ਜਿਵੇਂ ਬਾਬਾ ਨਾਮਦੇਵ ਜੀ ਨੇ ਸਪਸ਼ਟ ਤੌਰ 'ਤੇ ਹੇਂਦਵੀ ਲਫ਼ਜ਼ 'ਗੂਡੀ' ਵਰਤਿਆ ਹੈ, ਤਿਵੇਂ ਹੀ ਕਾਂਸ਼ੀ ਨਿਵਾਸੀ ਭਗਤ ਕਬੀਰ ਜੀ ਨੇ ਵੀ ਉਪਰੋਕਤ ਵਾਕ ਵਿੱਚ 'ਗੂਡੀ' ਲਫ਼ਜ਼ ਹੀ ਵਰਤਿਆ ਸੀ । ਪ੍ਰਸੰਗਕ ਤੌਰ 'ਤੇ ਵੀ ਇਹੀ ਸਹੀ ਸੀ । ਪ੍ਰੰਤੂ, ਕਿਸੇ ਲਿਖਾਰੀ ਨੇ ਪੁਰਾਤਨ ਕਾਲ ਦੀ ਗੋਲਾਕਾਰ ਲਿਖਾਈ ਦੇ 'ਗ' ਅੱਖਰ ਨੂੰ ਭੁਲੇਖੇ ਨਾਲ 'ਬ' ਸਮਝ ਕੇ 'ਬੂਡੀ' ਲਿਖ ਦਿੱਤਾ । ਹਿੰਦੀ ਵਿੱਚ 'ਬੂਡੀ' ਪਦ ਦਾ ਅਰਥ ਹੈ-ਡੁੱਬੀ ਜਾਂ ਹੇ ਡੁਬੀਏ ! ਜਿਵੇਂ ਗੁਰਵਾਕ ਹੈ : ਬੂਡੀ ! ਘਰੁ ਘਾਲਿਓ ; ਗੁਰ ਕੈ ਭਾਇ ਚਲੋ ॥ {ਪੰ. 689} ਸੰਬੋਧਕ 'ਬੂਡੀ' ਪਦ ਤੋਂ ਹੀ ਬਹੁਵਚਨ ਕਿਰਿਆ ਬਣੀ ਹੈ – 'ਬੂਡਤ' । ਜਿਵੇਂ : ਬੂਡਤ ਘੋਰ ਅੰਧ ਕੂਪ ਮਹਿ ... ॥ {ਪੰ. 1208}

ਸ਼੍ਰੋਮਣੀ ਕਮੇਟੀ ਦੀ 'ਪਾਠ-ਭੇਦ ਸੂਚੀ' ਦੇ ਖੋਜੀ ਵਿਦਵਾਨਾਂ ਨੇ 'ਗੂਡੀ' ਪਦ ਉਪਰੋਕਤ ਸੱਚਾਈ ਨੂੰ ਸਾਬਿਤ ਕਰਨ ਲਈ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਦਰਲੀ ਲਿਖਤ ਪੱਖੋਂ ਸਭ ਤੋਂ ਸ਼ੁਧ ਮੰਨੀ ਗਈ 'ਸਾਰਨ ਕੇ ਵਾਲੀ' 5 ਨੰ. ਬੀੜ ਤੋਂ ਇਲਾਵਾ ਪੁਸਤਕ ਵਿੱਚ 17 ਹੋਰ ਬੀੜਾਂ ਦਾ ਵੇਰਵਾ ਦਿੱਤਾ ਹੈ, ਜੋ ਉਸ ਵੇਲੇ ਲਾਇਬ੍ਰੇਰੀ ਵਿੱਚ ਮੌਜੂਦ ਸਨ । ਜਿਵੇਂ ਬੀੜ ਨੰ. 5, 8/8, 11/4886, 21/34, 24/36, 29/79, 32/6281, 35/116 ਆਦਿ । ਪਾਠ-ਭੇਦ ਸੂਚੀ ਦੇ ਉਸ ਪੰਨੇ ਉਪਰਲਾ ਹੇਠ ਲਿਖਿਆ ਵਿਸ਼ੇਸ਼ ਨੋਟ ਵੀ ਪੜ੍ਹਨ ਯੋਗ ਹੈ :

ਦਹ ਦਿਸਿ ਬੂਡੀ ਪਵਨੁ ਝੁਲਾਵੈ... ॥

ਨੋਟ :- 'ਬੂਡੀ' ਅਸ਼ੁਧ ਪਾਠ ਦਾ ਪਰਚਾਰ, ਅਰਥ ਬੋਧ ਤੋਂ ਅਨਜਾਣ ਤੇ ਖੋਜ-ਪੜਤਾਲ ਤੋਂ ਕੰਨੀ ਕਤਰਾਉਣ ਵਾਲੇ ਸੰਪ੍ਰਦਾਈ ਪਾਠੀਆਂ ਦੀ ਕਿਰਪਾ ਨਾਲ ਬਹੁਤ ਜਾਦੇ ਹੋਇਆ ਹੈ । ਟੀਕਾਕਾਰ ਵਿਦਵਾਨਾਂ ਨੇ ਭੀ ਗ਼ਲਤ ਛਪੇ ਪਾਠ ਦੇ ਅਰਥ ਭਾਵੇਂ 'ਗੁੱਡੀ' ਹੀ ਕਰ ਦਿੱਤੇ ਹਨ । ਪਰ ਸ਼ੁੱਧ ਪਦ ਖੋਜ-ਲੱਭਣ ਦੀ ਖੇਚਲ ਕਦੀ ਵੀ ਕਿਸੇ ਨਹੀਂ ਕੀਤੀ । ਇਸੇ ਕਰਕੇ, ਇਸ ਸਬੰਧ ਵਿਚ ਬਹੁਤੇ ਪੁਰਾਤਨ ਸੰਚਿਆ ਦੇ ਹਵਾਲੇ ਦੇਣੇ ਜ਼ਰੂਰੀ ਸਮਝੇ ਗਏ ਹਨ । {ਸੂਚੀ ਪੰ.89}

ਗਿ. ਹਰਿਬੰਸ ਸਿੰਘ ਜੀ ਪਟਿਆਲਾ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੈ ਸਟੀਕ' ਦੀ ਚੌਥੀ ਪੋਥੀ ਦੇ ਪੰਨਾ 471 ਦੀ 'ਉਚਾਰਨ ਸੇਧ' ਵਿੱਚ ਲਿਖਦੇ ਹਨ :

2."ਪੁਰਾਤਨ ਹਥ-ਲਿਖਤੀ ਸਰੂਪਾਂ ਵਿਚ 'ਬੂਡੀ' ਦੀ ਥਾਂ 'ਗੂਡੀ' ਪਾਠ ਮਿਲਦਾ ਹੈ ਜੋ ਪ੍ਰਕਰਣ ਅਨੁਸਾਰ ਠੀਕ ਹੈ । ਪਰ ਇਸ ਨੂੰ ਬਦਲਣ ਦਾ ਅਧਿਕਾਰ ਕਿਸੇ ਇਕ ਵਿਅਕਤੀ ਨੂੰ ਨਹੀਂ ਹੈ । ਲਿਖਾਰੀਆਂ ਜਾਂ ਪ੍ਰੈਸ ਦੀਆਂ ਗ਼ਲਤੀਆਂ ਪੰਥਕ ਪੱਧਰ 'ਤੇ ਸੋਧਣੀਆਂ ਹੀ ਲਾਭਦਾਇਕ ਹੋ ਸਕਦੀਆਂ ਹਨ ।" ਪਰ ਇਥੇ ਸੁਆਲ ਖੜਾ ਹੁੰਦਾ ਹੈ ਕਿ ਜੇ ਸਾਡੀ ਸ਼੍ਰੋਮਣੀ ਪੰਥਕ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪਿਛਲੇ 70 ਸਾਲ ਤੋਂ ਅਜਿਹੇ ਮਹੱਤਵ ਪੂਰਨ ਮਸਲੇ ਪ੍ਰਤੀ ਰਾਜਨੀਤਕ ਆਗੂਆਂ ਦੀ ਪਿਛਲੱਗ ਬਣ ਕੇ ਟਾਲ-ਮਟੋਲਾ ਕਰਦੀ ਆ ਰਹੀ ਹੋਵੇ ਤਾਂ ਸ਼ਰਧਾਲੂ ਗੁਰਸਿੱਖ ਅਤੇ ਗੁਰਬਾਣੀ ਦੀ ਸੋਝੀ ਰਖਣ ਵਾਲੇ ਵਿਦਵਾਨ ਸੱਜਣ ਹੋਰ ਕਿਹੜਾ ਰਾਹ ਅਖ਼ਤਿਆਰ ਕਰਨ?

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਾਚੀਨ ਸਾਹਿਤ ਖੋਜੀ ਪ੍ਰੋ. ਪਿਆਰਾ ਸਿੰਘ ਪਦਮ ਨੇ ਵੀ 'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼' (ਸੰਨ 1977) ਨਾਮੀ ਪੁਸਤਕ ਵਿੱਚ ਉਦਾਹਰਣ ਵਜੋਂ ਪਾਠ-ਭੇਦਾਂ ਦੀ ਇੱਕ ਲੰਮੀ ਲਿਸਟ ਦਿੱਤੀ ਹੈ । ਉਨ੍ਹਾਂ ਇਹ ਵੀ ਲਿਖਿਆ ਕਿ "ਪ੍ਰਾਚੀਨ ਬੀੜਾਂ ਦੀ ਉਪਯੋਗਤਾ ਬਾਣੀ ਦੀ ਸੁਧਾਈ ਲਈ ਕਰਨੀ ਯੋਗ ਹੈ ਕਿਉਂਕਿ ਛਾਪੇ ਵਿੱਚ ਬਹੁਤ ਸਾਰੀਆਂ ਉਕਾਈਆਂ ਆ ਰਹੀਆਂ ਹਨ । ਸਿਹਾਰੀ ਔਂਕੜ ਦੀਆਂ (ਵਿਆਕਰਣਿਕ) ਭੁੱਲਾਂ ਤਾਂ ਸੋਚ ਵਿਚਾਰ ਕੇ ਲਭਣ ਵਾਲੀਆਂ ਹਨ, ਉਂਜ ਜੋ ਲਫ਼ਜ਼ੀ ਅਦਲਾ-ਬਦਲੀਆਂ ਹੋਈਆਂ, ਉਹ ਵੀ ਸੋਧ ਦੀਆਂ ਮੁਥਾਜ ਹਨ । ਮਿਸਾਲ ਲਈ ਭੱਟ ਦਾ ਨਾਮ 'ਕਲਜ' ਜਾਂ 'ਕਲਸਹਾਰ' ਸੀ, ਪਰ ਇਕ ਥਾਂ ਲਿਖਾਰੀ ਦੀ ਉਕਾਈ ਨਾਲ 'ਕਲ' ਤੋਂ 'ਟਲ' ਬਣ ਗਿਆ, ਹੁਣ ਇਹ 'ਟਲ' ਹੀ ਚੱਲ ਰਿਹਾ ਹੈ । (ਜਿਵੇਂ ਪਾਵਨ ਬੀੜ ਦੇ ਪੰਨਾ 1392 ਉੱਤੇ 'ਸਵਈਏ ਮਹਲੇ ਦੂਜੇ ਕੇ' ਦੇ ਸਿਰਲੇਖ ਹੇਠ ਤੁਕਾਂਸ਼ ਹੈ : ਸੁ ਕਹੁ ਟਲ ਗੁਰੁ ਸੇਵੀਐ... ॥) ਲੇਕਿਨ ਤਮਾਮ ਪ੍ਰਾਚੀਨ ਬੀੜਾਂ ਵਿੱਚ ('ਟਲ' ਦੀ ਥਾਂ) ਇਹ ਨਾਮ 'ਕਲਜ' ਕਰ ਕੇ ਹੀ ਆਉਂਦਾ ਹੈ ।" {ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ 108}

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਆਦੇਸ਼ ਮੁਤਾਬਿਕ ਸ਼੍ਰੋਮਣੀ ਕਮੇਟੀ ਵੱਲੋਂ ਸੰਨ 1996ਵਿੱਚ ਅਤੇ ਜਥੇਦਾਰ ਭਾਈ ਰਣਜੀਤ ਸਿੰਘ ਜੀ ਦੇ ਆਦੇਸ਼ ਮੁਤਾਬਿਕ ਸੰਨ 1998ਵਿੱਚ ਸਥਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ'(ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਜਥਾ) ਅਨੁਸਾਰ ਵੀ ਉਪਰੋਕਤ ਸਵਈਏ ਅੰਦਰਲੇ ਭੱਟ ਕਵੀ ਦੇ ਨਾਮ ਵਜੋਂ 'ਟਲ' ਦੀ ਥਾਂ ਸ਼ੁਧ ਪਾਠ 'ਕਲ੍ਯ' ਹੀ ਮੰਨਿਆ ਗਿਆ ਹੈ । ਇਸ ਟੀਮ ਵਿੱਚ ਮਰਹੂਮ ਜਥੇਦਾਰ ਗਿ. ਜੋਗਿੰਦਰ ਸਿੰਘ ਵੇਦਾਂਤੀ ਜੀ ਤੇ ਭਾਈ ਜੋਗਿੰਦਰ ਸਿੰਘ 'ਤਲਵਾੜਾ' ਜੀ ਤੋਂ ਇਲਾਵਾ ਹੋਰ ਚਾਰ ਮੈਂਬਰ ਸਨ ਸਤਿਕਾਰਯੋਗ ਟੀਕਾਕਾਰ ਗਿ. ਹਰਿਬੰਸ ਸਿੰਘ ਪਟਿਆਲਾ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੇ ਮਰਹੂਮ ਪ੍ਰਿੰਸੀਪਲ ਪ੍ਰਕਾਸ਼ ਸਿੰਘ, ਗੁਰਮਤਿ ਕਾਲਜ ਪਟਿਆਲਾ ਦੇ ਮਰਹੂਮ ਪ੍ਰਿੰਸੀਪਲ ਬਿਕਰਮ ਸਿੰਘ ਤੇ ਗਿ. ਗੁਰਬਚਨ ਸਿੰਘ ਖ਼ਾਲਸਾ ਜੀ ਦੇ ਪੋਤਰੇ ਭਾਈ ਅਵਤਾਰ ਸਿੰਘ ਬਧਨੀ ਕਲਾਂ ।ਸ਼੍ਰੋਮਣੀ ਕਮੇਟੀ ਨੇ ਇਸ ਟੀਮ ਦੇ ਵਿਸ਼ੇਸ਼ ਸਹਾਇਕ ਲਗਾਏ ਸਨ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਗਿ. ਭਰਪੂਰ ਸਿੰਘ ਜੀ, ਜੋ ਪ੍ਰਾਚੀਨ ਹੱਥ-ਲਿਖਤੀ ਬੀੜਾਂ ਦੇ ਪਾਠ ਦੀ ਵਿਸ਼ੇਸ਼ ਮੁਹਾਰਤ ਰੱਖਣ ਦੇ ਨਾਲ ਗੁਰਬਾਣੀ ਵਿਆਕਰਣ ਦੇ ਵੀ ਮਾਹਰ ਵਿਦਵਾਨ ਹਨ । ਉਹ ਸਤਿਕਾਰਯੋਗ ਗਿ. ਮੋਹਣ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਵਿਦਿਆਰਥੀ ਰਹੇ ਹਨ । ਸਾਡੀ ਖ਼ੁਸ਼ਕਿਸਮਤੀ ਹੈ ਕਿ ਉਪਰੋਕਤ ਟੀਮ ਵਿਚੋਂ ਇਹ ਇੱਕ ਖੋਜੀ ਵਿਦਵਾਨ ਅੱਜ ਵੀ ਸਾਡੇ ਵਿੱਚ ਮੌਜੂਦ ਹੈ । ਇਸ ਸਮੇਂ ਉਹ ਕਾਰ-ਸੇਵਾ ਵਾਲੇ ਬਾਬਾ ਸੇਵਾ ਸਿੰਘ ਜੀ ਦੁਆਰਾ ਸ੍ਰੀ ਖਡੂਰ ਸਾਹਿਬ ਵਿਖੇ ਚਲਾਏ ਜਾਂਦੇ ਗੁਰਮਤਿ ਵਿਦਿਆਲੇ ਵਿਖੇ ਗੁਰਬਾਣੀ ਦੀ ਸੰਥਿਆ ਦੇ ਰਿਹਾ ਹੈ ।

ਇਸ ਕਮੇਟੀ ਨੇ ਵੀ ਜਥੇਦਾਰ ਵੇਦਾਂਤੀ ਜੀ ਦੀ ਅਗਵਾਈ ਵਿੱਚ ਪਾਵਨ ਬੀੜ ਦੇ 1106 ਪੰਨਿਆ ਤਕ ਦੀ ਪਾਠ-ਭੇਦਾਂ ਬਾਰੇ ਆਪਣੇ ਕੀਮਤੀ ਸੁਝਾਵਾਂ ਸਹਿਤ ਅੰਤ੍ਰਿਮ ਰੀਪੋਰਟ ਸ਼੍ਰੋਮਣੀ ਕਮੇਟੀ ਨੂੰ ਸਉਂਪੀ ਸੀ । ਸ਼ੁਕਰ ਹੈ ਅਕਾਲ ਪੁਰਖ ਜੀ ਦਾ ਕਿ ਇਸ ਕਮੇਟੀ ਦੇ ਚੇਅਰਮੈਨ ਜਥੇਦਾਰ ਵੇਦਾਂਤੀ ਜੀ ਦੀ ਬਦੌਲਤ ਉਸ ਦੀ ਇਕ ਕਾਪੀ ਸਾਡੇ ਪਾਸ ਵੀ ਮੌਜੂਦ ਹੈ । ਉਸ ਵਿੱਚ ਸਪਸ਼ਟ ਲਿਖਿਆ ਹੈ ਕਿ ਪੁਰਾਤਨ ਹੱਥ ਲਿਖਤੀ ਬੀੜਾਂ ਦੀ ਗੱਲ ਤਾਂ ਦੂਰ, ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਲੜੀਦਾਰ ਤੇ ਪਦ-ਛੇਦ ਪਾਵਨ ਬੀੜਾਂ, ਸ਼ਬਦਾਰਥ ਤੇ ਸੰਥਾ ਸੈਂਚੀਆਂ ਅਤੇ ਗੁਟਕਿਆਂ ਦੀਆਂ ਐਡੀਸ਼ਨਾਂ ਵਿੱਚ ਵੀ ਸਿਰਲੇਖਾਂ, ਅਖਰਾਂ, ਲਗ-ਮਾਤ੍ਰਾਂ ਅਤੇ ਸ਼ਬਦਾਂ ਦੇ ਜੋੜ-ਅੰਕਾਂ ਤੇ ਪੈਰ ਚਿੰਨਾਂ ਵਿੱਚ ਪਰਸਪਰ ਭੇਦ ਹਨ । ਇਸ ਖੋਜ ਕਾਰਜ ਦੇ ਦਰਜਨ ਤੋਂ ਵਧੇਰੇ ਰਜਿਸਟਰ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ' ਦਾ ਸ਼ਿੰਗਾਰ ਬਣੇ ਪਏ ਹਨ । ਖੋਜੀ ਸੱਜਣਾਂ ਨੂੰ ਉਨ੍ਹਾਂ ਦੀ ਕਾਪੀ ਕਰਨ ਦਾ ਵੀ ਕੋਈ ਅਧਿਕਾਰ ਨਹੀਂ ।

ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਨੇ ਉਸ ਅੰਤ੍ਰਿਮ ਰੀਪੋਰਟ ਦੇ ਪਹਿਲੇ ਪੰਨੇ ਉੱਤੇ ਆਪਣੇ ਹੱਥ ਨਾਲ ਵਿਸ਼ੇਸ਼ ਨੋਟ ਇੰਞ ਲਿਖਿਆ : "ਇਸ ਤੋਂ ਅਗਲਾ ਕਾਰਜ ਸ਼੍ਰੋ. ਗੁ. ਪ੍ਰੰ. ਕਮੇਟੀ ਦਾ ਇਸ ਰੀਪੋਰਟ ਪ੍ਰਤੀ ਪ੍ਰਤੀਕਰਮ ਜਾਨਣ ਮਗਰੋਂ ਹੀ ਅਰੰਭ ਕੀਤਾ ਜਾਵੇਗਾ ।" ਤਲਵਾੜਾ ਜੀ ਰਿਪੋਰਟ ਪੇਸ਼ ਕਰਨ ਤੋਂ ਦੋ ਸਾਲ ਪਿੱਛੋਂ ਸੰਨ 2004 ਵਿੱਚ ਅਤੇ 19 ਸਾਲ ਪਿੱਛੋਂ ਮਈ ਸੰਨ 2021 ਵੇਦਾਂਤੀ ਜੀ ਦੋਵੇਂ ਵਿਦਵਾਨ ਕੂਕਦੇ ਤੁਰ ਗਏ ਕਿ ਪੰਥ ਪਾਵਨ ਬੀੜ ਦੇ ਪਾਠ-ਭੇਦ ਮੁਕਾ ਕੇ ਇਸ ਪੱਖੋਂ ਇਕਸਾਰਤਾ ਤੇ ਪ੍ਰਮਾਣਿਕਤਾ ਕਾਇਮ ਕਰੇ । ਇਸ ਦਰਮਿਆਨ ਸਤਿਕਾਰਯੋਗ ਪ੍ਰਿੰਸੀਪਲ ਪ੍ਰਕਾਸ਼ ਸਿੰਘ ਅੰਮ੍ਰਿਤਸਰ, ਪ੍ਰਿੰਸੀਪਲ ਬਿਕਰਮ ਸਿੰਘ ਤੇ ਟੀਕਾਕਾਰ ਗਿਆਨੀ ਹਰਿਬੰਸ ਸਿੰਘ 'ਪਟਿਆਲਾ' ਵਾਲੇ ਵੀ ਦੁਨੀਆ ਤੋਂ ਕੂਚ ਕਰ ਗਏ । ਪ੍ਰੰਤੂ, ਅਫ਼ਸੋਸ ਕਿ ਉਨ੍ਹਾਂ ਦੁਆਰਾ 2002 ਵਿੱਚ ਪੇਸ਼ ਕੀਤੀ ਅੰਤ੍ਰਿਮ ਰੀਪੋਰਟ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤਕ ਕੋਈ ਪ੍ਰਤੀਕਰਮ ਨਹੀਂ ਆਇਆ । ਅਜਿਹਾ ਪ੍ਰਾਪੇਗੰਡਾ ਬਿਲਕੁਲ ਝੂਠਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਜਨਵਰੀ 1977 ਅਤੇ ਸੰਨ 2002 ਵਾਲੀਆਂ ਪਾਠ-ਭੇਦਾਂ ਦੀਆਂ ਰੀਪੋਰਟਾਂ ਰੱਦ ਕਰ ਦਿੱਤੀਆਂ ਸਨ ।

ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਕੇਂਦਰੀ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਦੁਆਰਾ ਸੰਨ 1974 ਵਿੱਚ ਕਰਵਾਏ 'ਸ੍ਰੀ ਗੁਰੂ ਗ੍ਰੰਥ ਵਿਚਾਰ ਸੰਮੇਲਨ' ਮੌਕੇ ਅਤੇ ਫਿਰ 1995 ਵਿੱਚ ਹੋਏ 'ਵਿਸ਼ਵ ਸਿੱਖ ਸੰਮੇਲਨ' ਵੇਲੇ ਜਥੇਦਾਰ ਵੇਦਾਂਤੀ ਜੀ ਨੇ 'ਤੇਜਾ ਸਿੰਘ ਸਮੁੰਦਰੀ ਹਾਲ' ਵਿਖੇ ਹੋਏ ਵਿਸ਼ੇਸ਼ ਸੈਮੀਨਾਰਾਂ ਵਿੱਚ ਪਾਠ-ਭੇਦਾਂ ਦੀਆਂ ਬਹੁਤ ਸਾਰੀਆਂ ਵੰਨਗੀਆਂ ਦੀ ਸੂਚੀ ਪੜ੍ਹ ਕੇ ਸੁਣਾਈ ਸੀ । ਸੰਨ 1995 ਉਹ ਸ੍ਰੀ ਦਰਬਾਰ ਸਾਹਿਬ ਦੇ ਸਤਿਕਾਰਤ ਗ੍ਰੰਥੀ ਸਨ । ਉਨ੍ਹਾਂ ਦਾ ਮਕਸਦ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ-ਭੇਦਾਂ ਦੀ ਸੁਧਾਈ ਅਤੇ ਪਾਵਨ ਬੀੜ ਦੀ ਇਕਸਾਰਤਾ ਸਥਾਪਤੀ ਲਈ ਪ੍ਰੇਰਨਾ ਸੀ । ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾ ਨਿਭਾ ਰਹੇ ਸਨ ਪ੍ਰੋ. ਮਨਜੀਤ ਸਿੰਘ ਜੀ, ਜਿਨ੍ਹਾਂ ਦੀ ਦੇਖ-ਰੇਖ ਵਿੱਚ ਇਹ ਮਹਾਨ ਸੰਮੇਲਨ ਹੋ ਰਿਹਾ ਸੀ । ਦਾਸ (ਜਾਚਕ) ਦੀ ਖੁਸ਼ਕਿਸਮਤੀ ਹੈ ਕਿ ਸੰਨ 1974 ਵਿੱਚ ਮੈਂ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਨਾਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀ ਵਜੋਂ ਅਤੇ ਸੰਨ 1995 ਵਿੱਚ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਵਜੋਂ ਉਪਰੋਕਤ ਸਮਾਗਮਾਂ ਵਿੱਚ ਹਾਜ਼ਰ ਸੀ । ਸੰਨ 1974 ਦੇ ਵਿਚਾਰ ਸੰਮੇਲਨ ਮੌਕੇ ਗਿ. ਵੇਦਾਂਤੀ ਜੀ ਨੇ ਜੋ ਵਿਸ਼ੇਸ਼ ਪਰਚਾ ਪੜ੍ਹਿਆ, ਉਸ ਸੂਚੀ ਪਤ੍ਰ ਦੀ ਇੱਕ ਫੱਟੀ ਪੁਰਾਣੀ ਫੋਟੋ ਕਾਪੀ ਮੇਰੀ ਨਿਜੀ ਲਾਇਬ੍ਰੇਰੀ ਵਿੱਚ ਮੌਜੂਦ ਹੈ ।

ਗੁਰਬਾਣੀ ਦੇ ਰਸੀਏ ਖੋਜੀ ਅਤੇ ਅਖੰਡ ਕੀਰਤਨੀ ਜਥੇ ਦੇ ਪ੍ਰਮੁਖ ਵਿਦਵਾਨ ਗਿ. ਜੋਗਿੰਦਰ ਸਿੰਘ 'ਤਲਵਾੜਾ' ਜੀ 'ਗੁਰਬਾਣੀ ਦਾ ਸਰਲ ਵਿਆਕਰਣ ਬੋਧ' ਪੁਸਤਕ ਦੇ ਪਹਿਲੇ ਭਾਗ ਵਿੱਚ ਲਿਖਦੇ ਹਨ : "ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੂਲਕ-ਅੰਗੀ ਨਾਸਕੀ ਚਿੰਨ੍ਹਾਂ ਦੀ ਵੀ ਵਰਤੋਂ ਮਿਲਦੀ ਹੈ ਅਤੇ ਵਿਆਕਰਣਿਕ ਨਾਸਕੀ ਚਿੰਨਾਂ ਦੀ ਵੀ । ਗੁਰਬਾਣੀ ਦਾ ਪਾਠ ਕਰਦੇ ਸਮੇਂ

ਵੇਖਣ ਵਿੱਚ ਆਉਂਦਾ ਹੈ ਕਿ ਛਾਪੇ ਦੀਆਂ ਬੀੜਾਂ ਵਿੱਚ ਓਹੀ ਸ਼ਬਦ ਕਿਧਰੇ ਨਾਸਕੀ-ਚਿੰਨ੍ਹਾਂ ਸਹਿਤ ਮਿਲਦੇ ਹਨ ਅਤੇ ਕਿਧਰੇ ਇਨ੍ਹਾਂ ਤੋਂ ਬਗੈਰ । ਮੂਲਕ-ਅੰਗੀ ਨਾਸਕੀ ਚਿੰਨ੍ਹ ਬਹੁਤ ਹੱਦ ਤਕ ਲੱਗੇ ਹੋਏ ਹਨ; ਬਾਕੀ ਸੰਭਵ ਹੈ ਛਾਪੇ ਦੀ ਉਕਾਈ ਕਾਰਨ ਲੱਗਣੋ ਰਹੇ ਹੋਣ । ਇਸ ਪੱਖ ਵੱਲ ਪੰਥਕ ਪੱਧਰ 'ਤੇ ਧਿਆਨ ਦੇ ਕੇ ਪੁਰਾਤਨ ਪ੍ਰਮਾਣਿਕ ਮੂਲ-ਬੀੜਾਂ ਤੋਂ ਅਗਵਾਈ ਲਏ ਜਾਣ ਦੀ ਲੋੜ ਭਾਸਦੀ ਹੈ ।" {ਪੰਨਾ 45}

ਕੇਂਦਰੀ ਸਿੰਘ ਸਭਾ ਦੇ ਜਨਰਲ ਸਕੱਤਰ ਤੇ ਸਿੰਘ ਸਭਾ ਪਤ੍ਰਕਾ ਦੇ ਸੁਘੜ ਐਡੀਟਰ ਗਿਆਨੀ ਗੁਰਦਿੱਤ ਸਿੰਘ ਜੀ ਹੁਰਾਂ ਨੇ ਵੀ ਦਸੰਬਰ 1978 ਦੀ ਮਾਸਿਕ ਪਤ੍ਰਕਾ ਵਿੱਚ ਉਪਰੋਕਤ ਸੱਚ ਦੀ ਗਵਾਹੀ ਭਰਦਿਆਂ ਪੰਥਕ ਆਗੂਆਂ ਨੂੰ ਇਉਂ ਸਲਾਹ ਦਿੱਤੀ ਸੀ :"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਲਈ ਪਹਿਲੀ ਤੇ ਬੁਨਿਆਦੀ ਗੱਲ ਸ਼ੁਧ ਪਠਨ-ਪਾਠ ਅਤੇ ਪ੍ਰਾਚੀਨ ਹੱਥ-ਲਿਖਤੀ ਬੀੜਾਂ ਦੇ ਅਧਾਰ ਉੱਤੇ ਬਾਣੀ ਦੇ ਠੀਕ ਭਾਵਾਂ ਤੱਕ ਪੁੱਜਣ ਦੀ ਹੈ । ਇਸ ਲਈ ਪਿਛਲੇ ਵੀਹ ਪੰਝੀ ਸਾਲਾਂ ਤੋਂ ਬੀੜਾਂ ਅਤੇ ਪ੍ਰਾਚੀਨ ਪੋਥੀਆਂ ਦੀ ਖੋਜ ਪੜਤਾਲ ਦਾਸ ਨੇ ਕੀਤੀ ਹੈ, ਜਿਸ ਤੋਂ ਬਹੁਤ ਕੁਝ ਉਹ ਪ੍ਰਗਟ ਹੁੰਦਾ ਹੈ ਜਿਸ ਨੂੰ ਅਸੀਂ ਜਾਣਦੇ ਨਹੀਂ । ਪ੍ਰਗਟ ਹੋਣ ਤੇ ਅਜਨਬੀ ਲੱਗੇਗਾ । ਚਾਰ ਪੰਜ ਸਾਲ ਤੋਂ ਛਪੀਆਂ ਅਣਛਪੀਆਂ ਬੀੜਾਂ ਦੇ ਪਾਠ ਭੇਦ, ਸ਼ੁਧ ਅਸ਼ੁਧ ਪਦ-ਜੋੜਾਂ ਬਾਰੇ ਲਗਾਂ ਮਾਤਰਾਂ ਦਾ ਨਿਰਣਯ, ਸਿਦਕਵਾਨ ਭਾਈ ਜੋਗਿੰਦਰ ਸਿੰਘ (ਤਲਵਾੜਾ) ਜੀ ਕੁਝ ਸਾਥੀਆਂ ਸਮੇਤ ਮਿਲ ਕੇ ਕਰ ਰਹੇ ਹਨ । ਗੁਰਬਾਣੀ ਦੇ ਹੋਰ ਵਿਦਵਾਨ ਗੁਰਮੁਖਾਂ ਨਾਲ ਵੀ ਸਮੇਂ ਸਮੇਂ ਵਿਚਾਰਾਂ ਹੁੰਦੀਆਂ ਰਹੀਆਂ ਹਨ । ਮੁੱਢਲਾ ਲਕਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਨਿਰਧਾਰਤ ਕੀਤੇ ਜਾਣ ਦਾ ਹੈ, ਜਿਸ ਦੇ ਸੂਖਮ ਉਚਾਰਨਾਂ, ਪਾਠ ਭੇਦਾਂ ਦਾ ਵਧ ਤੋਂ ਵਧ ਵਿਦਵਾਨਾਂ ਦੇ ਮੇਲ ਨਾਲ ਨਿਰਣਾ ਹੋਵੇ ।"

ਸ਼੍ਰੋਮਣੀ ਕਮੇਟੀ ਦੁਆਰਾ ਜਨਵਰੀ 1977 ਵਿੱਚ ਪ੍ਰਕਾਸ਼ਤ ਕੀਤੀ 'ਪਾਠ-ਭੇਦ ਸੂਚੀ' ਦੇ ਵਿਦਵਾਨਾਂ ਨੇ ਕਮੇਟੀ ਵੱਲੋਂ ਛਾਪੀਆਂ ਜਿਹੜੀਆਂ ਸੰਥਾ ਸੈਂਚੀਆਂ ਦੇ ਪਾਠ ਨੂੰ ਮੂਲ ਅਧਾਰ ਮੰਨ ਕੇ ਅਤੇ ਪ੍ਰਾਚੀਨ ਹੱਥ ਲਿਖਤੀ ਬੀੜਾਂ ਵਿੱਚੋਂ ਖੋਜ ਕੇ 5000 ਦੇ ਲਗਭਗ ਪਾਠ-ਭੇਦ ਲੱਭੇ ਅਤੇ ਕਮੇਟੀ ਨੂੰ ਸੁਧਾਈ ਲਈ ਦੱਸੇ ਸਨ, ਉਨ੍ਹਾਂ ਸੰਥਾ ਸੈਂਚੀਆਂ ਬਾਬਤ ਇੱਕ ਵਿਸ਼ੇਸ਼ ਨੋਟ ਇੰਵ ਲਿਖਿਆ ਹੈ :

ਨੋਟ : ਸੰਚੀਆਂ ਵਿੱਚ ਸਬਦਾਂਤਿਕ ਲਗਾਂ-ਮਾਤ੍ਰਾਂ ਦਾ ਬਹੁਤ ਘੱਟ ਖਿਆਲ ਰੱਖਿਆ ਗਿਆ ਹੈ । ਹਾਲਾਂ ਕਿ ਗੁਰਬਾਣੀ ਵਿੱਚ ਲਗ-ਮਾਤ੍ਰ (ਸਿਹਾਰੀ ਤੇ ਅਉਂਕੜ ਆਦਿ) ਵੀ ਸਾਰਥਕ ਹਨ, ਤੇ ਇਨ੍ਹਾਂ ਤੋਂ ਬਿਨਾਂ ਅਰਥਾਂ ਵਿੱਚ ਬਹੁਤ ਫਰਕ ਤੇ ਝਮੇਲਾ ਪੈ ਜਾਂਦਾ ਹੈ । ਇਹ ਘਾਟ, ਲਿਖਾਰੀਆਂ ਤੇ ਪ੍ਰਕਾਸ਼ਕਾਂ ਦੇ ਅਰਥ-ਬੋਧ ਅਗਿਆਨ ਦੀ ਸੂਚਕ ਹੈ । ਅਸਾਂ ਇਸ ਘਾਟ ਨੂੰ ਪੂਰਿਆਂ ਕਰਨ ਦਾ ਵਿਤ ਅਨੁਸਾਰ ਜਤਨ ਕੀਤਾ ਹੈ । ਪੁਰਾਤਨ ਲਿਖਤਾਂ ਦੇ ਹਵਾਲੇ ਵੀ ਕਾਫੀ ਦਿੱਤੇ ਹਨ ।{ਪਾਠ ਭੇਦ ਸੂਚੀ-ਪੰ. 17}

ਜਿਵੇਂ ਸੰਥਾ ਸੈਂਚੀਆਂ ਦੇ ਛਾਪੇ ਦਾ ਮੂਲ ਪਾਠ ਸੀ : ਪੂਰੈ ਤਖਤਿ ਨਿਵਾਸ ॥{ਪੰ. 17} ਵਿਦਵਾਨ ਸੱਜਣਾਂ ਦੀ ਦ੍ਰਿਸ਼ਟੀ ਵਿੱਚ 'ਨਿਵਾਸ' ਪਾਠ ਅਸ਼ੁਧ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ 57 ਵਾਰ ਇੱਕ ਵਚਨ ਸਧਾਰਨ ਨਾਂਵ ਵਜੋਂ 'ਨਿਵਾਸੁ' ਪਦ ਅੰਤਕ ਔਂਕੜ ਸਹਿਤ ਵਰਤਿਆ ਮਿਲਦਾ ਹੈ । ਉਨ੍ਹਾਂ ਦੀ ਖੋਜ ਮੁਤਾਬਿਕ 5, 32/6281 ਅਤੇ 40/236 ਨੰਬਰ ਹੱਥ ਲਿਖਤ ਬੀੜਾਂ 'ਨਿਵਾਸੁ' ਪਾਠ ਦੀ ਪ੍ਰੋੜਤਾ ਕਰਦੀਆਂ ਹਨ, ਕਿਉਂਕਿ ਉਪਰੋਕਤ ਬੀੜਾਂ ਵਿੱਚ ਅੰਤਕ ਔਂਕੜ ਲਿਖਿਆ ਹੈ ।

ਛਾਪੇ ਦੀ ਮੌਜੂਦਾ ਬੀੜ ਵਿੱਚ ਜਪੁ-ਜੀ ਅੰਦਰ 5 ਵਾਰ ਕਨੌੜੇ ਦੀ ਵਰਤੋਂ ਮਿਲਦੀ ਹੈ । ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ 'ਪਾਠ-ਭੇਦ ਸੂਚੀ' ਅਨੁਸਾਰ ਪੁਰਾਤਨ ਹੱਥ ਲਿਖਤੀ ਬੀੜਾਂ ਮੁਤਾਬਿਕ ਚਉਥੀ (ਮੁਹੌ), 21ਵੀਂ (ਆਪੌ) ਤੇ 32ਵੀਂ (ਜੀਭੌ) ਪਉੜੀ ਵਿੱਚ ਹੋੜੇ ਤੋਂ ਪਹਿਲਾਂ ਬਿੰਦੀ ਸੀ, ਜੋ ਪੁਰਾਤਨ ਹੱਥ-ਲਿਖਤੀ ਬੀੜਾਂ ਦੀ ਲਿਖਣ ਸ਼ੈਲੀ ਤੋਂ ਨਾਵਾਕਫ਼ ਪ੍ਰਕਾਸ਼ਕਾਂ ਨੇ ਭੁਲੇਖੇ ਨਾਲ ਕਨੌੜਾ ਬਣਾ ਦਿੱਤਾ । ਗੁਰਬਾਣੀ ਵਿਆਕਰਣ ਅਨੁਸਾਰ 'ਮੁਹੋਂ' ਲਫ਼ਜ਼ ਅਪਾਦਾਨ ਕਾਰਕ ਨਾਂਵ ਹੈ, ਇਸ ਲਈ ਅੰਤ ਹੋੜਾ ਤੇ ਬਿੰਦੀ ਲੋੜੀਂਦੀ ਹੈ । ਪ੍ਰੋ. ਹਰਜਿੰਦਰ ਸਿੰਘ ਘਰਸਾਣਾ ਵੀ ਇਹੀ ਸ਼ੁਧ ਰੂਪ ਮੰਨਦੇ ਹਨ । 'ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੈ ਸਟੀਕ' ਦੀਆਂ ਉਚਾਰਨ ਸੇਧਾਂ ਵਿੱਚ ਸ਼ੁਧ ਉਚਾਰਣ 'ਮੁਹੋਂ' ਹੀ ਮੰਨਿਆ ਹੈ । ਇਸੇ ਤਰ੍ਹਾਂ 'ਪਾਠ ਭੇਦ ਸੂਚੀ' ਮੁਤਾਬਿਕ 16ਵੀਂ ਪਉੜੀ ਦੇ "**ਧੌਲੁ** ਧਰਮੁ... ॥' ਅਤੇ "...ਜਾਣੈ **ਕੌਣੁ** ਕੂਤੁ ॥" ਤੁਕਾਂਸ਼ਾਂ ਵਿੱਚਲੇ 'ਧੌਲੁ' ਤੇ 'ਕੌਣੁ' ਲਫ਼ਜ਼ਾਂ ਨੂੰ ਪੁਰਾਤਨ ਹੱਥ-ਲਿਖਤ ਬੀੜਾਂ ਵਿੱਚ 'ਧਉਲੁ' ਤੇ 'ਕਉਣੁ' ਲਿਖਿਆ ਮਿਲਦਾ ਹੈ, ਕਿਉਂਕਿ ਉਸ ਮੌਕੇ ਕਨੌੜੇ ਦੀ ਵਰਤੋਂ ਬਹੁਤ ਘਟ ਸੀ । ਇਹ ਗੁਰਮੁਖੀ ਲਿਖਤ ਦੀ ਪੁਰਾਤਨਤਾ ਦਾ ਪ੍ਰਮਾਣ ਹੈ । ਜਪੁ-ਜੀ ਤੋਂ ਇਲਾਵਾ ਸਮੱਗਰ ਗੁਰਬਾਣੀ ਵਿੱਚ 'ਧੌਲ' ਤੇ 'ਕੌਣ' ਲਫ਼ਜ਼ ਨਹੀਂ ਮਿਲਦੇ । 'ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੈ ਸਟੀਕ' ਦੇ ਪੰਨਾ 130 'ਤੇ ਗਿਆਨੀ ਹਰਿਬੰਸ ਸਿੰਘ ਪਟਿਆਲਾ ਲਿਖਦੇ ਹਨ : ਗੁਰਬਾਣੀ ਵਿੱਚ ਕਉਣ, ਕਉਣੁ, ਕਉਨ, ਕਵਣ, ਕਵਨ, ਕਵਨੁ, ਸਰੂਪਾਂ ਦੀ ਵਰਤੋਂ ਆਮ ਮਿਲਦੀ ਹੈ । ਪੁਰਾਤਨ ਬੀੜਾਂ ਵਿੱਚ ਇਸ ਪੰਕਤੀ ਦਾ 'ਕਉਣੁ' ਸਰੂਪ ਉਪਲਬਧ ਹੈ ।

ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੇ ਅਤੇ 'ਸਿੱਖ ਬੁੱਕ ਕਲੱਬ ਅਮਰੀਕਾ' ਦੁਆਰਾ ਆਪਣੀ ਵੈਬਸਾਈਟ ਰਾਹੀਂ ਪੰਥਕ ਵੀਚਾਰ ਹਿੱਤ ਪ੍ਰਕਾਸ਼ਤ ਕੀਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਪਾਵਨ ਬੀੜ ਦੇ ਖਰੜੇ ਨੂੰ ਦਾਸ (ਜਾਚਕ) ਨੇ ਬਹੁਤ ਗੰਭੀਰਤਾ ਸਹਿਤ ਵਿਚਾਰਿਆ ਹੈ । ਉਸ ਦੇ ਪਾਠ-ਦਰਸ਼ਨ ਉਪਰੰਤ ਦਾਸ ਨੂੰ ਤਾਂ ਵੇਦਾਂਤੀ ਜੀ ਦੇ ਸੋਧੇ ਹੋਏ ਵਧੇਰੇ ਪਾਠਾਂਤਰ ਓਹੀ ਜਾਪੇ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਾਹਿਬਾਨ ਦੀ ਅਗਵਾਈ ਵਿੱਚ ਸਥਾਪਤ ਕਮੇਟੀਆਂ (ਸੰਨ 1977 ਤੇ 1996) ਦੇ ਖੋਜੀ ਵਿਦਵਾਨਾਂ, ਸਿੰਘ ਸਾਹਿਬਾਨਾਂ, ਟੀਕਾਕਾਰਾਂ, ਸਿੱਖ ਮਿਸ਼ਨਰੀ ਸੰਸਥਾਵਾਂ ਦੇ ਸਤਿਕਾਰਤ ਅਧਿਆਪਕਾਂ ਅਤੇ ਗੁਰਬਾਣੀ ਦੇ ਕਈ ਹੋਰ ਸੂਝਵਾਨ ਤੇ ਰਸੀਏ ਸੱਜਣਾਂ ਨੇ ਗੁਰਬਾਣੀ ਦੀ ਨਿਯਮਾਵਲੀ ਤੇ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿੱਚ ਸ਼ੁਧ ਮੰਨਿਆ ਹੈ ।ਇਸ ਖੋਜ-ਖਰੜੇ ਦੀ ਸੋਧ-ਸਧਾਈ ਨੂੰ ਧਿਆਨ ਪੂਰਵਕ ਵਾਚਦਿਆਂ ਸਹਿਜੇ ਹੀ ਸਪਸ਼ਟ ਹੁੰਦਾ ਹੈ ਕਿ ਜਥੇਦਾਰ ਵੇਦਾਂਤੀ ਜੀ ਦੀ ਟੀਮ ਦੁਆਰਾ ਟਕਸਾਲ ਭਿੰਡਰਾਂ ਦੇ ਸਤਿਕਾਰਯੋਗ ਮੁਖੀ ਗਿਆਨੀ ਗੁਰਬਚਨ ਸਿੰਘ 'ਖ਼ਾਲਸਾ' ਜੀ ਦੀ 'ਗੁਰਬਾਣੀ ਪਾਠ ਦਰਸ਼ਨ' ਨਾਂ ਦੀ ਪੁਸਤਕ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ । ਕਾਰਣ ਹੈ ਕਿ ਉਸ ਪੁਸਤਕ ਵਿੱਚ ਸ੍ਰੀ ਕਰਤਾਰਪੁਰੀ ਤੇ ਦਮਦਮੀ ਬੀੜ ਅੰਦਰਲੇ ਕ੍ਰੀਬਨ 1500 ਪਾਠਾਂਤ੍ਰਾਂ ਦਾ ਜ਼ਿਕਰ ਹੈ, ਭਾਵੇਂ ਕਿ ਉਨ੍ਹਾਂ 'ਚੋਂ ਵਰਨਣ ਸੂਚੀ ਕੇਵਲ 86 ਪਾਠਾਂ ਦੀ ਹੀ ਲਿਖੀ ਗਈ ਹੈ ।

ਜਥੇਦਾਰ ਵੇਦਾਂਤੀ ਜੀ ਨੇ ਸੰਨ 1974 ਦੇ ਸਮੁੰਦਰੀ ਤੇਜਾ ਸਿੰਘ ਹਾਲ ਵਿੱਚ ਹੋਏ 'ਸ੍ਰੀ ਗੁਰੂ ਗ੍ਰੰਥ ਵਿਚਾਰ ਸੰਮੇਲਨ' ਮੌਕੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਦੇ ਇੱਕ ਪ੍ਰਸ਼ਨ ਦੇ ਉੱਤਰ ਵਿੱਚ ਜਾਣਕਾਰੀ ਦਿੱਤੀ ਸੀ ਕਿ 'ਗੁਰਬਾਣੀ ਪਾਠ ਦਰਸ਼ਨ' ਪੁਸਤਕ ਵਾਲੇ ਉਪਰੋਕਤ ਪਾਠਾਂਤ੍ਰ ਦੋਹਾਂ ਬੀੜਾਂ ਦੇ ਮਿਲਾਨ ਤੋਂ ਨਹੀਂ ਸਨ ਉਪਜੇ, ਉਹ ਪਾਠਾਂਤ੍ਰ ਲਗਭਗ ਓਹੀ ਹਨ ਜਿਹੜੇ ਸ਼੍ਰੋਮਣੀ ਕਮੇਟੀ ਦੁਆਰਾ ਸੰਨ 1952 ਵਿੱਚ ਛਾਪੀ ਬੀੜ ਰਾਹੀਂ ਉਭਰੇ । ਲਗਮਾਤ੍ਰੀ ਪਾਠਾਂਤ੍ਰ 733 ਤਾਂ ਉਹੀ ਬਣਦੇ ਹਨ, ਜੋ ਕਮੇਟੀ ਦੇ ਵਿਦਵਾਨਾਂ ਦੀ ਟੀਮ ਨੇ ਪਾਵਨ ਬੀੜ ਦੀ ਛਪਾਈ ਮੌਕੇ ਸੋਧੇ । ਕੁੱਲ ਮੰਗਲਾਚਰਨ ਸਨ 567, ਜਿਨ੍ਹਾਂ ਚੋਂ 74 ਮੰਗਲ ਪਹਿਲਾਂ ਹੀ ਸਿਰਲੇਖਾਂ ਤੋਂ ਪਹਿਲੇ (ਆਦਿ ਵਿੱਚ) ਆਪਣੀ ਸਹੀ ਥਾਂ ਛਪ ਰਹੇ ਸਨ । ਬਾਕੀ ਦੇ 493 ਮੰਗਲ ਸਨ, ਜਿਹੜੇ ਸ਼੍ਰੋਮਣੀ ਕਮੇਟੀ ਦੀ ਵਿਦਵਾਨ ਮੰਡਲੀ ਨੇ ਹਰੇਕ ਥਾਂ ਸ਼ਬਦਾਂ ਦੇ ਸਿਰਲੇਖਾਂ ਤੋਂ ਪਹਿਲਾਂ (ਆਦਿ ਵਿੱਚ) ਕਰਕੇ ਛਾਪੇ । ਗੁਰਬਾਣੀ ਉਚਾਰਣ ਨਾਲ ਸਬੰਧਤ 250 ਦੇ ਲਗਭਗ ਉਹ ਪਦ-ਛੇਦਕ ਪਾਠਾਂਤ੍ਰ ਹਨ, ਜਿਨ੍ਹਾਂ ਦਾ ਵੇਰਵਾ 'ਗੁਰਬਾਣੀ ਪਾਠ ਦਰਸ਼ਨ' ਵਿਚੋਂ ਹੁਣ ਵੀ ਪੜ੍ਹਿਆ ਜਾ ਸਕਦਾ ਹੈ । ਇਸ ਪ੍ਰਕਾਰ ਅਜਿਹੇ ਪਾਠ-ਭੇਦਾਂ ਦੀ ਕੁੱਲ ਗਿਣਤੀ ਤਾਂ ਭਾਵੇਂ 1476 ਬਣਦੀ ਹੈ, ਪਰ ਕੁਝ ਵਾਧਾ-ਘਾਟਾ ਹੋਣ ਦੀ ਸੰਭਾਵਨਾ ਕਰਕੇ ਖ਼ਾਲਸਾ ਜੀ ਨੇ 'ਗੁਰਬਾਣੀ ਪਾਠ ਦਰਸ਼ਨ' ਵਿੱਚ ਕ੍ਰੀਬਨ 1500 ਲਿਖਵਾ ਦਿੱਤੇ ।

ਇਸ ਮੌਕੇ ਕਿਸੇ ਹਾਜ਼ਰੀਨ ਸ੍ਰੋਤੇ ਦੇ ਮੂੰਹੋਂ ਸੁਭਾਵਕ ਸੁਆਲ ਖੜਾ ਹੋਇਆ ਕਿ ਪਾਠ-ਭੇਦਾਂ ਸਬੰਧੀ ਬਾਬਾ ਜੀ ਦਾ ਅਜਿਹਾ ਵਰਨਣ, ਕੀ ਸ਼੍ਰੋਮਣੀ ਕਮੇਟੀ ਦੁਆਰਾ ਛਾਪੀ ਬੀੜ ਸਬੰਧੀ ਕੇਵਲ ਦੁਬਿਧਾ ਪੈਦਾ ਕਰਨ ਦਾ ਹੀ ਇੱਕ ਯਤਨ ਸੀ ? ਗਿ. ਵੇਦਾਂਤੀ ਜੀ ਦਾ ਉੱਤਰ ਸੀ ਕਿ "ਇਸ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ । ਪ੍ਰੰਤੂ, ਹੁਣ ਮਹਿਸੂਸ ਜ਼ਰੂਰ ਹੁੰਦਾ ਹੈ ਕਿ ਜੇ ਸੰਨ 1952 ਵਿੱਚ ਸ਼੍ਰੋਮਣੀ ਕਮੇਟੀ ਦੀ ਛਾਪੀ ਬੀੜ ਨੂੰ ਪੰਥਕ ਪੱਧਰ 'ਤੇ ਪ੍ਰਵਾਨ ਕਰ ਲਿਆ ਜਾਂਦਾ ਤਾਂ ਹੋ

ਸਕਦਾ ਹੈ ਕਿ ਪਾਠ-ਭੇਦਾਂ ਦਾ ਹੁਣ ਵਾਲਾ ਖਿਲਾਰਾ ਨਾ ਹੀ ਪੈਂਦਾ।"

ਭਾਈ ਸਾਹਿਬ ਭਾਈ ਬਿਧੀ ਚੰਦ ਵਾਲੀ 'ਸੁਰਸਿੰਘੀ ਬੀੜ' ਵਿੱਚ ਭਗਤ ਕਬੀਰ ਸਾਹਿਬ ਜੀ ਦੀ ਬਾਣੀ ਅੰਦਰਲੇ ਕੁਝ ਸ਼ਬਦਾਂ ਦੇ ਸਿਰਲੇਖ 'ਗਉੜੀ ਮਾਲਵਾ' ਦੇ ਵੀ ਹਨ। ਜਿਵੇਂ ਛਾਪੇ ਦੀ ਮੌਜੂਦਾ ਬੀੜ ਦੇ ਪੰਨਾ 338 ਉਪਰਲੇ 68ਵੇਂ ਸ਼ਬਦ "ਗਉੜੀ 12 ॥ ਮਨ ਰੇ ਛਾਡਹੁ ਭਰਮ... ॥" ਦੇ ਸਿਰਲੇਖ ਦੀ ਥਾਂ 'ਸੁਰਸਿੰਘੀ ਬੀੜ' ਵਿੱਚ ਪਤਿ (ਪਤਰਾ) ਨੰ. 296 ਦੇ 68ਵੇਂ ਸ਼ਬਦ ਦਾ ਸਿਰਲੇਖ ਹੈ "ਗਉੜੀ ਮਾਲਵਾ ॥ ॥ ਮਨਰੇਛਾਡਹੁਭਰਮ... ॥" ਜਦ ਕਿ ਛਾਪੇ ਦੀ ਮੌਜੂਦਾ ਬੀੜ ਵਿੱਚ ਭਗਤ ਬਾਣੀ ਅੰਦਰ ਐਸਾ ਕੋਈ ਸਿਰਲੇਖ ਹੈ ਹੀ ਨਹੀਂ। ਜਾਪਦਾ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਐਸੇ ਸਿਰਲੇਖਾਂ ਬਾਰੇ ਦੁਬਿਧਾ ਵਿੱਚ ਰਹੀ। ਦਾਸ (ਜਾਚਕ) ਦਾ ਖ਼ਿਆਲ ਹੈ ਕਿ ਜੇ ਗੁਰਮਤੇ ਦੀ ਪੰਥਕ ਜੁਗਤਿ ਅਨੁਸਾਰ 'ਗਉੜੀ ਪੂਰਬੀ ਕਬੀਰ ਜੀ' ਵਾਂਗ 'ਗਉੜੀ ਮਾਲਵਾ ਕਬੀਰ ਜੀ' ਸਿਰਲੇਖ ਹੇਠ ਇੱਕ ਵੱਖਰਾ ਸੰਗ੍ਰਹਿ ਬਣ ਜਾਵੇ ਤਾਂ ਗਉੜੀ ਦੇ ਸਾਰੇ ਸਿਰਲੇਖਾਂ ਦਾ ਮਸਲਾ ਹੱਲ ਹੋ ਸਕਦਾ ਹੈ।

ਇਸ ਲਈ ਜਥੇਦਾਰ ਵੇਦਾਂਤੀ ਜੀ ਦੁਆਰਾ ਸੋਧੀ ਹੋਈ ਪਾਵਨ ਬੀੜ ਦੇ ਖਰੜੇ ਵਿਖੇ 'ਗਉੜੀ ਪੂਰਬੀ ਕਬੀਰ ਜੀ' ਦੇ ਸੰਗ੍ਰਹਿ ਨੂੰ ਛੱਡ ਕੇ ਬਾਕੀ ਦੇ ਸਾਰੇ ਮੰਗਲਾਂ, ਸਿਰਲੇਖਾਂ, ਸ਼ਬਦਾਂ ਦੀ ਤਰਤੀਬ ਅਤੇ ਜੋੜ-ਅੰਕਾਂ ਆਦਿਕ ਦੀ ਇਕਸਾਰਤਾ ਸਥਾਪਤੀ ਪੱਖੋਂ ਤਾਂ ਕੋਈ ਸੁਆਲ ਹੀ ਨਹੀਂ ਖੜਾ ਹੁੰਦਾ। ਬ-ਕਮਾਲ ਪੇਸ਼ਕਾਰੀ ਹੈ। ਕਾਰਣ ਹੈ ਕਿ ਉਨ੍ਹਾਂ ਦੀ ਟੀਮ ਦੇ ਸਾਰੇ ਮੈਂਬਰ ਇਹ ਮੰਨ ਕੇ ਚੱਲਦੇ ਸਨ ਕਿ ਗੁਰਬਾਣੀ ਵਿੱਚ ਆਏ ਗੁਰਮਤਿ ਸਿਧਾਂਤਾਂ, ਲਗ-ਮਾਤ੍ਰੀ ਨਿਯਮਾਵਲੀ ਅਤੇ ਅੰਕ-ਨਿਯਮਾਵਲੀ ਸਬੰਧੀ ਗੁਰੂ ਸਾਹਿਬਾਨ ਦੀ ਆਪਸੀ ਸਮਾਨਤਾ ਹੈ। ਪਰ, ਵਿਆਕਰਨਿਕ ਦ੍ਰਿਸ਼ਟੀ ਤੋਂ ਅਜੇ ਵੀ ਪਾਠਾਂਤਰਾਂ ਦੀ ਲਿਖਤੀ ਤੇ ਉਚਾਰਣਕ ਸੁਧਾਈ ਤੇ ਸ਼ੁਧਤਾ ਦੀਆਂ ਬਹੁਤ ਸੰਭਾਵਨਾਵਾਂ ਹਨ। ਕਾਰਣ ਹੈ ਕਿ ਕੰਪਿਊਟਰੀ ਖੋਜ ਦੀ ਸਹੂਲਤ ਸਦਕਾ ਗੁਰਬਾਣੀ ਦੀ ਵਿਆਕਰਣ ਦਾ ਦਿਨ-ਬ-ਦਿਨ ਵਿਕਾਸ ਹੋ ਰਿਹਾ ਹੈ।

ਜਿਵੇਂ ਛਾਪੇ ਦੀ ਪ੍ਰਚਲਿਤ ਬੀੜ ਵਿਖੇ ਜਪੁ-ਜੀ ਦੀ 20ਵੀਂ ਪਉੜੀ ਦੀਆਂ ਪਾਵਨ ਤੁਕਾਂ ਹਨ: "ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥"ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ ਦੇ ਪ੍ਰਮੁਖ ਮੈਂਬਰ ਅਤੇ ਪ੍ਰਸਿੱਧ ਟੀਕਾਕਾਰ ਗਿ. ਹਰਿਬੰਸ ਸਿੰਘ ਜੀ ਪਟਿਆਲੇ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਵਿਖੇ 'ਅਰਥ ਭੇਦ ਅਤੇ ਨਿਰਣੈ' ਦੇ ਸਿਰਲੇਖ ਹੇਠ "ਪਾਣੀ ਧੋਤੈ ਉਤਰਸੁ ਖੇਹ ॥" ਤੁਕ ਬਾਰੇ (ਸਟੀਕ ਪੰ. 140) ਇੱਕ ਵਿਸ਼ੇਸ਼ ਨੋਟ ਇੰਞ ਲਿਖਿਆ ਹੈ :

"ਭਿੰਡਰਾਂ ਵਾਲੀ ਟਕਸਾਲ ਅਤੇ ਹੋਰ ਸੰਪ੍ਰਦਾਵਾਂ ਦੇ ਵਿਦਿਆਰਥੀ **'ਉਤਰਸੁ'** ਪਦ ਨੂੰ 'ਉਤਰ ਸੁ' ਪਾਠ ਪਦ-ਛੇਦ ਕਰਦੇ ਹਨ, ਜੋ ਕਿ ਅਸ਼ੁਧ ਹੈ। ਨਿਰਣੈ ਗੁਰਬਾਣੀ ਦੀ ਸ਼ਬਦਾਵਲੀ ਮੁਤਾਬਿਕ ਇਹ ਜੁੜਤ ਪਦ ਹੈ। ਪੁਰਾਤਨ ਹਥ ਲਿਖਤੀ ਬੀੜਾਂ ਵਿੱਚ ਇਸ ਪਦ ਦਾ ਰੂਪ **'ਉਤਰਸਿ'** ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ 'ਜਪੁ' ਬਾਣੀ ਵਿਚ ਹੀ 'ਉਤਰਸੁ' ਸੱਸੇ ਔਂਕੜ ਸਹਿਤ ਅੰਕਿਤ ਹੈ। ਕਈ ਪੰਕਤੀਆਂ ਵਿੱਚ ਇਹ ਪਦ ਸੱਸੇ ਦੀ ਸਿਹਾਰੀ ਵਾਲੇ ਸਰੂਪ ਨਾਲ 'ਉਤਰਸਿ' ਹੀ ਅੰਕਿਤ ਹੈ। ਗੁਰਬਾਣੀ ਵਿਆਕਰਣ ਦੇ ਨੇਮਾਂ ਅਨੁਸਾਰ ਇਹ ਕਿਰਿਆ ਵਾਚਕ ਪਦ ਸਿਹਾਰੀ ਸਹਿਤ ਹੀ ਠੀਕ ਹੈ। ਲਿਖਾਰੀਆਂ ਪਾਸੋਂ ਉਤਾਰਾ ਕਰਨ ਵੇਲੇ ਕਈ ਥਾਵਾਂ ਤੇ ਲਗਮਾਤਰੀ ਉਕਾਈਆਂ ਰਹਿ ਗਈਆਂ ਹਨ ਜੋ ਛਾਪੇ ਵਾਲੇ ਸਰੂਪਾਂ ਵਿੱਚ ਵੀ ਉਸੇ ਤਰ੍ਹਾਂ ਪ੍ਰਚਲਿਤ ਹੋ ਗਈਆਂ ਹਨ। ਇਹ ਪਦ ਸੱਸੇ ਸਿਹਾਰੀ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 199, 229, 326, 791, 838, 864, 901, 903 ਅਤੇ 972 ਤੇ ਵੇਖਿਆ ਜਾ ਸਕਦਾ ਹੈ। ਇਸ ਪਦ ਦੇ ਅਰਥ ਦੇ ਸੁਮੇਲ ਨੂੰ ਮੁਖ ਰਖੀਏ ਤਾਂ ਹੇਠ ਲਿਖੀਆਂ ਪੰਕਤੀਆਂ ਤੋਂ ਵੀ ਭਲੀ ਪ੍ਰਕਾਰ ਪ੍ਰੋੜਤਾ ਹੋ ਜਾਂਦੀ ਹੈ :-

1. ਗੁਨ ਗਾਵਤ ਤੇਰੀ ਉਤਰਸਿ ਮੈਲੁ ॥ {ਪੰਨਾ 289}
2. ਤੀਰਥ ਨਾਇ ਨ ਉਤਰਸਿ ਮੈਲੁ ॥ {ਪੰਨਾ 890}
3. ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ ॥ {ਪੰਨਾ 1195}

ਪੁਰਾਤਨ ਹੱਥ ਲਿਖਤਾਂ ਦੇ ਅਭਿਆਸੀ ਅਤੇ ਗੁਰਬਾਣੀ ਵਿਆਕਰਣ ਦੇ ਪ੍ਰਮਾਣਿਕ ਵਿਦਵਾਨ ਗਿ. ਭਰਪੂਰ ਸਿੰਘ ਜੀ, ਜੋ ਸੰਨ 1996 ਵਿੱਚ ਸਥਾਪਤ ਹੋਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੇ ਵਿਸ਼ੇਸ਼ ਸਹਾਇਕ ਸਨ, ਉਹ ਵੀ ਗਿ. ਹਰਿਬੰਸ ਸਿੰਘ ਪਟਿਆਲਾ ਵਾਲਿਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਉਨ੍ਹਾਂ ਮੁਤਾਬਿਕ ਪ੍ਰਿੰਸੀਪਲ ਪ੍ਰਕਾਸ਼ ਸਿੰਘ, ਪ੍ਰਿੰਸੀਪਲ ਬਿਕਰਮ ਸਿੰਘ ਵੀ ਇਸੇ ਪਾਠ ਨੂੰ ਸ਼ੁਧ ਮੰਨਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਸਾਨੂੰ ਪ੍ਰਾਚੀਨ ਬੀੜਾਂ ਵਿੱਚ ਪਾਠ ਦਾ ਸ਼ੁਧ ਰੂਪ 'ਉਤਰਸਿ' ਮਿਲਦਾ ਹੈ ਤਾਂ ਅਰਥਾਂ ਦੀ ਖਿੱਚ-ਧੂ ਕਰਕੇ ਹੋਰ ਪਾਸੇ ਭਟਕਣ ਦੀ ਲੋੜ ਨਹੀਂ। ਵੈਸੇ ਵੀ 'ਉਤਰਸੁ' ਪਦ ਹੋੜੇ ਦੀ ਧੁਨੀ ਤੋਂ ਰਹਿਤ ਹੈ, ਇਸ ਲਈ 'ਉਤਰਸੁ' ਪਦ ਨੂੰ 'ਸੁਧੋਸੁ' ਤੇ 'ਰਹਿਓਸੁ' ਵਰਗੀਆਂ 'ਕਰਮਣੀ ਪਿਛੇਤਰ' ਵਾਲੀਆਂ ਵਿਸ਼ੇਸ਼ ਕਿਰਿਆਵਾਂ ਦੀ ਸ਼੍ਰੇਣੀ ਵਿੱਚ ਰੱਖ ਕੇ ਨਹੀਂ ਵਿਚਾਰਿਆ ਜਾ ਸਕਦਾ। ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ 'ਪਾਠ ਭੇਦ ਸੂਚੀ' ਮੁਤਾਬਿਕ ਬੀੜ ਨੰ. 38/173, 40/236, 54 ਵਿੱਚ ਪਾਠ 'ਉਤਰਸਿ' ਹੈ। ਬੀੜ ਨੰ. 48 ਵਿੱਚ ਪਾਠ 'ਉਤਰਸ' ਹੈ। 'ਸ' ਔਂਕੜ ਰਹਿਤ ਹੈ। ਇਸ ਦਾ ਭਾਵ ਕਿ ਤਿੰਨ ਬੀੜਾਂ ਸਪਸ਼ਟ ਤੌਰ 'ਤੇ 'ਉਤਰਸਿ' ਪਾਠ ਦੀ ਹੀ ਪ੍ਰੋੜਤਾ ਕਰਦੀਆਂ ਹਨ।

ਗੁਰਬਾਣੀ ਦੀ ਲਿਖਤ ਸ਼ੈਲੀ ਦੇ ਖੋਜੀ, ਮਾਸਕ ਪਤਰ 'ਮਿਸ਼ਨਰੀ ਸੇਧਾਂ' ਦੇ ਸੰਪਾਦਕ ਅਤੇ 'ਗੁਰਪ੍ਰਸਾਦਿ ਡਾਟ ਕਾਮ' ਵੈਬਸਾਈਟ ਦੇ ਸੰਚਾਲਕ ਵਿਦਵਾਨ ਗਿ. ਅਵਤਾਰ ਸਿੰਘ ਜਲੰਧਰ ਵਾਲੇ ਵੀ 'ਉਤਰਸਿ' ਪਾਠ ਨੂੰ ਹੀ ਸ਼ੁਧ ਮੰਨ ਕੇ ਚੱਲਦੇ ਹਨ; ਕਿਉਂਕਿ ਵੈਬਸਾਈਟ ਦੀ 'ਗੁਰਬਾਣੀ ਲਿਖਤ ਵੀਚਾਰ' ਦੇ ਸਿਰਲੇਖ ਹੇਠ ਉਹ ਲਿਖਦੇ ਹਨ :

"ਪਾਣੀ ਧੋਤੈ; ਉਤਰਸੁ ਖੇਹ ॥" ਇਸ ਪੰਕਤੀ 'ਚ ਦਰਜ 'ਉਤਰਸੁ' (ਅੰਤ ਔਂਕੜ) ਸ਼ਬਦ ਕੇਵਲ ਇਥੇ ਹੀ ਦਰਜ ਹੈ, ਜਦਕਿ ਇਸ ਦਾ ਦੂਸਰਾ ਸਰੂਪ 'ਉਤਰਸਿ' (ਅੰਤ ਸਿਹਾਰੀ) ਗੁਰਬਾਣੀ ਵਿੱਚ 16 ਵਾਰ ਦਰਜ ਹੈ; ਜਿਵੇਂ:

"ਵਿਣੁ ਕਰਮਾ; ਕੈਸੇ 'ਉਤਰਸਿ' ਪਾਰੇ ? ॥" (ਮ: 1/ 903)
"ਤੀਰਥ ਨਾਇ; ਨ 'ਉਤਰਸਿ' ਮੈਲੁ ॥" (ਮ: 5/ 890)
"ਓਛੀ ਭਗਤਿ; ਕੈਸੇ 'ਉਤਰਸਿ' ਪਾਰੀ ? ॥" (ਭਗਤ ਕਬੀਰ/ 326)

(ਨੋਟ : ਪੁਰਾਤਨ ਹੱਥ ਲਿਖਤ ਸਰੂਪਾਂ ਵਿੱਚ ਸਬੰਧਤ ਪੰਕਤੀ ਵਿੱਚ ਵੀ 'ਉਤਰਸਿ' (ਅੰਤ ਸਿਹਾਰੀ) ਸਰੂਪ ਮਿਲਦਾ ਹੈ, ਜੋ ਕਿ ਸਹੀ ਜਾਪਦਾ ਹੈ।)

ਗਿਆਨੀ ਜੀ ਮੁਤਾਬਿਕ ਜਪੁ-ਜੀ ਦੀਆਂ ਉਪਰੋਕਤ ਤੁਕਾਂ ਦਾ ਅਰਥ ਹੈ : (ਜਿਵੇਂ) ਹੱਥ, ਪੈਰ, ਸਰੀਰ, ਕਾਇਆਂ, ਆਦਿ ਮਿੱਟੀ ਨਾਲ਼ ਗੰਦੇ ਹੋ ਜਾਣ ਤਾਂ ਪਾਣੀ ਦੁਆਰਾ ਸਾਫ਼ ਕਰਨ ਨਾਲ਼ ਮਿੱਟੀ ਲਹਿ (ਖੇਹ ਉਤਰ) ਜਾਂਦੀ ਹੈ।

ਅਕਾਦਮਿਕ ਖੇਤਰ ਦੇ ਭਾਸ਼ਾਈ ਵਿਗਿਆਨੀ ਤੇ ਗੁਰਬਾਣੀ ਵਿਆਕਰਣ ਦੇ ਗਿਆਤਾ ਪ੍ਰੋ. ਹਰਜਿੰਦਰ ਸਿੰਘ ਘਰਸਾਣਾ ਵੀ ਮੰਨਦੇ ਹਨ ਕਿ ਵਰਤਮਾਨ ਕਾਲ ਦੀ ਅਨਪੁਰਖੀ ਕਿਰਿਆ ਹੋਰ ਕਾਰਣ 'ਉਤਰਸਿ' ਲਫ਼ਜ਼ ਸਿਹਾਰੀ ਸਹਿਤ ਹੀ ਸ਼ੁਧ ਰੂਪ ਮੰਨਿਆ ਜਾ ਸਕਦਾ ਹੈ। ਇਹੀ ਕਾਰਣ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੀ ਸਲਾਹ ਨਾਲ ਜਥੇਦਾਰ ਵੇਦਾਂਤੀ ਜੀ ਨੇ ਪਾਵਨ ਬੀੜ ਦਾ ਜੋ ਖਰੜਾ ਤਿਆਰ ਕੀਤਾ ਤੇ 'ਸਿੱਖ ਬੁੱਕ ਕਲੱਬ ਅਮਰੀਕਾ' ਦੁਆਰਾ ਵਿਚਾਰਨ ਹਿਤ ਪੰਥ ਦੇ ਸਨਮੁਖ ਰੱਖਿਆ, ਉਸ ਵਿੱਚ ਸ਼ੁਧ ਪਾਠ ਭਾਵੇਂ 'ਉਤਰਸਿ' ਹੀ ਸਹੀ ਮੰਨਿਆ। ਪ੍ਰੰਤੂ, ਅਜਿਹਾ ਲਿਖ ਕੇ ਵੀ ਉਨ੍ਹਾਂ ਨੇ ਪਾਠ ਦੇ ਲਿਖਤੀ ਤੇ ਉਚਾਰਣਕ ਰੂਪ ਦੀ ਵਿਆਕਰਣਿਕ ਸੁਧਾਈ ਤੇ ਸ਼ੁਧਤਾ ਦੀ ਹੋਰ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਜਥੇਦਾਰ ਜੀ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੀ ਪ੍ਰਕਾਸ਼ਤ ਹੋਈ ਪੁਸਤਕ **'ਗੁਰਬਾਣੀ ਲਗ-ਮਾਤ੍ਰੀ ਨਿਯਮਾਵਲੀ ਖੋਜ ਤੇ ਸੰਭਾਵਨਾ'** ਇਸ ਤੱਥ ਦੀ ਅਕੱਟ ਗਵਾਹੀ ਹੈ। ਇਸ ਪੁਸਤਕ ਵਿੱਚ ਲਗਭਗ ਉਹ ਸਾਰੇ ਲੇਖ ਹਨ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅੰਦਰਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਦੇ ਸਹਿਯੋਗ ਨਾਲ ਤਿਆਰ ਹੋ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਮੁੱਖ ਤੇ ਪ੍ਰਸਿੱਧ ਮਾਸਕ ਪਤਰ 'ਗੁਰਮਤਿ ਪ੍ਰਕਾਸ਼' ਵਿੱਚ ਲੜੀਵਾਰ ਛਪਦੇ ਰਹੇ ਹਨ।

(...ਚੱਲਦਾ)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਇਲਾਹੀ 'ਹੁਕਮ' ਦਾ ਦੀਦਾਰ

**ਇੰਜੀ: ਜੋਗਿੰਦਰ ਸਿੰਘ**

ਸੰਸਾਰ ਦੇ ਸਾਰੇ ਧਰਮਾਂ ਦਾ ਮੂਲ-ਮੰਤਵ ਮਨੁੱਖ ਦੀਆਂ ਜਨਮ-ਜਨਮਾਂਤਰਾਂ ਤੋਂ ਸੰਚਿਤ ਰੂਪ ਵਿਚ ਚਲੀਆਂ ਆ ਰਹੀਆਂ ਅਮੁੱਕ, ਅਰੋਕ, ਅਚੇਤ, ਅਖੌਤੀ ਪਸ਼ੂ-ਬਿਰਤੀਆਂ ਨੂੰ ਕਿਸੇ ਨਿਯਮਤ-ਵਿਧਾਨ ਵਾਲੀ ਟਕਸਾਲ ਵਿਚ ਨਵੇਂ ਸਿਰਿਉਂ ਘੜਨ, ਭੰਨ-ਸੰਵਾਰਨ ਤੇ ਸ਼ਿੰਗਾਰਨ ਦੀ ਪ੍ਰਕਿਰਿਆ ਰਾਹੀਂ ਉਸ ਦੇ ਸ਼ੁੱਧ ਆਪੇ ਦੀ ਪਛਾਣ ਕਰਵਾ ਕੇ, ਸੇਸ਼ਟਤਮ ਸੰਭਾਵਨਾਵਾਂ ਵੱਲ ਤੋਰਨਾ ਹੈ। ਆਦਿ ਗੁਰੂ, ਗੁਰੂ ਨਾਨਕ ਸਾਹਿਬ ਆਪਣੇ ਇਕ ਸਲੋਕ ਰਾਹੀਂ ਸੱਚ ਗੁਰੂ ਦਾ ਕਾਰਜ ਖੇਤਰ ਅਤੇ ਮਾਨਦੰਡਨਿਰਧਾਰਿਤ ਕਰਦਿਆਂ ਫੁਰਮਾਉਂਦੇ ਹਨ ਕਿ ਅਜਿਹੇ ਗੁਰੂ ਤੋਂ ਵਾਰ-ਵਾਰ ਕੁਰਬਾਨ ਜਾਈਏ, ਜਿਹੜਾ ਸਾਧਾਰਣ ਪਸ਼ੂ-ਤੁੱਲ ਮਾਣਸਾਂ ਨੂੰ ਉੱਚ-ਆਤਮਾ-ਦਰਸ਼ੀ ਦੇਵ-ਪੁਰਸ਼ ਬਣਾ ਦਿੰਦਾ ਹੈ, ਕੁਚੱਜੀਆਂ ਜੀਵ-ਇਸਤ੍ਰੀਆਂ ਨੂੰ ਸੁਚੱਜੀਆਂ, ਦੁਹਾਗਣਾਂ ਨੂੰ ਸੁਹਾਗਣਾਂ ਤੇ ਅਵਗੁਣਹਾਰੀਆਂ ਨੂੰ ਗੁਣਵੰਤੀਆਂ ਬਣਾ ਦਿੰਦੈ। ਅਸੀਮ ਸਮਿਆਂ ਤੋਂ ਸੈਂਕੜੇ-ਹਜ਼ਾਰ ਚੰਦਰਮਾਂ-ਸੂਰਜਾਂ ਦੇ ਚਾਨਣਾਂ ਨੇ ਮਨੁੱਖੀ ਅੱਖਾਂ ਨੂੰ ਚੁੰਧਿਆਇਆ ਤਾਂ ਬਹੁਤ ਏ ਪਰ ਸਹੀ ਜੀਵਨ ਜਾਚ ਪ੍ਰਤੀ ਤਾਂ ਘੋਰ-ਅੰਧਿਆਰਾ ਹੀ ਬਣਿਆ ਰਿਹਾ। ਮਨੁੱਖ ਨੂੰ ਆਪਣੇ ਜੋਤ-ਸਰੂਪੀ ਮੂਲ ਦੀ ਜਾਣ-ਪਛਾਣ, ਸਮਝ-ਬੂਝ ਤੇ ਸੁਖਦਾਈ-ਸਾਂਝ ਦੀ ਜੁਗਤਿ,ਜੋਤ ਸਰੂਪੀ ਮੂਲ ਦੀ ਜਾਣ-ਪਛਾਣ, ਸਮਝ-ਬੂਝ ਤੇ ਸੁਖਦਾਈ-ਸਾਂਝ ਦੀ ਜੁਗਤਿ, 'ਜੋਤਿ ਰੂਪ ਹਰਿ ਆਪਿ ਗੁਰੂ ਨਾਨਕ' ਨੇ ਜਗਤ ਵਿਚ ਪਰਵਿਰਤ ਹੋ ਕੇ ਦੱਸੀ। ਰੱਬੀ ਰਜ਼ਾ ਜਾਂ ਹੁਕਮੁ ਕੀ ਏ? ਇਸ ਦੀ ਪਛਾਣ ਕੀ ਏ ? ਮਨੁੱਖੀ ਨਵ-ਘਾੜਤ ਕੀ ਏ? ਇਹ ਸੱਚੀ ਟਕਸਾਲ ਤੇ ਉਸ ਵਿਚਲੀ ਕਾਰਜਸ਼ੈਲੀ ਕਿਹੋ ਜਿਹੀ ਏ? ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਗੁਰਬਾਣੀ ਸਾਨੂੰ ਅਗਵਾਈ ਬਖਸ਼ਦੀ ਹੈ :

ਰਾਗ ਸੂਹੀ ਮਹਲਾ ੧ ਵਿਚ 'ਕੁਚੱਜੀ' ਦੀ ਜੀਵਨ-ਸਥਿਤੀ ਬਿਆਨ ਕਰਦਿਆਂ '**ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥**' **(262)** ਦੀ ਸਮੱਸਿਆ ਦੀ ਪੇਸ਼ਕਾਰੀ ਵਿਚ, ਮਨੁੱਖ ਦੇ ਅ-ਮਿਣਵੇਂ ਭੈੜੇ-ਵਿਕਾਰੀ ਦੋਸ਼ਾਂ ਦਾ ਜ਼ਿਕਰ ਹੈ, ਉਨ੍ਹਾਂ ਗੁਣਾਂ ਜਿਨ੍ਹਾਂ ਤੋਂ ਪ੍ਰਭੂ-ਖਸਮ ਪ੍ਰਸੰਨ ਹੁੰਦਾ ਹੈ, ਦੀ ਅਣਹੋਂਦ ਦਰਸਾਈ ਹੈ ਅਤੇ ਮਾਇਕ ਪਦਾਰਥਕ ਮੋਹ ਦੀ ਗਫ਼ਲਤ ਭਰੀ ਨੀਂਦਰ ਵਿਚ 'ਮੈ ਡੋਹਾਗਣਿ' ਦੀ ਅਰਦਾਸ-ਬੇਨਤੀ ਹੈ।

'ਸੂਹੀ ਮਹਲਾ ੧ ਸੁਚਜੀ॥' (762) ਅਨੁਸਾਰ: 'ਹੇ ਵਾਹਿਗੁਰੂ! ਜਦੋਂ ਮੈਂ ਤੇਰੀ ਨੇੜਤਾ ਵਿਚ ਹੁੰਦੀ ਹਾਂ, ਸਭ ਕੋਈ ਮੇਰਾ ਮਦਦਗਾਰ ਹੁੰਦਾ ਹੈ, ਤੂੰ ਹੀ ਮੇਰਾ ਮਾਲਕ ਹੈਂ, ਤੂੰ ਹੀ ਮੇਰੀ ਰਾਸ-ਪੂੰਜੀ ਹੈਂ। ਮੇਰੇ ਅੰਤਰੀਵ ਜਦ ਤੂੰ ਵੱਸਿਆ ਹੁੰਦੈਂ, ਸੁਖ ਹੀ ਸੁਖ ਹੈ, ਸਾਰੇ ਮੇਰੀ ਸ਼ੋਭਾ ਕਰਦੇ ਹਨ। ਤੇਰੇ ਭਾਣੇ ਵਿਚ ਹੀ ਕੋਈ ਤਖ਼ਤ 'ਤੇ ਬੈਠਾ ਰਾਜ ਕਰ ਰਿਹੈ, ਕਿਸੇ ਨੂੰ ਵਡਿਆਈਆਂ ਮਿਲ ਰਹੀਆਂ ਹਨ ਤੇ ਕੋਈ ਦਰ-ਦਰ 'ਤੇ ਭਿੱਖਿਆ ਮੰਗ ਰਿਹੈ। ਤੇਰੀ ਰਜ਼ਾ ਵਿਚ ਕਿਸੇ ਕੱਲਰ ਧਰਤੀ ਵਰਗੇ ਹਉਮੈ-ਗ੍ਰਸਤ ਹਿਰਦੈ ਵਿਚ ਨਾਮੁ ਦਾ ਪ੍ਰੇਮ-ਪ੍ਰਵਾਹ ਚੱਲ ਪੈਂਦੇ, ਮਾਨੋ ਜਿਵੇਂ ਸੱਖਣੇ-ਉੱਚੇ ਅਸਮਾਨਾਂ ਵਿਚ ਰੰਗਾਂ-ਰੰਗਾਂ ਦੇ ਪੰਛੀਆਂ ਦੀਆਂ ਡਾਰਾਂ ਅਣਡਿੱਠ ਦਿਸਹੱਦਿਆਂ ਵੱਲ ਉਡਾਰੀਆਂ ਭਰ ਰਹੀਆਂ ਹੋਣ ਜਾਂ ਜਿਵੇਂ ਵਿਸ਼ਾਲ ਸਮੁੰਦਰਾਂ ਵਿਚ ਨੀਲੇ ਪੀਲੇ ਗੁਲਾਬੀ ਪੱਖੜੀਆਂ ਵਾਲੇ ਅਨੰਤ ਕਮਲ-ਫੁੱਲ ਅਭਿੱਜ ਤਾਰੀਆਂ ਲਾ ਰਹੇ ਹੋਣ। '**ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥ ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾਗੁਣਤਾਸਿ ਜੀਉ॥**' **(762)** ਭਾਵ ਸਾਰੀ ਸ੍ਰਿਸ਼ਟੀ ਦੀ ਪਰਵਿਰਤੀ ਤੇ ਨਿਵਿਰਤੀ ਦੀ ਖੇਡ ਤੇਰੇ ਭਾਣੇ, ਹੁਕਮ, ਰਜ਼ਾ ਵਿਚ ਚੱਲ ਰਹੀ ਹੈ। ਮੈਂ ਕੀ ਆਖਾਂ ? ਕੀ ਮੰਗਾਂ ? ਬਸ ਤੇਰੇ ਦਰ ਉੱਪਰ ਢਹਿ ਪੈਣਾ, ਦਰਸ਼ਨ ਪਿਆਸ ਦੀ ਲੋਚਾ ਅਤੇ '**ਸਚੁ ਨਾਨਕ ਕੀ ਅਰਦਾਸਿ ਜੀਉ ॥**'ਹੀ ਸਹੀ ਜੀਵਨ-ਮਾਰਗ ਹੈ।

ਉਕਤ ਮਨੁੱਖੀ ਜੀਵਨ ਦੀ ਵਿਕਾਸ ਪ੍ਰਕਿਰਿਆ ਦੇ ਪ੍ਰਸੰਗ ਦੀ ਲਗਾਤਾਰਤਾ ਵਿਚ ਪੰਚਮ ਪਿਤਾ, ਬਾਣੀ ਕੇ ਬੋਹਿਥੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਹਾਰ, ਧੰਨ ਧੰਨ ਗੁਰੂ ਅਰਜਨ ਸਾਹਿਬ ਜੀ '**ਸੂਹੀ ਮਹਲਾ੫ ਗੁਣਵੰਤੀ॥**'(763) ਸਿਰਲੇਖ ਅਧੀਨ ਫੁਰਮਾਉਂਦੇ ਹਨ ਕਿ ਮੈਨੂੰ ਜਿਹੜਾ ਵੀ ਕੋਈ ਗੁਰੂ-ਪਿਆਰਾ ਸਿੱਖ ਮਿਲੇ, ਮੈਂ ਅਤਿ ਨਿਮਰਤਾ ਸਹਿਤ, ਨਿਵਿ-ਨਿਵਿ ਕੇ ਉਸਦੇ ਪੈਰੀਂ ਪੈਂਦਾ ਹਾਂ, ਉਸ ਨੂੰ ਦਿਲ ਦਾ ਦੁਖੜਾ ਦੱਸਦਾ ਹਾਂ, ਉਸ ਪਾਸੋਂ ਕੋਈ ਸੋਹਣਾ ਉਪਦੇਸ਼ ਪੁੱਛਦਾ ਹਾਂ ਜਿਸ ਕਰਕੇ '**..ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥**' **(763)** ਭਾਵ ਮਨ ਕੇਵਲ ਪ੍ਰਭੂ-ਚਰਣਾਂ ਦੀ ਪ੍ਰੀਤੀ ਵਿਚ ਬੱਝਾ ਰਹੇ, ਹੋਰ ਹੋਰ ਭਟਕਣੀਆਂ ਤੋਂ ਮੁਕਤ ਹੋਵੇ, ਪਦਾਰਥਕ ਮੋਹ-ਚਿੱਕੜ ਵਿਚ ਨਾਂਹ ਫਸੇ, ਹਉਂ-ਹਉਂ ਮੈਂ-ਮੈਂ ਨੂੰ ਛੱਡ ਕੇ ਚੌਰਾਸੀ ਲੱਖ ਜੂਨੀਆਂ ਦੇ ਆਵਾਗਵਣ ਦੇ ਲੰਮੇ ਪੈਂਡੇ ਦਾ ਦੁੱਖ ਕੱਟਿਆ ਜਾਵੇ-ਇਹੋ ਹੀ ਮਾਨਸ ਜਨਮ ਦੀ ਆਸ ਤੇ ਉਦੇਸ਼ ਹੈ, **"ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥" (763)**

ਸ਼ਬਦ ਦੀਆਂ ਅਗਲੀਆਂ ਪੰਕਤੀਆਂ ਵਿਚ ਪਰਉਪਕਾਰੀ ਪਿਤਾ ਗੁਰਦੇਵ, ਜਿਗਿਆਸੂ ਸਿੱਖ ਦਾ ਰਾਹ-ਦਸੇਰਾ ਬਣਦੇ ਹਨ:**ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥ ਤਿਆਗੇਂ ਮਨਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥** ਤੇ ਸਮਝਾਉਂਦੇ ਹਨ ਕਿ ਇਸ ਤਰ੍ਹਾਂ ਹਰੀ ਪ੍ਰਭੂ ਦੇ ਦਰਸ਼ਨਾਂ ਦਾ ਅਧਿਕਾਰੀ ਬਣਿਆ ਜਾ ਸਕਦਾ ਹੈ ਤੇ ਸਾਰੇ ਸੰਸਾਰਕ ਕਸ਼ਟਾਂ-ਕਲੇਸ਼ਾਂ ਤੋਂ ਨਿਜਾਤ ਹਾਸਿਲ ਕਰਕੇ ਪ੍ਰਭੂ-ਪ੍ਰੀਤ ਸੰਜੋਗ ਵਿਚ, ਸਹਜ-ਸੰਤੋਖੀ ਜ਼ਿੰਦਗੀ-'**ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥**' ਦੇ ਰੰਗ ਮਾਣੇ ਜਾ ਸਕਦੇ ਹਨ। ਉਕਤ ਮਾਰਗ ਦਰਸ਼ਨ ਕਰਦਿਆਂ ਗੁਰੂ ਪਾਤਸ਼ਾਹ ਸਪੱਸ਼ਟ ਐਲਾਨ ਕਰਦੇ ਹਨ ਕਿ ਇਹ ਜੁਗਤ ਐਨ ਉਵੇਂ ਦੱਸੀ ਜਾ ਰਹੀ ਹੈ ਜਿਵੇਂ ਕਿ ਉਨ੍ਹਾਂ ਨੂੰ ਕਰਤੇ-ਪੁਰਖ ਨੇ 'ਹੁਕਮ' ਕੀਤਾ ਹੈ, ਭਾਵ ਪ੍ਰਭੂ-ਕ੍ਰਿਪਾ ਅੱਗੇ ਵੰਡੀ ਜਾ ਰਹੀ ਹੈ :

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥**
**ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥ (763)**

ਭਾਈ ਲਾਲੋ ਜੀ ਨੂੰ ਸੈਦਪੁਰ-ਐਮਨਾਬਾਦ ਦੀ ਦਿਲ-ਕੰਬਾਊ ਬਾਬਰੀ-ਜ਼ੁਲਮਾਂ ਦੀ ਦਾਸਤਾਨ ਸਣਾਉਂਦਿਆਂ ਵੀ ਗੁਰੂ ਨਾਨਕ ਦੇਵ ਜੀ ਪ੍ਰਭੂ ਮਾਲਕ ਵੱਲੋਂ ਆਵੇਸ਼ਿਤ ਅਨੁਭੂਤੀ ਦੇ ਹਵਾਲੇ '**ਜੈਸੀ ਮੈਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥**'(722) ਨਾਲ ਗੱਲ ਸ਼ੁਰੂ ਕਰਦੇ ਹਨ। '**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥**' **(935)**, 'ਧੁਰ ਕੀ ਬਾਣੀ'ਅਤੇ '**ਪ੍ਰਭ ਬਾਣੀਸਬਦੁ ਸੁਭਾਖਿਆ ॥**' **(611)** ਦੇ ਅਰਥ ਭਾਵ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਉਪਦੇਸ਼ਾਂ, ਆਦੇਸ਼ਾਂ, ਇਤਲਾਹਾਂ, ਸੰਦੇਸ਼ਾਂ ਨੂੰ ਓਸ ਆਦਿ ਏਕੰਕਾਰੀ ਸਰਵ-ਸਮਰੱਥ ਸੱਤਾ ਦੇ '**ਹੁਕਮ**'**ਦੀਆਂ ਵਿਭਿੰਨ ਅਭਿਵਿਅਕਤੀਆਂ** ਨੂੰ ਅੱਖਰੀ ਗਿਆਨ ਰਾਹੀਂ ਲੋਕਾਈ ਤੱਕ ਸਮਝਣਯੋਗ ਬਨਾਉਣਾ ਹੈ।

ਭਾਈ ਮਰਦਾਨੇ ਨੂੰ ਆਖਣਾ ਬਈ ਰਬਾਬ ਛੇੜ 'ਬਾਣੀ ਆਈ ਹੈ' ਗੁਰਬਾਣੀ ਨੂੰ ਪਾਰਬ੍ਰਹਮ-ਪਰਮੇਸ਼ਵਰ ਦਾ ਬਹੁ-ਭਾਂਤਿਕ ਵਿਸਤ੍ਰਿਤ ਹੁਕਮਨਾਮਾ ਹੀ ਦਰਸਾਉਂਦੇ ਹਨ। ਇਸੇ ਤਰ੍ਹਾਂ ਵੱਖ-ਵੱਖ ਦੇਸ਼ਾਂ-ਪ੍ਰਦੇਸ਼ਾਂ, ਵੱਖ-ਵੱਖ ਧਰਮਾਂ ਨਾਲ ਸੰਬੰਧਤ ਵੱਖੋ-ਵੱਖਰੀਆਂ ਜਾਤੀ-ਵਰਗਾਂ ਵਿਚ ਜਨਮੇ ਅਤੇ ਵੱਖ-ਵੱਖ ਅਕੀਦਿਆਂ ਵਿਸ਼ਵਾਸਾਂ ਤੇ ਸੱਭਿਆਤਾਵਾਂ ਵਿਚ ਦੀ ਵਿਕਾਸ ਕਰਦੇ ਦੂਸਰੇ ਬਾਣੀਕਾਰਾਂ ਨੇ ਆਪਣੇ ਆਤਮ-ਦਰਸ਼ੀ ਅਨੁਭਵ-ਪ੍ਰਕਾਸ਼ ਨੂੰ ਪਰਉਪਕਾਰੀ-ਉਮਾਹ ਦੇ ਪ੍ਰਵਾਹ ਅਧੀਨ ਰੱਬੀ-ਰਹੱਸਾਂ ਤੇ ਸੂਖਮ-ਸੰਕੇਤਾਂ ਨੂੰ ਬੈਖਰੀ ਬਾਣੀ ਦਾ ਰੂਪ ਦਿੱਤਾ ਹੈ। ਜਿੱਥੇ-ਕਿੱਥੇ, ਜਿਵੇਂ-ਕਿਵੇਂ ਤੇ ਜੋ ਜੋ ਵੀ ਇਸ਼ਟ-ਗੁਰਦੇਵ ਪ੍ਰਭੂ-ਪ੍ਰਮਾਤਮਾ ਵੱਲੋਂ ਉਨ੍ਹਾਂ ਨੂੰ ਉੱਚਤਮ-ਆਤਮਕ ਅਵਸਥਾ ਵਿਚ ਆਵੇਸ਼ ਆਗਮਿਤ ਹੋਏ, ਉਨ੍ਹਾਂ ਇਲਾਹੀ ਹੁਕਮਾਂ ਦੇ ਅੱਖਰੀ-ਦਰਸ਼ਨ-ਦੀਦਾਰੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹਨ। ਗੁਰਬਾਣੀ ਸੁਣਨ ਤੇ ਮੰਨਣ ਦੀ ਵਿਸ਼ੇਸ਼ ਮਹੱਤਵ ਸਥਾਪਨਾ ਸਿਰਲੇਖ-ਬਾਣੀ 'ਜਪੁ' ਜੀ ਦੀਆਂ ਅਠਵੀਂ ਤੋਂ ਪੰਦਰਵੀਂ

ਤੱਕ ਅੱਠ ਪਉੜੀਆਂ ਵਿਚ ਵਿਸਥਾਰ ਸਹਿਤ ਪੱਕਿਆਂ ਕੀਤੀ ਗਈ ਹੈ। ਸ਼ਬਦ-ਵੀਚਾਰ ਰਾਹੀਂ ਇਲਾਹੀ-ਹੁਕਮਾਂ ਦੇ ਗੁਹਝ ਭਾਵਾਂ ਤੱਕ ਅੱਪੜਿਆ ਜਾ ਸਕਦਾ ਹੈ। **ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ-ਦਰਸ਼ਨ-ਦੀਦਾਰ (ਅਧਿਐਨ), ਇਲਾਹੀ 'ਹੁਕਮ' ਦੇ ਰੂ-ਬ-ਰੂ ਹੋਣਾ ਹੈ।**

ਹੁਕਮ', 'ਭਾਣਾ', 'ਰਜ਼ਾ' ਸ਼ਬਦਾਂ ਨੂੰ ਗੁਰਬਾਣੀ ਵਿਚ ਖੁੱਲ੍ਹਾ ਡੁੱਲ੍ਹਾ ਵਰਤਿਆ ਗਿਆ। 'ਹੁਕਮਿ ਰਜਾਈ ਚਲਣਾ' ਸਿੱਖੀ ਦਾ ਧੁਰਾ ਮੰਨਿਆ ਗਿਆ ਹੈ। ਜਪੁ ਜੀ ਦੀ ਪਹਿਲੀ ਪਉੜੀ ਹੀ ਇਸ ਸਿਧਾਂਤ ਨੂੰ ਨਿਸਚਿਤ ਕਰਦੀ ਹੈ। ਹੁਕਮੁ ਮੰਨਣ ਲਈ ਵਾਰ-ਵਾਰ ਤਾਕੀਦ ਕੀਤੀ ਗਈ ਹੈ। ਹੁਕਮੁ ਮੰਨ ਕੇ ਹੀ ਆਤਮਿਕ ਸੁਖ ਤੇ ਅਧਿਆਤਮਕ-ਸੰਜੋਗ ਪ੍ਰਾਪਤ ਹੁੰਦਾ ਹੈ। ਸ੍ਰਿਸ਼ਟੀ ਰਚਨਾ ਵਿਚ ਸਾਰੇ ਜੀਅ-ਜੰਤ ਤੇ ਨਿਰਜਿੰਦ ਆਕਾਰਾਂ ਦੀ ਉਤਪਤੀ ਪ੍ਰਭੂ-ਹੁਕਮ ਤਹਿਤ ਹੀ ਹੋਈ ਹੈ। ਉਨ੍ਹਾਂ ਦੀ ਉੱਚਤਾ, ਗੁਣਵੱਤਾ, ਹੀਣਤਾ ਜਾਂ ਬੇਅਰਥਕਤਾ ਦਾ ਸਥਾਨ ਵੀ ਹੁਕਮ ਨੇ ਨਿਸ਼ਚਿਤ ਕੀਤਾ ਹੈ। ਜੀਵਾਂ ਨੂੰ ਵਿਆਪਦੇ ਦੁੱਖ, ਸੁਖ, ਬਖਸ਼ਿਸ਼ਾਂ ਤੇ ਭਰਮ-ਭੁਲਾਵਿਆਂ ਵਿਚ ਭਟਕਣੀਆਂ, ਸਭੋ ਕੁਝ ਹੁਕਮੁ ਦੇ **ਬਹੁ-ਬਿਧਿ ਪ੍ਰਬੰਧਕੀ ਵਿਧਾਨ** ਦੇ ਨਿਯਮਾਂ ਦੇ ਅਮਲ ਵਿਚ ਵਾਪਰ ਰਿਹੈ। ਕੋਈ ਵੀ ਕ੍ਰਿਆ ਓਸ ਦੇ 'ਹੁਕਮੁ' ਨੂੰ ਉਲੰਘ ਕੇ ਹੋਣੀ ਸੰਭਵ ਨਹੀਂ: ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ॥ (ਜਪੁ ਜੀ)

ਪੂਰਵ ਗੁਰੂ ਕਾਲ ਦੇ ਭਾਰਤੀ ਧਾਰਮਿਕ ਚਿੰਤਨ ਅਤੇ ਸੰਸਕ੍ਰਿਤਕ ਗ੍ਰੰਥਾਂ ਵਿਚ 'ਹੁਕਮ' ਸ਼ਬਦ ਦੀ ਵਰਤੋਂ ਨਹੀਂ ਮਿਲਦੀ ਕਿਉਂਕਿ ਇਹ ਅਰਬੀ ਭਾਸ਼ਾ ਵਿਚੋਂ ਆਇਆ ਸ਼ਬਦ ਹੈ ਤੇ ਇਸ ਦੇ ਅਰਥ ਹਨ-ਆਗਿਆ, ਆਦੇਸ਼ ਜਾਂ ਫੁਰਮਾਨ। ਅਰਬ ਦੇਸ਼ਾਂ ਵਿਚ ਇਹ ਸ਼ਬਦ ਸ਼ਾਹੀ-ਐਲਾਨਾਂ ਅਤੇ ਇਲਾਹੀ ਫੁਰਮਾਨਾਂ ਲਈ ਵਰਤਿਆ ਜਾਂਦਾ ਸੀ। ਇਸਲਾਮ ਦੀ ਧਰਮ-ਪੁਸਤਕ ਕੁਰਾਨ ਅਤੇ ਉਸ ਨਾਲ ਜੁੜੇ ਸਾਹਿਤ ਵਿਚ 'ਹੁਕਮ' ਪਦ ਦੀ ਵਿਸਤ੍ਰਿਤ ਵਿਆਖਿਆ ਉਪਲਬਧ ਹੈ। 'ਹੁਕਮੁ' ਤੇਜਸਵੀ ਅੱਲ੍ਹਾ ਦੇ ਹਨ ਅਤੇ ਸਭ ਮਖ਼ਲੂਕਾਤ ਉੱਪਰ 'ਹੁਕਮ' ਵੱਖ-ਵੱਖ ਤਰੀਕਿਆਂ ਨਾਲ ਨਾਜ਼ਿਮ ਹੁੰਦਾ ਹੈ। 'ਕੁਨ ਕੇ ਕਹਿਨੇ ਸੇ ਕੀਆ ਆਲਮ ਬੱਪਾ' ਇਸਲਾਮੀ ਮੱਤ ਅਨੁਸਾਰ ਖ਼ੁਦਾ ਨੇ 'ਕੁਨ' ਸ਼ਬਦ ਉਚਾਰਿਆ ਭਾਵ 'ਹੋ ਜਾ' ਦਾ 'ਹੁਕਮ' ਕੀਤਾ ਤੇ ਸ੍ਰਿਸ਼ਟੀ ਦੀ ਉਤਪਤੀ ਹੋ ਗਈ। ਗੁਰਮਤਿ ਵੀ '**ਹੁਕਮੀ ਹੋਵਨਿ ਆਕਾਰ**' ਦੀ ਸਥਾਪਤੀ ਕਰਦੀ ਹੈ ਅਤੇ '**ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ ॥**' (ਜਪੁ ਜੀ) ਰਾਹੀਂ 'ਹੁਕਮ' ਦੇ ਸਿਧਾਂਤਕ-ਸੰਕਲਪ ਵਿਚ ਬੇਹਤਰੀਨ ਸਪੱਸ਼ਟਤਾ ਨਾਲ ਵਾਧਾ ਕਰਦੀ ਹੈ। ਡਾ: ਸ਼ੇਰ ਸਿੰਘ ਜੀ ਆਪਣੀ ਰਚਨਾ 'ਗੁਰਮਤਿ ਦਰਸ਼ਨ' ਵਿਚ, 'ਕੁਨ' ਅਤੇ ਗੁਰੂ ਨਾਨਕ ਸਾਹਿਬ ਜੀ ਦੇ 'ਕਵਾਉ' ਵਿਚਲੇ ਅੰਤਰ ਦਾ ਵਿਸ਼ਲੇਸ਼ਣ ਇੰਞ ਕਰਦੇ ਹਨ ਕਿ "ਕੁਨ ਦੁਆਰਾ ਸ੍ਰਿਸ਼ਟੀ ਦੀ ਰਚਨਾ ਇਕਦਮ ਜਾਂ ਤੁਰੰਤ ਹੋਣੀ ਸਮਝ ਆਂਦੀ ਹੈ, ਪਰ ਗੁਰੂ ਜੀ ਦੇ 'ਕਵਾਉ' ਰਾਹੀਂ ਜਗਤ ਦਾ ਹੌਲੀ ਹੌਲੀ ਪ੍ਰਸਾਰ ਹੁੰਦਾ ਸਿੱਧ ਹੁੰਦਾ ਹੈ, ਭਾਵ ਸਿਲਸਿਲੇਵਾਰ ਨਿਰੰਤਰ ਵਿਕਾਸ ਪ੍ਰਕਿਰਿਆ ਦੇ ਅਣਗਿਣਤ ਵਹਣਾਂ ਦਾ ਵਹਾਉ ਸ਼ੁਰੂ ਹੁੰਦਾ ਹੈ।

ਮੁਢਲੇ ਇਸਲਾਮਿਕ ਸਾਹਿਤ ਵਿਚਲੇ ਇਸ ਇਹਤਰਾਮ-ਭਾਵੀ ਸ਼ਬਦ 'ਹੁਕਮ' ਦੀ ਵਰਤੋਂ, ਬਾਅਦ ਵਿਚ ਜਿਸਮਾਨੀ ਤਾਕਤ, ਕਬੀਲਿਆਂ ਦੀ ਸਰਦਾਰੀ ਅਤੇ ਰਾਜਨੀਤਿਕ ਸ਼ਕਤੀ ਦੇ ਪ੍ਰਸਾਰ ਤੇ ਪ੍ਰਗਟਾਅ ਲਈ ਕੀਤੀ ਜਾਣ ਲੱਗ ਪਈ। ਇਸਤਰ੍ਹਾਂ ਹੁਕਮ ਦਾ ਸੰਕਲਪ ਤੇ ਸਮਰੱਥਾ ਆਪਣੇ ਅਧਿਆਤਮਕ ਅਤੇ ਭੌਤਿਕ ਪਿਛੋਕੜ ਸਮੇਤ ਮੁਸਲਮਾਨੀ ਹਮਲਾਵਰਾਂ ਦੇ ਨਾਲ ਸਾਡੇ ਦੇਸ਼ ਵਿਚ ਪਹੁੰਚੀ। ਇਸ ਸ਼ਬਦ ਇਥੋਂ ਦੀ ਲੋਕ ਬੋਲੀ ਵਿਚ ਆਪਣੀ ਥਾਂ ਬਣਾ ਲਈ : **ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥(470)** ਦਿੱਲੀ ਦੇ ਤਖ਼ਤ 'ਪਰ ਕਾਬਿਜ਼ ਹੁਕਮਰਾਨਾਂ ਨੇ ਭਾਰਤੀ ਧਰਮ, ਸੱਭਿਅਤਾ ਅਤੇ ਸੰਸਕ੍ਰਿਤੀ ਦੀਆਂ ਬੁਨਿਆਦਾਂ ਹਿਲਾ ਦਿੱਤੀਆਂ। ਹਿੰਦੁਸਤਾਨੀ ਸੱਭਿਆਚਾਰ ਵਿਚ ਆਪਣੇ ਤੋਂ ਵੱਡੇ, ਜ਼ੋਰਾਵਰ, ਸਤਿਕਾਰਯੋਗ ਜਾਂ ਮਹਾਂਪੁਰਸ਼ ਦੇ ਬਚਨਾਂ ਨੂੰ ਆਦਰ ਅਰਪਣ ਕਰਨ ਜਾਂ ਸਵੀਕ੍ਰਿਤੀ ਵਜੋਂ ਪਹਿਲਾਂ 'ਸਤ ਹੈ' ਦਾ ਉਚਾਰਣ ਕੀਤਾ ਜਾਂਦਾ ਸੀ, ਹੁਣ 'ਹੁਕਮ' ਪਦ ਵਰਤਿਆ ਜਾਣ ਲੱਗ ਪਿਆ। (ਅੱਜ ਵੀ ਆਮ ਬੋਲਚਾਲ ਵਿਚ 'ਹੁਕਮ ਕਰੋ ਜੀ' ਨੂੰ ਲੋਕ-ਮੁਹਾਵਰੇ ਵਾਂਗ ਵਰਤਿਆਜਾਂਦੈ)।

ਗੁਰੂ ਨਾਨਕ ਦ੍ਰਿਸ਼ਟਿ-ਦਰਸ਼ਨ ਵਿਚ ਅਪਰੰਪਰ-ਪਾਰਬ੍ਰਹਮ-ਪਰਮੇਸੁਰ ਹੀ ਇਕੋ-ਇਕ 'ਕਰਤਾ ਪੁਰਖੁ' ਹੈ, ਇਸ ਲਈ ਉਸ ਦੀ ਸਫੁਰ ਇੱਛਾ, ਭਾਣਾ, ਆਦੇਸ਼ ਜਾਂ ਆਗਿਆ ਹੀ ਅਟੱਲ, ਅਭੁੱਲ ਅਤੇ ਅਰੋਕ 'ਹੁਕਮੁ' ਹੈ ਅਤੇ ਹੁਕਮ ਕਰਨ ਵਾਲਾ 'ਹੁਕਮੀ' ਹੈ। ਆਦਿ ਗੁਰੂ ਜੀ ਨੇ ਤਾਂ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਵੀ 'ਹੁਕਮੁ' ਦੀ ਹੋਂਦ ਦਾ ਨਵਾਂ-ਨਿਰਾਲਾ ਧਰਮ-ਸਿਧਾਂਤ ਪੇਸ਼ ਕੀਤਾ ਹੈ '**ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥**'(1035) ਕਿਸੇ ਵੀ ਤਰ੍ਹਾਂ, ਕੁਝ ਵੀ ਕਿਆਸ ਨਹੀਂ ਕੀਤਾ ਜਾ ਸਕਦਾ ਕਿ ਕਦੋਂ ਤੇ ਕਿਵੇਂ ਓਸ ਆਦਿ ਏਕੰਕਾਰੀ ਸੱਤਾ ਨੇ, '**ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥**' (1036) ਅਤੇ ਓਹ ਆਪ ਹੀ ਆਪਣੀ ਸਵੈ-ਇੱਛਤ ਰਜ਼ਾ ਵਿਚ '**ਕਰਿ ਕਰਿ ਦੇਖੈ ਹੁਕਮ ਸਬਾਇਆ॥**' (1036) ਰਾਹੀਂ ਸਮੁੱਚੇ ਪ੍ਰਬੰਧਕੀ ਵਿਧਾਨ ਦਾ ਨਿਯੰਤਰਣ ਕਰ ਰਿਹੈ। ਸਾਰਾ ਬ੍ਰਹਿਮੰਡੀ ਪਸਾਰਾ, ਭੌਤਿਕ, ਭੂਗੋਲਿਕ ਤੇ ਜੀਵ-ਜਗਤ ਓਸ ਦੇ ਵਿਸ਼ਵਵਿਆਪੀ, ਸਦੀਵਕਾਲੀ ਸਰਵਸਮਰੱਥ 'ਹੁਕਮੁ' ਦੇ ਪ੍ਰਭਾਵ ਅਧੀਨ ਨਿਰੰਤਰ ਪੈਦਾ ਹੋ ਰਿਹੈ, ਵਧ ਫੁੱਲ ਰਿਹੈ ਤੇ ਖੈ ਹੋ ਰਿਹੈ। ਇਸ ਨੂੰ ਅਸੀਂ ਓਸ ਦੀ ਊਰਜਾ ਸ਼ਕਤੀ ਜਾਂ ਸਮਰੱਥਾ ਦਾ ਨਿਆਂ-ਯੁਕਤ, ਨਿਯਮਬੱਧ ਸੰਚਾਲਨ ਵੀ ਆਖ ਸਕਦੇ ਹਾਂ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮਿਕ-ਸੰਸਾਰ ਦੇ ਸ਼ਬਦ 'ਹੁਕਮ' ਨੂੰ ਭਾਰਤੀ ਧਰਮ-ਚਿੰਤਨ, ਭਗਤੀ-ਭਾਵਨਾ ਅਤੇ ਸ਼ਰਧਾਮਈ ਸਮਰਪਣ ਦੇ ਪ੍ਰੇਮ-ਜਲ ਨਾਲ ਸਿੰਜ ਕੇ ਨਵੇਂ ਮੌਲਿਕ ਅਰਥਭਾਵਾਂ ਵਿਚ ਪ੍ਰਤਿਸ਼ਠਤ ਸਥਾਨ ਪ੍ਰਦਾਨ ਕੀਤਾ ਹੈ। ਇਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ 'ਹੁਕਮੁ' ਦਾ ਇਕ **ਅਤਿ ਆਧੁਨਿਕ ਪਰਿਭਾਸ਼ਕਿ ਰੂਪ ਸਾਹਮਣੇ ਆਇਆ ਹੈ :**

**-ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**
**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥** ਅਤੇ
**-ਹੁਕਮੇ ਆਵੈ ਹੁਕਮੇ ਜਾਇ॥ ਆਗੈ ਪਾਛੈ ਹੁਕਮਿ ਸਮਾਇ॥(151)**

ਜਪੁ ਜੀ ਵਿਚ ਆਕਾਰਾਂ ਤੇ ਜੀਵ-ਜੰਤਾਂ ਦੀ ਉਤਪਤੀ ਹੁਕਮੁ ਵਿਧਾਨ ਅਧੀਨ ਹੁੰਦੀ ਦੱਸ ਕੇ, ਨਾਲ ਹੀ ਇਹ ਆਖਿਆ ਗਿਆ ਹੈ ਕਿ '**ਹੁਕਮੁ ਨ ਕਹਿਆ ਜਾਈ॥**' ਤੇ ਇਸੇ ਦੂਜੀ ਪਉੜੀ ਦੀ ਅੰਤਲੀ ਪੰਕਤੀ '**ਨਾਨਕ ਹੁਕਮੈ ਜੇ ਬੁਝੈ**' ਵਿਚ 'ਹੁਕਮੁ' ਨੂੰ ਕੁਝ ਸੀਮਾ ਤੱਕ ਸਮਝਣ-ਬੁੱਝਣ ਦੀ ਪ੍ਰੇਰਨਾ ਵੀ ਦਿੱਤੀ ਹੈ। ਅਸਲੀਅਤ ਇਹ ਹੈ ਕਿ ਪ੍ਰਭੂ ਦਾ ਪ੍ਰਬੰਧਕੀ ਸੰਵਿਧਾਨ, ਜਿਸ ਦਾ ਅਸੀਂ ਗੁਰਬਾਣੀ ਵਿਚ 'ਹੁਕਮ' ਦੇ ਸਰੂਪ ਵਿਚ ਦਰਸ਼ਨ-ਦੀਦਾਰ ਕਰਦੇ ਹਾਂ, ਇਤਨਾ ਵਿਸ਼ਾਲ, ਵਿਰਾਟ, ਸਰਵ-ਵਿਆਪਕ ਤੇ ਪਰਿਪੂਰਨ ਹੈ ਕਿ ਮਨੁੱਖੀ ਬੌਧਿਕ-ਸਮਰੱਥਾ ਦੇ ਸੀਮਿਤ ਘੇਰੇ ਵਿਚ ਸਮਾਇਆ ਜਾ ਹੀ ਨਹੀਂ ਸਕਦਾ। ਸਾਰਾ ਦ੍ਰਿਸ਼ਟਮਾਨ ਜਗਤ ਤੇ ਅਦ੍ਰਿਸ਼ਟ, ਸਥੂਲ ਬ੍ਰਹਿਮੰਡ ਤੇ ਸੂਖਮ-ਮੰਡਲ, ਜਲਾਂ-ਥਲਾਂ, ਮਹੀਅਲਾਂ ਵਿਚ ਵੱਸਦੇ ਪਸ਼ੂ-ਪੰਛੀ, ਬਨਸਪਤਿ ਤੇ ਮਾਨਵ-ਸੰਸਾਰ ਆਦਿ ਦਾ ਸਮੁੱਚਾ ਵਰਤਾਰਾ ਇਸ ਮਹਾਂ-ਨਿਯਮ ਰੂਪੀ 'ਹੁਕਮੁ' ਦੀਆਂ ਅਣਗਿਣਤ ਪ੍ਰਣਾਲੀਆਂ, ਧਾਰਾਵਾਂ ਤੇ ਉਪ-ਧਾਰਾਵਾਂ ਦਾ ਅਗਮ-ਅਗੋਚਰੀ ਪ੍ਰਵਾਹ ਹੀ ਤਾਂ ਹੈ। ਇਸ ਦਾ ਪਾਰਾਵਾਰ ਤਾਂ ਨਹੀਂ ਪਾਇਆ ਜਾ ਸਕਦਾ ਪਰ ਕੁਝ-ਇਕ ਸੰਕੇਤਾਂ ਤੋਂ ਇਸ ਮਹਾਂਪ੍ਰਬੰਧਕੀ ਸੰਵਿਧਾਨ ਦੀ 'ਹੋਂਦ'(Existence of theCosmicorder) ਦੇ ਪ੍ਰਤੱਖ ਸਬੂਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਵੰਨਗੀ ਵਜੋਂ ਅਸੀਂ ਇਕ ਵੱਡ-ਆਕਾਰੀ ਬ੍ਰਿਛ 'ਬੋਹੜ' ਦੇ ਅਤਿ ਨਿੱਕੇ ਜਿਹੇ ਬੀਜ ਨੂੰ ਪ੍ਰਯੋਗ-ਅਧੀਨ ਲਿਆਉਂਦੇ ਹਾਂ। ਸਾਧਾਰਣ ਧਰਤੀ ਅਤੇ ਜਲਵਾਯੂ ਦੇ ਸੰਜੋਗ ਨਾਲ, ਇਕ ਗੋਹਲ ਦੇ ਅਣਗਿਣਤ ਦਾਣਿਆਂ ਵਿਚੋਂ ਕੇਵਲ ਇਕ ਦੇ ਸਫੁੱਟ ਹੋਣ ਨਾਲ ਪਹਿਲਾਂ ਨਿੱਕੀ ਜਿਹੀ ਕਰੂੰਬਲ, ਫਿਰ ਦੋ-ਤਿੰਨ ਪੱਤੀਆਂ ਤੋਂ ਸ਼ੁਰੂ ਹੋ ਕੇ, ਇਕ ਛੋਟਾ ਜਿਹਾ ਪੌਦਾ ਤੇ ਫਿਰ ਹੌਲੀ ਹੌਲੀ ਵਰ੍ਹਿਆਂ ਦੇ ਬੀਤਣ ਮਗਰੋਂ ਵਿਸ਼ਾਲ ਛਾਇਆਦਾਰ ਬਾਬਾ-ਬੋਹੜ ਆਪਣੇ ਸਰੀਰ ਉੱਪਰ ਬੇਅੰਤ ਕੀੜਿਆਂ-ਮਕੌੜਿਆਂ ਤੇ ਪਰਿੰਦਿਆਂ ਲਈ ਰੈਣ-ਬਸੇਰਾ ਬਣਾ ਲੈਂਦਾ ਹੈ ਤੇ ਵੱਡਿਆਂ ਟਾਹਣਿਆਂ ਦੀ ਸੰਘਣੀ ਸੁਖਾਵੀਂ ਛਾਂ ਹੇਠਾਂ ਚਰਿੰਦਿਆਂ ਤੇ ਬੰਦਿਆਂ ਨੂੰ 'ਜੀ ਆਇਆਂ' ਆਖਦਾ ਹੈ। ਇਲਾਹੀ ਨਿਜ਼ਾਮ ਦਾ ਕੈਸਾ ਕਮਾਲ ਹੈ ਕਿ ਇਕ ਕਿਣਕੇ ਵਰਗੇ ਬੀਜ ਵਿਚ ਭਵਿੱਖਮੁਖੀ ਇੰਨੀ ਲੰਮੀ ਜੀਵਨ-ਯਾਤਰਾ ਦੀ ਮੁਕੰਮਲ ਤਫ਼ਸੀਲ ਮਹਿਫੂਜ਼ ਸਾਂਭੀ ਪਈ ਹੈ। ਬੋਹੜ ਦੇ ਬੀਜ ਵਿਚੋਂ ਕੋਈ ਹੋਰ ਬੂਟਾ ਨਹੀਂ ਉਗਮਦਾ ਤੇ ਇਸ ਤਰ੍ਹਾਂ ਹਰ ਨਿੱਕੇ ਬੀਜ ਦੀ ਹੋਣੀ ਨਿਸ਼ਚਿਤ ਨਜ਼ਰ ਆਉਂਦੀ ਹੈ। ਹਰ ਬੀਜ ਇੰਨ-ਬਿੰਨ ਉਵੇਂ ਜਿਵੇਂ ਪੁੰਗਰਦਾ, ਵਿਗਸਦਾ ਤੇ ਵੱਡਾ ਹੁੰਦਾ ਹੈ

ਜਿਵੇਂ ਮਹਾਂ-ਊਰਜਾ-ਸ੍ਰੋਤ ਦੇ ਮਹਾਂ-ਪ੍ਰਬੰਧ ਨੇ ਨਿਸ਼ਚਿਤ ਕੀਤਾ ਹੈ ਤੇ ਇਹ ਓਸ ਆਦਿ ਏਕੰਕਾਰੀ ਸਰਵਸਮਰੱਥ ਸੱਤਾ ਦੇ ਮਹਾਂਨਿਯਮ 'ਹੁਕਮੁ' ਦੀ ਇਕ ਨੂਰਾਨੀ ਕਿਰਣ ਦੀ ਝਲਕ ਹੈ।

ਅਜਿਹੀਆਂ ਅਨੰਤ ਕਿਰਣਾਂ, ਨਿਯਮਾਵਲੀਆਂ ਤੇ ਉਪ-ਨਿਯਮਾਵਲੀਆਂ ਅਚੇਤ ਰੂਪ ਵਿਚ ਪ੍ਰਕਿਰਤਕ ਪਰਿੰਦਿਆਂ ਤੇ ਚਰਿੰਦਿਆਂ ਦੇ ਜੀਵ-ਜਗਤ ਵਿਚ ਸਹਜ-ਸੁਭਾਇ ਲਾਗੂ ਹੋਈਆਂ ਵੇਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦਾ ਰਹਿਣਾ-ਸਹਿਣਾ, ਖਾਣਾ-ਪੀਣਾ, ਸੌਣਾ-ਜਾਗਣਾ, ਵੱਡਿਆਂ ਹੋ ਕੇ ਵਧਣਾ-ਫੁੱਲਣਾ ਅਤੇ ਸਮਾਂ ਪਾ ਕੇ ਮਰ ਜਾਣਾ, ਸਾਰਾ ਵਿਹਾਰ 'ਹੁਕਮ' ਦੀ ਪ੍ਰਕਿਰਤਕ ਨੇਮ-ਬੱਧਤਾ ਦੇ ਅਨੁਸਾਰੀ ਹੈ। ਉਨ੍ਹਾਂ ਨੂੰ ਵਾਧੂ ਖਾ ਕੇ ਮਰਦਿਆਂ ਨਹੀਂ ਤੱਕਿਆ ਗਿਆ। ਉਨ੍ਹਾਂ ਨੂੰ 'ਉਨ੍ਹਾਂ ਦੇ ਬੀਜ' ਵਿਚ ਨਿਹੱਤ (Latent) ਓਜਮਈ ਮਹਾਂ-ਨਿਯਮ ਦੀ ਹੁਕਮ-ਅਦੂਲੀ ਦੇ ਕਾਰਣਾਂ ਕਰਕੇ ਬੀਮਾਰੀ ਦੀਆਂ ਦੁੱਖ-ਤਕਲੀਫਾਂ ਸਹਿੰਦਿਆਂ ਨਹੀਂ ਵੇਖਿਆ ਗਿਆ।ਉਨ੍ਹਾਂ ਦਾ ਸੀਮਿਤ ਅਣਵਿਕਸਤ ਬੌਧਿਕ ਪੱਧਰ ਉਨ੍ਹਾਂ ਲਈ ਨਿਆਮਤ ਹੈ।ਯਥਾ :

**ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲ ਜਿੰਨ੍ਾ ਵਾਸੁ ॥**
**ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ (1383)**
ਤਥਾ :
**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥**
**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥(489)**

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਨੇਕਾਂ ਹੋਰ ਪਵਿੱਤਰ ਬਚਨ ਸਾਨੂੰ ਉਸ ਇਲਾਹੀ ਹੁਕਮੁ-ਮਹਾਂਪ੍ਰਬੰਧ ਦੇ ਦੀਦਾਰ ਦੀਆਂ ਝਲਕੀਆਂ ਦਿਖਾਵਣ ਦੇ ਨਾਲ-ਨਾਲ, ਮਨੁੱਖ ਦੀ ਹਉਂ-ਹਉਂ, ਮੈਂ-ਮੈਂ, ਖ਼ੁਦਗਰਜ਼ੀ, ਈਰਖਾ, ਦਵੈਤ, ਵੈਰ-ਵਿਰੋਧ ਤੇ ਲੋਭ-ਲਾਲਚ ਭਾਵਨਾ ਅਧੀਨ ਕੀਤੇ ਕੁਕਰਮਾਂ ਦੇ ਭੈੜੇ ਨਤੀਜਿਆਂ ਵੱਲ ਵੀ ਸੁਚੇਤ ਕਰਵਾਉਂਦੇ ਹਨ, ਜਿਨ੍ਹਾਂ ਕਰਕੇ ਅਮੋਲਕ ਮਨੁੱਖਾ ਜੀਵਨ ਧ੍ਰਿਕਾਰਯੋਗ ਰੂਪ ਅਖਤਿਆਰ ਕਰ ਰਿਹੈ।ਕਿਹੋ ਜਿਹੀ ਅਜੀਬ ਸਥਿਤੀ ਹੈ ਕਿ ਜਿੱਥੇ ਹੋਰ ਸਾਰੀਆਂ ਜੂਨਾਂ ਵਿਚ ਜੀਵ ਇਲਾਹੀ ਹੁਕਮੁ ਦੀ ਸੁਤੇ-ਸਿਧ, ਸਹਜ ਸੁਭਾਇ, ਬਿਨਾਂ ਜਾਣਿਆਂ-ਬੁੱਝਿਆਂ ਹੀ ਅਭੋਲ-ਅਡੋਲ ਪਾਲਣਾ ਕਰਦਿਆਂ ਹੋਇਆਂ ਜੀਵਨ ਜੀਉਂ ਰਹੇ ਹਨ, ਆਪਣੇ ਜੀਵਨ-ਊਰਜਾ-ਸ੍ਰੋਤ 'ਵਾਹਿਗੁਰੂ' ਨਾਲ ਸੰਪਰਕ ਬਣਾਈ ਰੱਖਦਿਆਂ ਜੀਵਨ-ਪੰਧ ਦੀਆਂ ਅਗਲੇਰੀਆਂ ਉੱਤਮ-ਉਚਾਈਆਂ ਦੀ ਦਿਸ਼ਾ ਵੱਲ ਵਿਕਾਸ ਕਰ ਰਹੇ ਹਨ, '**ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।**' ਵਾਲਾ ਮਨੁੱਖ ਆਪਣੀ ਵਿਕਸਤ ਬੁੱਧੀ ਦੀ ਤੀਖਣਤਾ ਅਤੇ ਖਾਸ-ਖੁਦਾਈ-ਬਖਸ਼ਿਸ਼ 'ਮਨੁ' ਦੇ ਭੋਗੀ-ਵੇਗਾਂ ਦੇ ਵਹਾਅ ਵਿਚ ਵਹਿੰਦਿਆਂ ਅਧੋਗਤੀ ਤੇ ਵਿਨਾਸ਼ ਵੱਲ ਵਧ ਰਿਹੈ। ਕੀ ਕਾਰਣ ਏ? ਵਿਚਾਰਨਾ ਪਵੇਗਾ।

ਜੀਵ-ਜਗਤ ਦੀ ਵਿਕਾਸ ਪ੍ਰਣਾਲੀ (Evolution) ਰਾਹੀਂ ਪਉੜੀ-ਦਰ-ਪਉੜੀ ਬੌਧਿਕ ਸ੍ਰੇਸ਼ਟਤਾ ਦੀ ਪ੍ਰਾਪਤੀ ਦੇ ਨਾਲੋ-ਨਾਲ ਮਾਨਸਿਕ-ਚੇਤਨਾ ਦੀ ਰੱਬੀ ਬਖਸ਼ਿਸ਼ ਨੇ ਹੀ ਮਨੁੱਖ ਨੂੰ ਦੂਸਰਿਆਂ ਨੀਵਿਆਂ ਜੀਵ-ਵਰਗਾਂ ਦੇ ਮੁਕਾਬਲੇ 'ਉਤਮੁ' ਪਦਵੀ ਤੱਕ ਪਹੁੰਚਾਇਆ ਹੈ—**ਹੁਕਮੀ ਹੋਵਨਿ ਜੀਅ ਹੁਕਮਿ ਮਿਲੈਵਡਿਆਈ॥ ਹੁਕਮੀ ਉਤਮੁਨੀਚੁ...** (ਜਪੁ ਜੀ) ਭਾਵ 'ਮਨੁ' ਦੀ ਅਮੋਲਕ ਹੋਂਦ ਨੇ ਹੀ ਇਸ ਵਿਕਸਿਤ-ਜੀਵ ਨੂੰ ਮਨੁੱਖ, ਮਾਨਸ, ਮਾਨਵ ਜਾਂ ਮਨੁੱਖ ਦਾ ਨਾਂ ਦਿਵਾਇਆ ਹੈ।ਆਤਮਾ, ਪਰਮਾਤਮਾ ਦੀ ਅੰਸ਼ ਹੈ।ਇਵੇਂ ਨਿੱਜੀ ਮਨੁੱਖੀ ਚੇਤਨਾ, ਪਰਮ-ਚੇਤਨਾ ਦਾ ਅੰਸ਼ ਹੈ, ਜਿਵੇਂ ਸਾਗਰ ਦੀ ਇਕ ਬੂੰਦ ਜਾਂ ਮਾਰੂਥੱਲ ਵਿਚ ਰੇਤ ਦਾ ਇਕ ਕਿਣਕਾ। ਓਸ ਅਦ੍ਰਿਸ਼ਟ ਏਕੰਕਾਰੀ ਵਡਿਉਂ-ਵੱਡੀ, ਵਿਸ਼ਾਲ, ਵਿਰਾਟ 'ਹੋਂਦ' ਦਾ ਇਕ ਨਿੱਕਾ ਜਿਹਾ ਭਾਗ, ਇਕ ਨਿੱਕੀ ਜਿਹੀ 'ਹਉਂ'-ਤੇ ਇਸ ਨਿੱਕੇ ਜਿਹੇ ਅੰਸ਼ 'ਮਨੁ' ਦੀ ਆਪਣੀ ਇਕ ਨਿੱਕੀ ਜਿਹੀ ਹਸਤੀ, ਸ਼ਕਤੀ ਜਾਂ ਸਮਰੱਥਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਨੇ '**ਮਨ ਤੂੰ ਜੋਤਿ ਸਰੂਪੁ ਹੈ**'**(441)** ਸਪੱਸ਼ਟ ਐਲਾਨਿਆ ਹੈ। ਇਹੀ ਕਾਰਣ ਹੈ ਕਿ ਮਨੁੱਖ ਆਪਣੇ ਮਨੋਵੇਗ ਅਧੀਨ ਮਨ-ਮਰਜ਼ੀ ਕਰ ਸਕਦਾ ਹੈ। ਉਸਨੂੰ ਇਉਂ ਕਰਨ ਦੀ ਖੁੱਲ੍ਹ ਜਾਂ ਅਧਿਕਾਰ ਸਾਹਿਬ-ਪ੍ਰਭੂ ਨੇ ਆਪਣੇ 'ਹੁਕਮੁ', ਮਹਾਂ-ਪ੍ਰਬੰਧਕੀ ਸੰਵਿਧਾਨ, ਦੇ ਅੰਤਰਗਤਿ ਹੀ ਪ੍ਰਦਾਨ ਕੀਤੇ ਹੋਏ ਹਨ। ਮਨੁੱਖ ਆਪਣੀ ਇੱਛਾ, ਮਰਜ਼ੀ ਜਾਂ ਆਪਣੇ ਭਾਣੇ ਅਨੁਸਾਰ ਕਾਰਜ ਕਰ ਸਕਦਾ ਹੈ, ਪਰ ਯਾਦ ਰਵ੍ਹੇ- **ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥(601)** ਗੁਰੂ ਨਾਨਕ ਸਾਹਿਬ ਜੀ ਰਾਗ ਮਲਾਰ ਕੀ ਵਾਰ **(1287)** ਵਿਚ ਚੇਤਾਵਨੀ ਕਰਦੇ ਹਨ :

**ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ॥**
**ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ॥**
ਯਥਾ:
**ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ॥**
**ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ॥(440)**
ਤਥਾ :
**ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ॥**
**ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ॥**
**(1313)**

ਮਨੁੱਖ ਆਪਣੀ ਮਾਨਸਿਕ ਸੁਤੰਤਰਤਾ, ਜੋ ਰੱਬੀ ਬਖਸ਼ਿਸ਼ ਹੈ, ਦੇ ਕਾਰਣ ਸੰਸਾਰਕ ਮੋਹ-ਮਾਇਆ ਦੇ ਚਿੱਕੜ ਵਿਚ ਫਸ ਕੇ '**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥(133)** ਦੀਆਂ ਭਟਕਣੀਆਂ ਵਿਚ ਵਡਮੁੱਲਾ ਜਨਮ ਬਿਰਥਾ ਗਵਾ ਰਿਹੈ।ਉਪਰੋਕਤ ਗੁਰ-ਫੁਰਮਾਨਾਂ ਵਿਚ ਜਿਗਿਆਸੂ ਨੂੰ ਭਗਤੀ ਭਾਵ ਵਿਚ ਗੁਰੂ ਚਰਣ-ਸ਼ਰਣ ਦੇ ਓਟ-ਆਸਰੇ ਕਰਤਾਰੀ-ਭਾਣੇ ਜਾਂ ਇਲਾਹੀ-ਹੁਕਮੁ ਦੇ ਮਹਾਂ ਪ੍ਰਬੰਧ ਦੇ ਅਨੁਸ਼ਾਸਨ ਵਿਚ ਜ਼ਿੰਦਗੀ ਜਿਉਂਦਿਆਂ ਸੰਸਾਰਕ ਦੁੱਖਾਂ-ਕਲੇਸ਼ਾਂ ਤੋਂ ਨਿਵਿਰਤੀ ਤੇ ਪ੍ਰਭੂ-ਦਰੁ ਦੀਆਂ ਖੁਸ਼ੀਆਂ ਹਾਸਿਲ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਇਲਾਹੀ ਹੁਕਮੁ ਦੀ ਪਛਾਣ ਕਿਵੇਂ ਕਰੀਏ? ਸਤਿਗੁਰ ਕੇ ਭਾਣੇ' ਨੂੰ ਕਿਵਿ ਬਿਧਿਜਾਣੀਏ?..ਤੇ 'ਹੁਕਮਿ ਰਜਾਈ ਚਲਣਾ' ਕਿਵੇਂ ਸਿੱਖੀਏ ? ਓਸ ਆਦਿ ਏਕੰਕਾਰੀ ਸਰਵ-ਸਮਰੱਥ ਹੋਂਦ- **ਆਪੀਨੈ੍ ਆਪਿ ਸਾਜਿਓ ਆਪੀਨੈ੍ ਰਚਿਓ ਨਾਉ॥ (463)** ਨੇ ਆਪਣੀ'ਕੁਦਰਤਿ'-ਊਰਜਾ ਦੇ ਮਹਾਂ-ਪ੍ਰਬੰਧਕੀ-ਵਿਧਾਨ 'ਹੁਕਮ' ਦੇ ਸਵੈ-ਸੰਚਾਲਨ ਦੁਆਰਾ ਬ੍ਰਹਿਮੰਡ ਦੀ ਪੂਰੀ ਪ੍ਰਕਿਰਤੀ ਦੀ ਉਤਪਤੀ ਕੀਤੀ ਹੈ।ਮਨੁੱਖ ਜਾਤਿ ਇਸ ਵਿਕਾਸ ਪ੍ਰਕਿਰਿਆ ਦੀ ਅਖੀਰਲੀ ਅਤਿ ਵਿਕਸਤ ਜੀਵ- ਸ਼੍ਰੇਣੀ ਹੈ।ਪਰਮਾਤਮਾ ਦੀ ਪ੍ਰਕਿਰਤੀ ਦਾ ਸਿਰਮੌਰ ਅੰਗ ਆਪਣੀ ਸੁਤੰਤਰ ਮਾਨਸਿਕ-ਚੇਤਨਾ ਦੀਆਂ ਕਾਮੀ, ਲੋਭੀ ਤੇ ਅਹੰਕਾਰੀ ਪ੍ਰਵਿਰਤੀਆਂ ਦੇ ਜਾਲ ਵਿਚ ਫਸਿਆ, ਆਪਣੇ ਮੂਲ-ਸ੍ਰੋਤ ਤੋਂ ਵਿਛੜ ਕੇ, ਹੁਕਮੁ-ਰਜ਼ਾ ਤੋਂ ਵਿਪਰੀਤ, ਵਿਕਾਰੀ-ਵਹਣਾਂ ਵਿਚ ਰੁੜ੍ਹਿਆ ਜਾਂਦਾ ਮਨੁੱਖ, 'ਭਾਣੇ' ਦੇ ਅਨੁਸ਼ਾਸਨਿਕ ਮਹਾਂਪ੍ਰਬੰਧ ਦੇ ਨੇਮਾਂ ਦੀ ਜਾਣਕਾਰੀ ਤੇ ਸਹੀ ਪਛਾਣ, ਦ੍ਰਿਸ਼ਟਮਾਨ-ਪ੍ਰਕਿਰਤਕ ਵਰਤਾਰੇ ਦੇ ਨਜ਼ਾਰਿਆਂ ਤੋਂ ਪ੍ਰਾਪਤ ਕਰ ਸਕਦਾ ਹੈ। ਨੇਮਬੱਧਤਾ, ਨਿਰੰਤਰਤਾ ਤੇ ਸੱਤਤਾ ਸਰਵ-ਵਿਆਪਕ ਨਜ਼ਰ ਆ ਰਹੀ ਹੈ। ਦੂਸਰੀਆਂ ਜੀਵ-ਸ਼੍ਰੇਣੀਆਂ ਦੇ ਜੀਵਨ-ਵਿਵਹਾਰ ਵਿਚਲੇ ਸੰਜਮ, ਸੰਤੋਖ ਤੇ ਸਹਜ ਨੂੰ ਤਿਲਾਂਜਲੀ ਦੇ ਕੇ ਅਸਾਂ ਕੁਝ ਨਹੀਂ ਖੱਟਿਆ, ਗਵਾਇਆ ਹੀ ਗਵਾਇਆ ਹੈ।

ਇਲਾਹੀ 'ਹੁਕਮੁ' ਜਾਂ 'ਭਾਣੇ' ਦੀ ਪਛਾਣ 'ਪੰਚ ਪਰਵਾਣ' ਗੁਰਮੁਖਿ ਸਾਧੂ-ਸੰਤ ਤੇ ਬ੍ਰਹਮਗਿਆਨੀ ਮਹਾਂ-ਪੁਰਖਾਂ ਦੀ ਜੀਵਨ-ਸ਼ੈਲੀ ਵਿਚੋਂ ਵੀ ਲੱਭੀ ਜਾ ਸਕਦੀ ਹੈ ਅਤੇ ਉਨ੍ਹਾਂ ਵਲੋਂ ਪਰਉਪਕਾਰੀ-ਉਪਦੇਸ਼ਾਂ ਦੀ ਪਾਲਣਾ ਰਾਹੀਂ ਖੁਦਾਈ ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖਿਆ ਜਾ ਸਕਦਾ ਹੈ।

**ਸਾਚੇ ਗੁਰ ਤੇ ਹੁਕਮੁ ਪਛਾਨੁ॥ (414)** ਦਾ ਸੁਨਿਸ਼ਚਿਤ ਮਾਰਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ। ਬਿਨਾਂ ਕਿਸੇ ਜਾਤਪਾਤ, ਰੂਪ ਰੰਗ, ਨਸਲ ਭੇਦ ਜਾਂ ਸ਼੍ਰੇਣੀ ਵੰਡ ਦੇ, ਕੋਈ ਵੀ ਜਿਗਿਆਸੂ ਇਸ '**ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸ ਹੋਹੈ॥**'(493) ਦੇ ਪਵਿੱਤਰ ਇਸ਼ਨਾਨ ਦੁਆਰਾ ਇਲਾਹੀ ਹੁਕਮੁ ਦੀਆਂ ਗੂਹਝ ਰਮਜ਼ਾਂ ਨੂੰ ਬੁੱਝ ਸਕਦਾ ਹੈ। ਗੁਰਬਾਣੀ ਵਿਚ 'ਨਾਮੁ' ਪ੍ਰਮੁੱਖ ਵਿਸ਼ਾ-ਵਸਤੂ ਹੈ ਤੇ 'ਹੁਕਮ' ਉਕਤ ਨਾਮੁ ਦੇ ਊਰਜਾ ਸਰੂਪ ਦਾ ਨਿਰੰਤਰਿਤ ਸਵੈਚਲਿਤ ਅਟੱਲ-ਅਭੁੱਲ ਸੰਵਿਧਾਨ ਹੈ ਤੇ 'ਸ਼ਬਦ', ਇਸ 'ਹੁਕਮੁ' ਦਾ ਉਚਾਰਣ ਹੈ।ਇਸ ਤਰ੍ਹਾਂ ਨਾਮੁ, ਹੁਕਮੁ ਅਤੇ ਸ਼ਬਦ ਪ੍ਰਭੂ-ਪਰਮਾਤਮਾ ਦੀਆਂ ਅਤਿ ਨੇੜਲੀਆਂ ਪਰਸਪਰ ਸਾਮਾਨ ਅਰਥਭਾਵੀ ਬ੍ਰਹਮਵਾਚੀ ਅਭਿਵਿਅਕਤੀਆਂ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਲਾਹੀ ਹੁਕਮੁ ਦੇ ਪ੍ਰਗਟ-ਪਾਹਾਰੇ, ਹਾਜ਼ਰਾ-ਹਜ਼ੂਰ, ਜ਼ਾਹਰਾ ਜ਼ਹੂਰ ਦੀਦਾਰਿਆਂ ਦੀ ਪ੍ਰਦਰਸ਼ਨੀ ਹੈ।

-0-

# ਦੇਸ਼ ਦੇ ਹੁਕਮਰਾਨੋਂ!
# ਸਾਡੇ ਕਕਾਰ (ਖ਼ਾਸ ਕਰਕੇ ਕੜਾ ਤੇ ਕ੍ਰਿਪਾਨ)
# ਹੁਣ ਤੁਹਾਨੂੰ ਕਿਉਂ ਚੁੱਭਣ ਲੱਗ ਪਏ ਹਨ?

**ਕੁਲਵੰਤ ਕੌਰ (ਡਾ.) # 98156-20515**

ਪਿਛਲੇ ਹੀ ਹਫਤੇ, ਰਾਜਸਥਾਨ ਦੇ ਇਕ ਸ਼ਹਿਰ ਵਿਚ ਹੋਈ ਇਕ ਪ੍ਰੀਖਿਆ ਮੌਕੇ, ਸਾਡੀ ਇਕ ਅੰਮ੍ਰਿਤਧਾਰੀ ਧੀ ਨੂੰ ਰੱਜ ਕੇ ਪਰੇਸ਼ਾਨ, ਜ਼ਲੀਲ ਤੇ ਅਪਮਾਨਿਤ ਕੀਤਾ ਗਿਆ ਤੇ ਇਮਤਿਹਾਨ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਕਿਉਂਕਿ ਉਸ ਨੇ ਆਪਣਾ ਕੜਾ ਤੇ ਕ੍ਰਿਪਾਨ, ਕੇਂਦਰ ਦੇ ਬਾਹਰ ਉਤਾਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਭਾਰਤੀ ਸੰਵਿਧਾਨ ਦੀ ਧਾਰਾ 25 ਅਨੁਸਾਰ, ਇਥੋਂ ਦੇ ਹਰ ਨਾਗਰਿਕ ਨੂੰ ਆਪਣੇ ਧਰਮ ਅਨੁਸਾਰ ਜਿਊਣ, ਨਿਭਾਉਣ ਅਤੇ ਪ੍ਰਚਾਰਨ ਦਾ ਪੂਰਾ ਪੂਰਾ ਹੱਕ ਹੈ। ਸਾਡਾ ਕਾਨੂੰਨ ਯਕੀਨੀ ਬਣਾਉਂਦਾ ਹੈ ਕਿ ਹਰੇਕ ਬੰਦਾ ਆਪਣੇ ਧਾਰਮਿਕ ਅਕੀਦੇ ਤੇ ਜ਼ਮੀਰ ਮੁਤਾਬਿਕ ਆਪਣਾ ਜੀਵਨ ਬਿਤਾ ਸਕੇ। ਇਸ ਸਿੱਖ ਬੱਚੀ ਨੂੰ ਪ੍ਰੀਖਿਆ-ਹਾਲ 'ਚ ਵੜਨੋਂ ਇਸੇ ਕਰਕੇ ਰੋਕਿਆ ਗਿਆ ਕਿ ਓਸਨੇ (ਅੰਮ੍ਰਿਤਧਾਰੀ ਸਿੰਘਣੀ ਹੁੰਦਿਆਂ) ਕੜਾ ਤੇ ਕ੍ਰਿਪਾਨ ਪਾਈ ਹੋਈ ਸੀ, ਜੇ ਸਾਡਾ ਸੰਵਿਧਾਨ ਉਸਨੂੰ ਇਸ ਦੀ ਆਗਿਆ ਦਿੰਦਾ ਹੈ ਤਾਂ ਰੋਕਣ ਵਾਲੇ ਫਿਰ ਕੌਣ ਸਨ? ਕੌਣ ਹਨ? ਕਿਉਂ ਹਨ? ਉਨ੍ਹਾਂ ਨੂੰ ਕਾਨੂੰਨ ਛਿੱਕੇ ਟੰਗਣ ਦੀ ਇਜਾਜ਼ਤ ਕਿਸ ਨੇ ਦਿੱਤੀ?

ਆਓ! ਰਤਾ ਸੰਜੀਦਗੀ, ਗਹਿਰਾਈ ਅਤੇ ਨਿਰਪੱਖਤਾ ਨਾਲ ਵਿਚਾਰੀਏ ਕਿ 1699 ਤੋਂ ਲੈ ਕੇ, ਹੁਣ ਤੱਕ ਇਨ੍ਹਾਂ ਪੰਜ ਕਰਾਰੀਆਂ (ਅੰਮ੍ਰਿਤਧਾਰੀ ਸਿੰਘਾਂ ਤੇ ਸਿੰਘਣੀਆਂ) ਨੇ ਇਸ ਦੇਸ਼, ਕੌਮ ਤੇ ਸਮਾਜ ਲਈ ਕੀ ਕੁਝ ਕੀਤਾ ਹੈ।




**ਲਾਸਾਨੀ ਪਿਛੋਕੜ, ਸੱਚੇ ਪਾਤਿਸ਼ਾਹਾਂ ਦੀ ਬਖਸ਼ਿਸ਼, ਜੂਝ ਮਰਨ ਦਾ ਚਾਓ ਤੇ ਕੁਝ ਵਧੀਆ ਕਰ ਗੁਜ਼ਰਨ ਦੀ ਲੋਚਾ ਕਾਰਨ ਜੱਗ ਦੀ ਭੀੜ 'ਚੋਂ ਅਲੱਗ ਪਹਿਚਾਣ ਰੱਖਣ ਵਾਲੇ ਸਿੱਖ ਤੇ ਸਿੱਖ ਪਨੀਰੀ ਵਿਸ਼ੇਸ਼ ਤਵੱਜੋ ਦੀ ਪਾਤਰ ਹੋਣੀ ਚਾਹੀਦੀ ਹੈ। ਸਰਕਾਰੇ ਦਰਬਾਰੇ, ਸਭ ਨੂੰ ਸਾਡੇ ਪ੍ਰਤਿ ਆਪਣਾ ਸੜੀਅਲ, ਫਿਰਕਾਪ੍ਰਸਤੀ ਵਾਲਾ ਅਤੇ ਪੱਖਪਾਤੀ ਰਵੱਈਆ ਬਦਲਣ ਦੀ ਅਪੀਲ ਕਰਦੇ ਹਾਂ - ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ।'**

1. ਭਾਈ ਕ੍ਰਿਪਾ ਰਾਮ ਨਾਲ ਆਏ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਪੂਰੇ ਹਿੰਦੋਸਤਾਨ ਦੇ ਮਹਾਂਪੁਰਖ ਹੁੰਦਿਆਂ ਚਾਂਦਨੀ ਚੌਕ ਵਿਚ ਸੀਸ ਕਟਵਾ ਕੇ ਮਨੁੱਖਤਾ ਦਾ ਬਚਾਓ, ਧਰਮ ਦੀ ਰਖਵਾਲੀ ਤੇ ਧਾਰਮਿਕ ਆਜ਼ਾਦੀ ਦਾ ਅਲੰਮਬਰਦਾਰ ਬਣਨ ਵਾਲੇ ਨੌਵੇਂ ਨਾਨਕ ਤਾਂ ਓਸ ਵਕਤ ਪੰਜ ਕਰਾਰੀ ਵੀ ਨਹੀਂ ਸਨ ਪਰ ਇਸ 'ਅਲੌਕਿਕ ਸਾਕੇ' ਉਪਰੰਤ ਉਨ੍ਹਾਂ ਦੇ ਫਰਜ਼ੰਦ (ਆਖਰੀ ਨਾਨਕ-ਜੋਤ) ਨੇ ਪੰਜ ਕਰਾਰੀ ਕੌਮ ਪੈਦਾ ਕਰ ਦਿੱਤੀ ਤੇ ਅਜਿਹੇ 'ਖਾਲਸੇ' ਦੀ ਸਿਰਜਣਾ ਕਰ ਦਿੱਤੀ ਜੋ ਭੀੜ 'ਚੋਂ ਵੀ ਅਲੱਗ ਪਛਾਣਿਆ ਜਾਂਦਾ ਸੀ। ਪੰਜ ਕਰਾਰਾਂ ਨੂੰ ਧਾਰਨ ਕਰਨ ਵਾਲੇ ਪੰਜ ਪਿਆਰੇ ਤੇ ਖ਼ੁਦ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਸਿਰਜਨਾ ਕਰਕੇ ਮਨੁੱਖਤਾ ਦੇ ਇਤਿਹਾਸ ਦਾ ਇਕ ਅਸਲੋਂ ਅਨੂਠਾ, ਅਮਰ ਤੇ ਵਿਲੱਖਣ ਅਧਿਆਇ ਹੋਂਦ ਵਿਚ ਲਿਆਂਦਾ।



2. ਅਜਿਹਾ ਕਰਕੇ, ਉਘੇ ਸਮਾਜ ਸ਼ਾਸਤਰੀ ਟਾਇਨਬੀ ਅਨੁਸਾਰ, ਸੰਸਾਰ ਦਾ ਸਭ ਤੋਂ ਖ਼ੂਬਸੂਰਤ ਮਨੁੱਖ ਸਿਰਜਿਆ ਗਿਆ ਕਿਉਂਕਿ ਪੂਰੀ ਦੁਨੀਆ ਦੇ ਸਭ ਸਭਿਆਚਾਰਾਂ ਤੇ ਜਾਤੀਆਂ ਦੀ ਪਰਖ-ਪੜਚੋਲ ਕਰਕੇ ਟਾਇਨਬੀ ਨੂੰ ਅਜਿਹਾ ਹੀ ਅਹਿਸਾਸ ਹੋਇਆ ਸੀ ਪਰ ਅਜ ਇਹ ਪੰਜ ਕਰਾਰ ਧਾਰਨ ਕਰਨ ਵਾਲੇ, ਸ਼ੱਕੀ ਗਰਦਾਨੇ ਜਾ ਰਹੇ ਹਨ।

3. 'ਅੰਮ੍ਰਿਤ ਦੇ ਦਾਤੇ' ਦਾ ਸਮਕਾਲੀ ਕਵੀ ਭਾਈ ਨੰਦ ਲਾਲ ਗੋਯਾ ਸੱਚੇ, ਸੁੱਚੇ ਤੇ ਮਹਾਨ ਵਿਸ਼ੇਸ਼ਣ ਅਤੇ ਸ਼ਬਦ ਵਰਤਦਿਆਂ, ਉਪਮਾਉਂਦਾ, ਵਡਿਆਉਂਦਾ ਤੇ ਉਚਿਆਉਂਦਾ ਹੈ - ਬਾਦਸ਼ਾਹ ਦਰਵੇਸ ਗੁਰੂ ਗੋਬਿੰਦ ਸਿੰਘ। ਕੀ ਇਸ ਵਡਿਆਈ ਦਾ ਇਕ ਪ੍ਰਮੁੱਖ ਕਾਰਨ ਪੰਜ ਕਰਾਰੀ ਜਿਉੜੇ ਪੈਦਾ ਕਰਨਾ ਤੇ ਖ਼ੁਦ ਨੂੰ ਵੀ ਅਜਿਹੀ ਦਾਤ ਦਾ ਪਾਤਰ ਬਣਾਉਣਾ ਨਹੀਂ ਸੀ?

4. ਸਾਈਂ ਬੁੱਲ੍ਹੇ ਸ਼ਾਹ ਦੀ ਅਕੀਦਤ ਤੇ



ਸਾਰਾਗੜ੍ਹੀ ਦੇ ਜਵਾਨ

ਸਤਿਕਾਰ ਵੀ ਇਨ੍ਹਾਂ ਤੁਕਾਂ ਤੋਂ ਹੋਰ ਜੱਗ ਜ਼ਹਿਰ ਹੁੰਦੀ ਹੈ - ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ। ਸੁੰਨਤ ਹੋਤੀ ਸਭ ਕੀ।

5. ਇਨ੍ਹਾਂ ਪੰਜ ਕਰਾਰਾਂ ਨੇ ਸੱਤ ਤੇ ਨੌਂ ਸਾਲ, ਚੌਦਾਂ ਅਤੇ ਅਠਾਰਾਂ ਸਾਲ ਦੇ ਸ਼ਾਹਿਬਜ਼ਾਦਿਆਂ ਤੋਂ ਕੇਹੋ ਜਿਹੀ ਲਾਸਾਨੀ, ਬੇਮਿਸਾਲ ਅਤੇ ਨਾਯਾਬ ਕੁਰਬਾਨੀ ਕਰਵਾਈ।

6. ਅੰਮ੍ਰਿਤ ਛਕ ਕੇ, ਪੰਜ ਕਰਾਰੀ ਬਣਿਆ (ਬੈਰਾਗੀ ਮਾਧੋ ਦਾਸ) ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਨਿੱਕੀਆਂ ਜਿੰਦਾਂ ਵਲੋਂ ਵਰਤਾਏ ਵੱਡੇ ਸਾਕੇ ਦਾ ਇਕ ਅਮਰ ਨਾਇਕ ਬਣਿਆ ਤੇ ਪਾਪੀ ਵਜ਼ੀਰ ਖਾਂ ਨੂੰ ਪੈਰਾਂ ਥੱਲੇ ਰੌਂਦਣ ਵਾਲਾ ਵੀ।

7. ਇਨ੍ਹਾਂ ਕਰਾਰਾਂ ਦੇ ਬਲਬੁੱਤੇ ਮਿਸਲ-ਮੁਖੀ, ਹਿੰਦੋਸਤਾਨ ਦੇ ਸਭ ਤੋਂ ਦਲੇਰ ਯੋਧੇ, ਨਿਡਰ ਸਰਦਾਰ ਅਤੇ ਨਿਰਭੈ ਪੁਰਖ ਬਣੇ ਤੇ ਲਾਲ ਕਿਲ੍ਹੇ ਤੇ ਕੇਸਰੀ ਨਿਸ਼ਾਨ ਲਹਿਰਾਉਣ ਵਾਲੇ ਜੇਤੂ ਜਰਨੈਲ ਵੀ।

8. ਸ੍ਰ. ਚੜ੍ਹਤ ਸਿੰਘ ਦੇ ਪੋਤਰੇ, ਸ੍ਰ. ਮਹਾਂ ਸਿੰਘ ਦੇ ਪੁੱਤਰ ਅਤੇ ਦੁਨੀਆ ਭਰ ਦੇ ਮਹਾਨ ਮਹਾਰਾਜੇ (ਰਣਜੀਤ ਸਿੰਘ) ਦੀ ਪ੍ਰੇਰਨਾ ਵੀ ਇਹੋ ਕਰਾਰ ਸਨ।

9. ਸ੍ਰ. ਸ਼ਾਮ ਸਿੰਘ ਅਟਾਰੀਵਾਲਾ, ਅਕਾਲੀ ਫੂਲਾ ਸਿੰਘ ਜੀ, ਸ੍ਰ. ਹਰੀ ਸਿੰਘ ਨਲੂਆ ਦੀ ਲਾਸਾਨੀਅਤ, ਸੂਰਬੀਰਤਾ ਤੇ ਅਜਿੱਤ ਸ਼ਕਤੀ ਦਾ ਸਬੱਬ ਵੀ ਅੰਮ੍ਰਿਤ ਦੀ ਸ਼ਕਤੀ (ਇਹੋ ਕਰਾਰ ਸਨ)

10. ਸਾਰਾਗੜ੍ਹੀ ਦਾ ਇਤਿਹਾਸ ਸਿਰਜਣ ਵਾਲੇ ਦਸਮੇਸ਼ ਪਿਤਾ ਦੇ ਹੀ ਲਾਡਲੇ ਸਪੁੱਤਰ ਸਨ।

11. ਪਹਿਲੇ ਤੇ ਦੂਸਰੇ ਵਿਸ਼ਵ ਯੁੱਧਾਂ ਵਿਚ ਆਪਣੀ ਬਹਾਦਰੀ, ਤਾਕਤ, ਨਿਰਭੈਤਾ ਅਤੇ ਜਾਂਬਾਜ਼ੀ ਦਾ ਪ੍ਰਗਟਾਵਾ ਕਰਨ ਵਾਲੇ ਇਹੋ ਪੰਜ ਕਕਾਰੀਏ ਸਨ

12. ਦੇਸ਼ ਦੀ ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਦਰ-ਦਰ ਦੀਆਂ ਠੋਹਕਰਾਂ ਖਾ ਕੇ ਦੇਸਾਂ ਪ੍ਰਦੇਸਾਂ ਵਿਚ ਬੇਖੌਫ਼ ਜੂਝਣ ਵਾਲੇ ਗਦਰੀ ਤੇ ਬੱਬਰਾਂ ਦੀ ਸ਼ਕਤੀ ਵੀ ਇਨ੍ਹਾਂ ਕਰਾਰਾਂ ਤੋਂ ਆਉਂਦੀ ਸੀ।

13. ਕਾਲੇ ਪਾਣੀਆਂ (ਅੰਡੇਮਾਨ ਤੇ ਨਿੱਕੋਬਾਰ) ਦੇ ਸਾਹ-ਸੂਤਵੇਂ ਵਾਤਾਵਰਣ ਤੇ ਸੈਲੂਲਰ ਜੇਲ੍ਹ ਦੇ ਤਸੀਹਿਆਂ ਦੌਰਾਨ ਦੇਸ਼ ਭਗਤੀ ਦੀ ਜੋਤ ਲਟ-ਲਟ ਜਗਾਉਂਦੇ ਦੇਸ਼ ਭਗਤਾਂ ਦੀ ਪ੍ਰੇਰਨਾ ਇਹੋ ਅੰਮ੍ਰਿਤ ਦੀ ਦਾਤ ਹੀ ਸੀ ਜਿਨ੍ਹਾਂ ਨੇ ਅੰਗਰੇਜ਼ ਹਕੂਮਤ ਤੋਂ ਮੁਆਫ਼ੀਆਂ ਨਹੀਂ ਮੰਗੀਆਂ ਸਗੋਂ ਹੱਸ-ਹੱਸ ਜਿੰਦਾਂ ਕੁਰਬਾਨ ਕਰ ਦਿੱਤੀਆਂ।




14. ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ ਕੰਪਨੀ ਦਾ) 'ਚ ਸਮੁੰਦਰੀ ਤੁਫਾਨਾਂ ਦਾ ਸਾਹਮਣਾ ਕਰਕੇ ਕੈਨੇਡਾ ਪਹੁੰਚੇ ਪਰ ਠੁਕਰਾਏ ਦੇਸ਼ ਪ੍ਰੇਮੀਆਂ ਦੀ ਓਟ ਤੇ ਆਸਰਾ ਵੀ ਅੰਮ੍ਰਿਤ ਦੀ ਦਾਤ ਤੇ ਪੰਜ ਕਰਾਰ ਹੀ ਸਨ ਜਿਨ੍ਹਾਂ ਦੀ ਬਦੌਲਤ ਸੈਂਕੜੇ ਯਾਤਰੀਆਂ ਨੇ ਅਣਹੋਣੀਆਂ ਹੰਢਾਈਆਂ।

15. ਸਿੱਖ ਰੈਜਮੈਂਟਾਂ ਦੀ ਸ਼ਕਤੀ ਕਿੱਥੋਂ ਆਉਂਦੀ ਸੀ? ਇਨ੍ਹਾਂ ਕਕਾਰਾਂ ਤੋਂ!

16. ਸਿੱਖ ਰੈਜਮੈਂਟਾਂ ਤੋਂ ਵੀ ਹੁਣ ਹਕੂਮਤਾਂ ਨੂੰ ਭੈਅ ਕਿਉਂ ਆਉਣ ਲੱਗ ਪਿਆ ਹੈ?

17. ਪੈਰ-ਪੈਰ 'ਤੇ ਪੰਜਾਬ (ਜੋ ਸਿੱਖੀ ਦਾ ਧੁਰਾ ਹੈ ਤੇ ਸਿੱਖਾਂ ਦਾ ਦਰ) ਨਾਲ ਵਿਤਕਰਾ, ਦੁਰਾਂਡ ਤੇ ਪੱਖਪਾਤ, ਦੇਸ ਵਿਦੇਸ਼ ਵਿਚ ਵਿਰੋਧ, ਪ੍ਰਦਰਸ਼ਨਾਂ, ਜਲਸੇ ਜਲੂਸਾਂ ਤੇ ਰੈਫਰੈਂਡਮਾਂ ਦਾ ਸਬੱਬ ਬਣਦਾ ਹੈ।

18. ਸਦੀਆਂ ਤੋਂ ਦੇਸ਼ ਦੀ ਖੜਗ ਭੁਜਾ, ਵਿਦੇਸ਼ੀਆਂ ਦੇ ਹਮਲਿਆਂ ਤੇ ਜਬਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਕੇ ਆਪਣਾ ਸਰਬਨਾਸ਼ ਕਰਾਉਣ ਵਾਲਾ ਅਤੇ ਭਾਰਤ ਰੂਪੀ ਮੁੰਦਰੀ ਵਿਚਲਾ ਸੁੱਚਾ ਨਗ, ਟੈਗੋਰ ਲਈ ਤਾਂ ਸਰਵੋਚ ਤੇ ਸਰਵੋਤਮ ਹੈ ਪਰ ਹੋਰਨਾਂ ਲਈ ਕੰਡਾ ਜੋ ਇਸ ਨੂੰ ਨੀਵਾਂ ਦਿਖਾਉਣ ਦੀ ਕੋਈ ਕਸਰ ਨਹੀਂ ਛਡਦੇ। ਅਜਿਹਾ ਸਾਡੀ ਸਿੱਖੀ ਤੇ ਪੰਜ ਕਰਾਰਾਂ ਕਰਕੇ ਹੀ ਹੈ।



**ਵਿਸ਼ਵ ਬੈਂਕ ਦੇ ਮੁਖੀ ਸ. ਅਜੈਪਾਲ ਸਿੰਘ ਬੰਗਾ**

19. ਸੰਸਾਰ ਭਰ ਵਿਚ 0.4 ਫੀਸਦੀ ਆਬਾਦੀ ਵਾਲੀ ਸਿੱਖ ਕੌਮ (ਆਪਣੇ ਦੇਸ਼ ਵਿਚ ਵੀ 2 ਫੀਸਦੀ) ਨੇ ਪੂਰੇ ਵਿਸ਼ਵ ਵਿਚ ਆਪਣੀ ਜਾਂਬਾਜੀ, ਲਾਸਾਨੀਅਤ, ਲਿਆਕਤ, ਬਹਾਦਰੀ ਤੇ ਰੌਸ਼ਨ ਦਿਮਾਗ਼ੀ ਦੇ ਝੰਡੇ ਗੱਡੇ ਹਨ। ਅੱਜ ਵਿਸ਼ਵ ਬੈਂਕ ਦਾ ਮੁਖੀ ਵੀ ਇਕ ਪੰਜਾਬੀ (ਦੁਆਬੀਆ) ਸਿੱਖ ਹੈ।

20. ਆਜ਼ਾਦੀ ਦੀ ਜੰਗ ਦੇ ਘੁਲਾਟੀਏ ਸਿੱਖ, ਹਰੀ ਤੇ ਚਿੱਟੀ ਕ੍ਰਾਂਤੀ ਦੇ ਮੁਹਰੀ ਸਿੱਖ (ਕਿਸਾਨ) 1965, 1971, 1999 ਦੀਆਂ ਜੰਗਾਂ ਦੇ ਮੁਹਰੀ ਸ਼ਹੀਦ ਸਿੱਖ ਤੇ ਹਰ ਮਰਹਲੇ 'ਤੇ ਜੂਝ ਰਹੇ ਸਿੱਖ ਆਖ਼ਰ ਹਕੂਮਤਾਂ ਦੀਆਂ ਅੱਖਾਂ ਵਿਚ ਕਿਉਂ ਰੜਕਦੇ ਹਨ? ਇਨ੍ਹਾਂ ਕਕਾਰਾਂ ਕਾਰਨ ਹੀ।

21. ਸਿੱਖ ਬੱਚਿਆਂ ਨੂੰ ਪੰਜ ਕਰਾਰੀ ਹੋਣ ਦੇ ਨਾਤੇ, ਪ੍ਰੀਖਿਆ ਕੇਂਦਰਾਂ, ਸਕੂਲੀ ਦਾਖਲਿਆਂ, ਨੌਕਰੀਆਂ ਵੇਲੇ ਅਤੇ ਹੋਰ ਅਨੇਕ ਮੌਕਿਆਂ 'ਤੇ ਜ਼ਲੀਲ ਕਰਨ, ਕਰਾਰ ਉਤਾਰਨ ਅਤੇ ਪਰੇਸ਼ਾਨ ਕਰਨ ਦੇ ਨਿੱਤ ਵਾਪਰਦੇ ਕਾਂਡ ਆਖ਼ਰ ਕੀ ਦਰਸਾਉਂਦੇ ਹਨ? ਸਿੱਖ ਕੌਮ ਦੀ ਹੋਂਦ ਨੂੰ ਨੇਸਤੋ ਨਾਬੂਦ ਕਰਨ ਦੀ ਕੋਸ਼ਿਸ਼।

ਲਾਸਾਨੀ ਪਿਛੋਕੜ, ਸੱਚੇ ਪਾਤਿਸ਼ਾਹਾਂ ਦੀ ਬਖਸ਼ਿਸ਼, ਜੂਝ ਮਰਨ ਦਾ ਚਾਓ ਤੇ ਕੁਝ ਵਧੀਆ ਕਰ ਗੁਜ਼ਰਨ ਦੀ ਲੋਚਾ ਕਾਰਨ ਜੱਗ ਦੀ ਭੀੜ 'ਚੋਂ ਅਲੱਗ ਪਹਿਚਾਣ ਰੱਖਣ ਵਾਲੇ ਸਿੱਖ ਤੇ ਸਿੱਖ ਪਨੀਰੀ ਵਿਸ਼ੇਸ਼ ਤਵੱਜੋ ਦੀ ਪਾਤਰ ਹੋਣੀ ਚਾਹੀਦੀ ਹੈ। ਸਰਕਾਰੇ ਦਰਬਾਰੇ, ਸਭ ਨੂੰ ਸਾਡੇ ਪ੍ਰਤਿ ਆਪਣਾ ਸੜੀਅਲ, ਫਿਰਕਾਪ੍ਰਸਤੀ ਵਾਲਾ ਅਤੇ ਪੱਖਪਾਤੀ ਰਵੱਈਆ ਬਦਲਣ ਦੀ ਅਪੀਲ ਕਰਦੇ ਹਾਂ - ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ।'

-0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

# ਇਸ਼ਨਾਨ

-ਪ੍ਰਿੰ: ਹਰਿਭਜਨ ਸਿੰਘ

ਵਿਦਿਆ-ਪ੍ਰਬੀਨ ਲੋਕਾਂ ਨੇ ਇਸ਼ਨਾਨ ਨੂੰ ਸਫਲ ਤੇ ਸਿਹਤਮੰਦ ਮਨੁੱਖੀ ਜੀਵਨ ਦਾ ਇਵੇਂ ਹੀ ਇਕ ਅੰਗ ਮੰਨਿਆ ਹੈ ਜਿਵੇਂ ਰਿਸ਼ਟ-ਪੁਸ਼ਟ ਸਰੀਰ ਲਈ ਸਵੱਛ ਤੇ ਨਰੋਈ ਖ਼ੁਰਾਕ ਅਤੇ ਕਸਰਤ। ਸਗੋਂ, ਕਈ ਇਕ ਮੱਤ ਤਾਂ ਇਸ ਨੂੰ ਇਕ ਅਧਿਆਤਮਕ ਅਥਵਾ ਪੁੰਨ-ਕਰਮ ਮੰਨਣ ਤਕ ਵੀ ਗਏ ਹਨ। ਇਸ ਬਾਰੇ ਗੁਰਮਤਿ ਦਾ ਦ੍ਰਿਸ਼ਟੀਕੋਣ ਬੜਾ ਸਰਲ, ਸਪੱਸ਼ਟ ਤੇ ਭਾਵ-ਪੂਰਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਅੰਤਲੇ ਸਲੋਕ ਵਿਚ ਜਿਥੇ ਪਵਣ (ਪ੍ਰਾਣਾਂ) ਨੂੰ ਗੁਰੂ ਕਰਕੇ ਮੰਨਿਆ ਹੈ ਉਥੇ ਪਾਣੀ ਨੂੰ ਪਿਤਾ ਕਰ ਕੇ ਵਡਿਆਇਆ ਹੈ 'ਪਵਣੁ ਗੁਰੂ ਪਾਣੀ ਪਿਤਾ......'। ਹੋਰ ਗੁਰਵਾਕ ਹੈ:

**ਭਰੀਐ ਹਥੁ ਪੈਰੁ ਤਨੁ ਦੇਹ ॥**
**ਪਾਣੀ ਧੋਤੈ ਉਤਰਸੁ ਖੇਹ ॥(4)**

ਪਾਣੀ ਨਿਰਮਲਤਾ ਅਤੇ ਸੀਤਲਤਾ ਦਾ ਲਖਾਇਕ ਹੈ ਅਤੇ ਇਸ ਦੇ ਸਪਰਸ਼ ਕਰਨ ਤੇ ਸੇਵਨ ਨਾਲ ਇਹ ਦੋਵੇਂ ਗੁਣ ਅਥਵਾ ਸੁਭਾਅ ਸੁਤੇ-ਸਿਧ ਸਾਡੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਸਫ਼ਾਈ ਨੂੰ ਸਿਆਣਿਆਂ ਨੇ 'ਪਾਰਸਾਈ ਤੋਂ ਦੂਜੇ ਦਰਜੇ ਉਤੇ ਮੰਨਿਆ ਹੈ। ਨਿਰੰਕਾਰੀ ਸਤਿਗੁਰੂ ਨੇ 'ਆਸਾ ਕੀ ਵਾਰ' ਵਿਚ ਪਾਣੀ ਨੂੰ ਕੁਦਰਤ ਦੇ ਜੀਵਨ, ਖੇੜੇ ਤੇ ਵਧਣ-ਫੁਲਣ ਦਾ ਆਧਾਰ ਦਸਦਿਆਂ ਫ਼ੁਰਮਾਇਆ ਹੈ:

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥(473)** ਅਤੇ

**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥(134)**

(ਭਾਵ-ਜਲ ਤੋਂ ਬਿਨਾਂ ਬਨਸਪਤੀ ਕੁਮਲਾਅ ਤੇ ਸੁਕ ਜਾਂਦੀ ਹੈ, ਅਤੇ ਕਿਸ ਪ੍ਰਕਾਰ ਦਾ ਲਾਭ ਨਹੀਂ ਦਿੰਦੀ।)

ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖੀ ਮਨ ਤੇ ਤਨ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ।ਨਰੋਆ ਮਨ ਨਰੋਏ ਤਨ, ਅਤੇ ਨਰੋਆ ਤਨ ਬਲਵਾਨ ਮਨ ਦਾ ਜ਼ਾਮਨ ਤੇ ਲਖਾਇਕ ਹੈ। ਇਸ਼ਨਾਨ ਨਾ ਕੇਵਲ ਤਨ ਨੂੰ ਹੀ ਨਰੋਆ, ਸਵੱਛ ਤੇ ਸਾਵਧਾਨ ਬਣਾਉਂਦਾ ਹੈ; ਸਗੋਂ, ਇਕਾਗਰਤਾ ਤੇ ਪ੍ਰਭੂ-ਸਿਮਰਨ ਵਿਚ ਵੀ ਸਹਾਇਕ ਹੁੰਦਾ ਹੈ ਇਹੀ ਕਾਰਨ ਹੈ ਗੁਰਬਾਣੀ ਵਿਚ ਜਿਥੇ 'ਨਾਮ ਤੇ ਦਾਨ' ਦਾ ਜ਼ਿਕਰ ਆਉਂਦਾ ਹੈ ਉਥੇ ਨਾਲ 'ਇਸ਼ਨਾਨ' ਦਾ ਵੀ ਵਰਨਣ ਹੈ। ਗੁਰਮੁਖਾਂ, ਮਹਾਪੁਰਸ਼ਾਂ ਦਾ ਸੁਭਾਅ, ਕਰਤੱਵ ਅਥਵਾ ਲੱਛਣ ਬਿਆਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:

**ਗੁਰਮੁਖਿ ਨਾਮੁ ਦਾਨੁ ਇਸਨਾਨੁ ॥(943)**

ਹੋਰਥੇ, 'ਇਸ਼ਨਾਨ' ਤੇ 'ਨਾਮ ਸਿਮਰਨ' ਦੇ ਅਟੁੱਟ ਸੰਬੰਧਾਂ ਦਾ ਵਰਨਣ ਇਉਂ ਕੀਤਾ ਗਿਆ ਹੈ:

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥(612)**

ਹੇ ਭਾਈ, ਇਸ਼ਨਾਨ ਨਾਲ ਤੇਰਾ ਤਨ ਮਨ ਅਤੇ ਪ੍ਰਭੂ ਦੀ ਯਾਦ ਵਿੱਚ ਜੁੜਨ ਨਾਲ ਤੇਰਾ ਮਨ ਅਰੋਗ, ਨਰੋਆ ਤੇ ਬਲਵਾਨ ਹੋਵੇਗਾ। ਸਰੀਰ ਦੀ ਸਫ਼ਾਈ ਤੇ ਸਵੱਚਤਾ ਦਾ ਪ੍ਰਭਾਵ ਅਵੱਸ਼ ਤੇਰੇ ਮਨ ਉਤੇ ਪਵੇਗਾ।

ਏਸੇ ਸੱਚਾਈ ਨੂੰ ਵਿਦਵਾਨ ਥਾਮਸਨ, ਇਉਂ ਬਿਆਨ ਕਰਦਾ ਹੈ:

"Even from the body's purity, the mind receives a sympathetic aid,"

(ਭਾਵ-ਤਨ ਦੀ ਸਵੱਛਤਾ ਤੋਂ ਮਨ ਦੀ ਸਵੱਛਤਾ ਨੂੰ ਇਕ ਸਨੇਹ-ਭਰਪੂਰ ਸਹਾਇਤਾ ਪ੍ਰਾਪਤ ਹੁੰਦੀ ਹੈ।)

**ਇਸ਼ਨਾਨ ਦਾ ਸਮਾਂ:** ਗੁਰੂ ਜੀ ਜਿਥੇ ਸਰੀਰ ਦੀ ਅਰੋਗਤਾ ਲਈ ਇਸ਼ਨਾਨ ਦਾ ਏਡਾ ਵੱਡਾ ਮਹਾਤਮ ਦਸਦੇ ਹਨ ਓਥੇ ਨਾਲ ਹੀ ਇਹ ਵੀ ਤਾਕੀਦ ਕਰਦੇ ਹਨ ਕਿ ਗੁਰਸਿੱਖ ਨੇ ਇਸ਼ਨਾਨ ਅੰਮ੍ਰਿਤ ਵੇਲੇ ਉਠ ਕੇ ਕਰਨਾ ਤੇ ਪ੍ਰਭੂ-ਸਿਮਰਨ ਵਿਚ ਜੁੱਟ ਜਾਣਾ ਹੈ:

**(ੳ) ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥(1187)**

**(ਅ) ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥(147)**

ਭਾਈ ਗੁਰਦਾਸ ਜੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਅਤੇ ਗੁਰਮਤਿ ਦੀਆਂ ਰਮਜ਼ਾਂ ਨੂੰ ਸਮਝਣ ਅਤੇ ਸਮਝਾਉਣ ਵਾਲੇ ਅਦੁੱਤੀ ਵਿਦਵਾਨ ਗੁਰਸਿੱਖ ਹੋਏ ਹਨ, ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਮਹੱਤਤਾ ਇਉਂ ਦਰਸਾਉਂਦੀ ਹਨ:

**ਕੁਰਬਾਣੀ ਤਿਨਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਅੰਮ੍ਰਿਤ ਵਾਲਾ ਸਰ ਨ੍ਾਵੰਦੇ॥** ਅਤੇ

**ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ॥**

ਗੁਰਮਤਿ ਵਿਚ ਮਨ ਨੂੰ ਪ੍ਰਬੋਧਣ ਤੇ ਸਿਮਰਨ ਹਿਤ ਇਸ਼ਨਾਨ ਦੁਆਰਾ ਸਰੀਰ ਦੀ ਸਫ਼ਾਈ ਆਦਿ ਉਤੇ ਇਤਨਾ ਜ਼ੋਰ ਤਾਂ ਦਿਤਾ ਗਿਆ ਹੈ; ਪਰੰਤੂ, ਅਨਮਤਾਂ ਵਾਂਗ ਇਸ ਨੂੰ ਕਰਮ-ਕਾਂਡ ਕਰ ਕੇ ਨਹੀਂ ਮੰਨਿਆ ਗਿਆ। ਗੁਰਮਤਿ ਅਨੁਸਾਰ, ਇਸ਼ਨਾਨ ਸਰੀਰਕ ਸਫ਼ਾਈ ਅਰੋਗਤਾ ਤੇ ਸਿਮਰਨ ਦਾ ਸਾਧਨ ਤਾਂ ਹੈ; ਪਰੰਤੂ ਆਪਣੀ ਜਾਤ ਵਿਚ ਪੁੰਨ-ਕਰਮ ਨਹੀਂ। ਕੇਵਲ ਇਸ਼ਨਾਨ ਅਥਵਾ ਤੀਰਥ-ਇਸ਼ਨਾਨ ਨੂੰ ਹੀ ਪੁੰਨ-ਕਰਮ ਅਤੇ ਮੁਕਤੀ-ਦਾਤਾ ਮੰਨ ਲੈਣਾ, ਗੁਰਮਤਿ-ਸਿਧਾਂਤਾਂ ਦੇ ਅਨੁਕੂਲ ਨਹੀਂ। ਗੁਰਬਾਣੀ ਦੇ ਇਹ ਪ੍ਰਮਾਣ ਇਸ ਨੁਕਤੇ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦੇ ਅਤੇ ਗੁਰਮਤਿ ਸਿਧਾਂਤ ਸਮਝਣ ਵਿਚ ਸਹਾਇਕ ਹੋ ਸਕਦੇ ਹਨ:

**(ੳ) ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥**
**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥**
**ਪੂਜਹੁ ਰਾਮੁ ਏਕੁ ਹੀ ਦੇਵਾ ॥**
**ਸਾਚਾ ਨਾਵਣੁ ਗੁਰ ਕੀ ਸੇਵਾ ॥**
**ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥**
**ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥(485)**

(ਗੁਰੂ ਦੀ ਸੇਵਾ ਸੱਚਾ ਇਸ਼ਨਾਨ ਹੈ)

**(ਅ) ਤੀਰਥ ਨਾਇ ਨ ਉਤਰਸਿ ਮੈਲੁ ॥**
**ਕਰਮ ਧਰਮ ਸਭਿ ਹਉਮੈ ਫੈਲੁ ॥**
**ਲੋਕ ਪਚਾਰੈ ਗਤਿ ਨਹੀ ਹੋਇ ॥**
**ਨਾਮ ਬਿਹੂਣੇ ਚਲਸਹਿ ਰੋਇ ॥(891)**

**(ੲ) ਹ੍ਰਿਦੈ ਕਪਟੁ ਮੁਖ ਗਿਆਨੀ ॥**
**ਝੂਠੇ ਕਹਾ ਬਿਲੋਵਸਿ ਪਾਨੀ ॥**
**ਕਾਂਇਆ ਮਾਂਜਸਿ ਕਉਨ ਗੁਨਾਂ ॥**
**ਜਉ ਘਟ ਭੀਤਰਿ ਹੈ ਮਲਨਾਂ ॥**
**ਲਉਕੀ ਅਠਸਠਿ ਤੀਰਥ ਨਾਈ ॥**
**ਕਉਰਾਪਨੁ ਤਊ ਨ ਜਾਈ ॥(657)**

**(ਸ) ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥(790)**

**(ਹ) ਸੋਚ**( ਇਸ਼ਨਾਨ ਆਦਿ) **ਕਰੈ ਦਿਨਸੁ ਅਰੁ ਰਾਤਿ ॥**
**ਮਨ ਕੀ ਮੈਲੁ ਨ ਤਨ ਤੇ ਜਾਤਿ ॥(266)**

ਸਤਿਗੁਰੂ ਜੀ ਨੇ ਜੇ ਕਿਧਰੇ ਤੀਰਥਾਂ ਉਤੇ ਜਾਣ ਦਾ ਉਦਮ ਕੀਤਾ ਵੀ ਹੈ ਤਾਂ ਲੋਕਾਂ ਦੇ ਉਧਾਰ ਲਈ; ਓਥੇ ਇਕੱਠੇ ਹੋਏ ਲੋਕਾਂ ਨੂੰ ਉਪਦੇਸ਼ ਦੇਣ ਲਈ। ਸ੍ਰੀ ਗੁਰੂ ਰਾਮਦਾਸ ਜੀ, ਤੀਜੇ ਸਤਿਗੁਰੂ ਜੀ ਦੀ ਤੀਰਥ-ਯਾਤਰਾ ਦੇ ਪ੍ਰਯੋਜਨ ਬਾਰੇ ਲਿਖਦੇ ਹਨ:

**ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥(1118)**

ਸੋ, ਸਿਖ ਮੱਤ ਵਿਚ, ਜਿਵੇਂ ਹੋਰ ਹਰੇਕ ਵਸਤੂ ਤੇ ਕਰਮ ਨੂੰ ਬਿਬੇਕ ਬੁੱਧੀ ਦੀ ਕਸਵੱਟੀ ਉਤੇ ਪਰਖਿਆ ਗਿਆ ਹੈ, ਓਸੇ ਤਰ੍ਹਾਂ ਇਸ਼ਨਾਨ ਨੂੰ ਵੀ, ਅਵੱਸ, ਇਸ ਦੀ ਯੋਗ ਥਾਂ ਦਿੱਤੀ ਗਈ ਹੈ; ਪਰੰਤੂ, ਇਸ ਸੰਬੰਧੀ ਪਸਰੇ ਵਹਿਮ ਤੇ ਉਲਾਰ ਨੂੰ ਕੋਈ ਥਾਂ ਪ੍ਰਾਪਤ ਨਹੀਂ।

ਐਸੀ ਸੰਤੁਲਿਤ ਤੇ ਪ੍ਰਕਾਸ਼-ਮਈ ਜੀਵਨ-ਸੇਧ ਦੇਣ ਵਾਲੇ ਉਪਕਾਰੀ ਸਤਿਗੁਰਾਂ ਤੋਂ ਬਲਿਹਾਰ ਹਾਂ, ਸਦ ਬਲਿਹਾਰ! -0-




–ਜਸਪਾਲ ਸਿੰਘ ਲੋਹਾਮ

# ਬਾਲ ਸਭਾ 'ਚ ਹੁੰਦਾ ਬੱਚੇ ਦਾ ਸਰਬਪੱਖੀ ਵਿਕਾਸ

ਵਿਦਿਆਰਥੀ ਜੀਵਨ ਵਿਚ ਬਾਲ ਸਭਾ ਬੱਚੇ ਦਾ ਸਰਬਪੱਖੀ ਕਰਨ 'ਚ ਪਹਿਲਾ ਕਦਮ ਅਦਾ ਕਰਦੀ ਹੈ। ਅਧਿਆਪਕ ਨੂੰ ਆਪਣੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਕੇ ਉਨ੍ਹਾਂ ਦੀ ਜ਼ਿੰਦਗੀ ਦੇ ਦੂਸਰੇ ਪਹਿਲੂਆਂ ਨੂੰ ਵੀ ਉਭਾਰਨਾ ਚਾਹੀਦਾ ਹੈ। ਬਾਲ ਸਭਾ 'ਚ ਰਹਿ ਕੇ ਬੱਚੇ ਅਨੁਸ਼ਾਸਨ 'ਚ ਰਹਿਣਾ ਸਿੱਖਦੇ ਹਨ। ਇਸ ਤਰ੍ਹਾਂ ਬੱਚਿਆਂ 'ਚ ਬੋਲਣ ਦੀ ਝਿਜਕ ਖਤਮ ਹੁੰਦੀ ਹੈ। ਸਟੇਜ ਦਾ ਡਰ ਖਤਮ ਹੋ ਜਾਂਦਾ ਹੈ। ਸ਼ਰਾਰਤੀ ਬੱਚੇ ਨੂੰ ਸਭਾ 'ਚ ਇਨਾਮ ਦੇ ਕੇ ਸਨਮਾਨਿਤ ਕਰਨ ਨਾਲ ਤਬਦੀਲੀ ਲਿਆਂਦੀ ਜਾ ਸਕਦੀ ਹੈ। ਜਿਹੜੇ ਬੱਚੇ ਪੜ੍ਹਾਈ ਵਿਚੋਂ ਕਮਜ਼ੋਰ ਹੁੰਦੇ ਹਨ, ਉਹ ਦੂਸਰੇ ਪੱਖਾਂ ਵਿਚ ਅੱਗੇ ਹੁੰਦੇ ਹਨ। ਅਜਿਹੇ ਬੱਚੇ ਮੁਕਾਬਲੇ ਦੀ ਭਾਵਨਾ ਨਾਲ ਭਾਸ਼ਣ ਦਿੰਦੇ ਹਨ। ਸਮੇਂ-ਸਮੇਂ ਸਿਰ ਬੱਚਿਆਂ ਨੂੰ ਸਨਮਾਨਿਤ ਕਰਦੇ ਰਹਿਣਾ ਚਾਹੀਦਾ ਹੈ। ਅਜਿਹੇ ਸਮਾਰੋਹ ਦੂਸਰੇ ਬੱਚਿਆਂ ਲਈ ਉਦਾਹਰਣ ਬਣਦੇ ਹਨ। ਅਜਿਹੇ ਪ੍ਰੋਗਰਾਮ ਬੱਚਿਆਂ 'ਚ ਉਤਸ਼ਾਹ ਪੈਦਾ ਕਰਦੇ ਹਨ ਅਤੇ ਆਉਣ ਵਾਲੇ ਭਵਿੱਖ ਨੂੰ ਸੁਨਹਿਰੀ ਰਸਤਾ ਦਿਖਾਉਂਦੇ ਹਨ। ਅਜਿਹੀਆਂ ਸਭਾਵਾਂ ਵਿਦਿਆਰਥੀ ਜੀਵਨ 'ਚ ਉੱਘਾ ਰੋਲ ਅਦਾ ਕਰਦੀਆਂ ਹਨ। ਸਿੱਖਿਆ ਦਾ ਮੁੱਖ ਨਿਸ਼ਾਨਾ ਬੱਚੇ ਵਿਚ ਛੁਪੇ ਹੋਏ ਗੁਣਾਂ ਦਾ ਵਿਕਾਸ ਕਰਨਾ ਹੈ। ਬਾਲ ਸਭਾ ਦੇ ਰਾਹੀਂ ਬੱਚਾ ਆਪਣੀ ਭਾਵਨਾ ਨੂੰ ਮੂਲ ਲੇਖਕ ਦੇ ਤੌਰ 'ਤੇ ਉਭਾਰ ਕੇ ਨਾਟਕ ਵਿਚ ਇਕ ਚੰਗੇ ਪਾਤਰ ਦੇ ਰੂਪ ਵਿਚ ਪੇਸ਼ ਕਰ ਸਕਦਾ ਹੈ।



ਬਾਲ ਸਭਾਵਾਂ ਇਕ ਚੰਗੇ ਬੁਲਾਰੇ ਨੂੰ ਜਨਮ ਦਿੰਦੀਆਂ ਹਨ। ਅਧਿਆਪਕ ਹੀ ਬੱਚਿਆਂ ਵਿਚ ਮੁਕਾਬਲੇ ਦੀ ਭਾਵਨਾ ਤੇ ਗਿਆਨ ਦੇ ਭੰਡਾਰ ਵਿਚ ਵਾਧਾ ਕਰ ਸਕਦਾ ਹੈ ਅਤੇ ਇਹ ਭੰਡਾਰ ਸਦੀਵੀ ਆ ਜਾਂਦਾ ਹੈ। ਇਹ ਸਿੱਖਿਆ ਤੰਤਰ ਦਾ ਬਹੁਤ ਲਾਭਕਾਰੀ ਤੇ ਜ਼ਰੂਰੀ ਅੰਗ ਹੈ। ਅਧਿਆਪਕ ਹੀ ਬੱਚਿਆਂ ਨੂੰ ਚੰਗੀ ਸੇਧ ਦੇ ਕੇ ਚੰਗੇ ਗੁਣਾਂ ਵਾਲੇ ਨਾਗਰਿਕ ਪੈਦਾ ਕਰ ਸਕਦਾ ਹੈ। ਸਾਡੇ ਦੇਸ਼ ਵਿਚ ਅਜਿਹੇ ਬੱਚਿਆਂ ਦੀ ਬਹੁਤ ਹੀ ਜ਼ਿਆਦਾ ਲੋੜ ਹੈ। ਬਾਲ ਸਭਾ ਇਕ ਵਾਰੀ ਜ਼ਰੂਰ ਲੱਗਣੀ ਚਾਹੀਦੀ ਹੈ। ਸਭਾਵਾਂ 'ਚ ਖੇਡਾਂ, ਸਿਹਤ, ਅਨੁਸ਼ਾਸਨ, ਨਸ਼ਿਆਂ ਦੀ ਰੋਕਥਾਮ, ਗੀਤ, ਸੰਗੀਤ, ਸਕਿੱਟ ਆਦਿ ਤਿਆਰ ਕਰਕੇ ਸਭਾ ਵਿਚ ਪੇਸ਼ ਕਰਨ। ਸ਼ੁਰੂ ਵਿਚ ਬੱਚੇ ਅਧਿਆਪਕਾਂ ਤੋਂ ਮਦਦ ਲੈਣ। ਇਹ ਸਾਰਾ ਕਾਰਜ ਪੜ੍ਹਾਈ ਤੋਂ ਹਟ ਕੇ ਹੋਵੇ। ਬੱਚੇ ਨੂੰ ਵਾਰ-ਵਾਰ ਸਟੇਜ 'ਤੇ ਜਾਣ ਦਾ ਮੌਕਾ ਮਿਲੇ ਤਾਂ ਫਿਰ ਬੱਚੇ ਚੰਗੇ ਬੁਲਾਰੇ ਜ਼ਰੂਰ ਬਣਨਗੇ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਫਤਹਿ ਹਾਸਲ ਕਰਨਗੇ। ਬੱਚਿਆਂ 'ਚ ਇਸ ਕਮੀ ਨੂੰ ਅਧਿਆਪਕ ਹੀ ਦੂਰ ਕਰ ਸਕਦਾ ਹੈ। ਅਧਿਆਪਕ ਵਾਰੀ-ਵਾਰੀ ਸਾਰੇ ਬੱਚਿਆਂ ਨੂੰ ਕਿਸੇ ਵੀ ਵਿਸ਼ੇ 'ਤੇ ਬੋਲਣ ਲਈ ਤਿਆਰੀ ਕਰਾਵੇ, ਤਾਂ ਹੀ ਬੱਚੇ ਤਿਆਰੀ ਕਰਕੇ ਆਉਣਗੇ। ਉਨ੍ਹਾਂ 'ਚ ਡਰ ਭੈਅ ਖਤਮ ਹੋ ਜਾਵੇਗਾ ਅਤੇ ਭਵਿੱਖ 'ਚ ਉਹ ਹਰ ਖੇਤਰ 'ਚ ਪਹਿਲਕਦਮੀ ਕਰਨਗੇ ਅਤੇ ਚੰਗੇ ਬੱਚੇ ਆਪਣੇ ਰਾਹ ਦਸੇਰਾ ਅਧਿਆਪਕ ਨੂੰ ਹਮੇਸ਼ਾ ਯਾਦ ਰੱਖਦੇ ਹਨ।

# ਕੀ ਹਨ ਵਾਤਾਵਰਨ ਪੱਖੀ ਇਮਾਰਤਾਂ?

–ਡਾ. ਰਮਨਦੀਪ ਸਿੰਘ ਬਰਾੜ

ਸਾਰੇ ਸੰਸਾਰ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਇਮਾਰਤਾਂ ਨੇ ਬਹੁਤ ਜ਼ਿਆਦਾ ਜ਼ਮੀਨ ਘੇਰੀ ਹੋਈ ਹੈ। ਇਨ੍ਹਾਂ ਇਮਾਰਤਾਂ ਵਿੱਚ ਵੱਡੀ ਮਾਤਰਾ ਵਿੱਚ ਪਾਣੀ ਅਤੇ ਊਰਜਾ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਕਰਕੇ ਇਨ੍ਹਾਂ ਇਮਾਰਤਾਂ ਵੱਲੋਂ ਖਪਤ ਕੀਤੇ ਜਾ ਰਹੇ ਕੁਦਰਤੀ ਸਰੋਤਾਂ ਅਤੇ ਪੈਦਾ ਕੀਤੇ ਜਾ ਰਹੇ ਫੋਕਟ ਪਦਾਰਥ, ਪ੍ਰਦੂਸ਼ਣ ਆਦਿ ਆਉਣ ਵਾਲੇ ਸਮੇਂ ਲਈ ਚਿੰਤਾ ਦਾ ਵਿਸ਼ਾ ਬਣ ਕੇ ਸਾਹਮਣੇ ਆ ਚੁੱਕੇ ਹਨ। ਵਾਤਾਵਰਨ ਪੱਖੀ ਇਮਾਰਤ (ਗ੍ਰੀਨ ਬਿਲਡਿੰਗ) ਧਾਰਨਾ ਦੀ ਸ਼ੁਰੂਆਤ ਅਮਰੀਕਾ ਵਿੱਚ ਵਾਤਾਵਰਨ ਦਬਾਅ ਘਟਾਉਣ ਦੇ ਮਨਸ਼ੇ ਨਾਲ ਕੀਤੀ ਗਈ ਸੀ।

ਵਾਤਾਵਰਨ ਪੱਖੀ ਇਮਾਰਤ ਤੋਂ ਭਾਵ ਕਿਸੇ ਵੀ ਉਸ ਇਮਾਰਤ ਤੋਂ ਹੈ ਜਿਸਦੀ ਵਿਲੱਖਣ ਬਣਾਵਟ, ਉਸਾਰੀ ਅਤੇ ਕੰਮਕਾਜ ਨਾਲ ਵਾਤਾਵਰਨ ਉੱਤੇ ਘੱਟ ਤੋਂ ਘੱਟ ਬੁਰਾ ਪ੍ਰਭਾਵ ਪੈਂਦਾ ਹੋਵੇ ਅਤੇ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲਦੀ ਹੋਵੇ। ਜੇਕਰ ਕਿਸੇ ਇਮਾਰਤ ਵਿੱਚ ਕੁਝ ਖ਼ਾਸ ਗੁਣ ਹੋਣ ਤਾਂ ਹੀ ਉਸਨੂੰ ਵਾਤਾਵਰਨ ਪੱਖੀ ਇਮਾਰਤ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਇਨ੍ਹਾਂ ਦਾ ਸਭ ਤੋਂ ਅਹਿਮ ਗੁਣ ਊਰਜਾ, ਪਾਣੀ ਅਤੇ ਕੁਦਰਤੀ ਸੋਮਿਆਂ ਦੀ ਯੋਗ ਵਰਤੋਂ ਤੋਂ ਹੈ। ਇਨ੍ਹਾਂ ਇਮਾਰਤਾਂ ਵਿੱਚ ਨਵਿਆਉਣਯੋਗ ਊਰਜਾ ਜਿਵੇਂ ਸੌਰ ਊਰਜਾ ਆਦਿ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ। ਅਜਿਹੀਆਂ ਇਮਾਰਤਾਂ ਤੋਂ ਘੱਟ ਤੋਂ ਘੱਟ ਫੋਕਟ ਪਦਾਰਥ ਬਾਹਰ ਨਿਕਲਦੇ ਹਨ। ਅਜਿਹੇ ਫੋਕਟ ਪਦਾਰਥਾਂ ਦੀ ਮੁੜ ਵਰਤੋਂ ਅਤੇ ਨਵੀਨੀਕਰਨ ਕੀਤਾ ਜਾ ਸਕਦਾ ਹੈ ਜਿਸ ਨਾਲ ਵਾਤਾਵਰਨ 'ਤੇ ਨਾਂਹ ਪੱਖੀ ਅਸਰ ਘੱਟ ਹੁੰਦਾ ਹੈ।

ਵਾਤਾਵਰਨ ਪੱਖੀ ਇਮਾਰਤ ਬਣਾਉਣ ਹਿੱਤ ਕਈ ਤਰ੍ਹਾਂ ਦੀਆਂ ਪ੍ਰਣਾਲੀਆਂ ਅਮਲ ਵਿੱਚ ਲਿਆਂਦੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਪਥਰਾਟੀ ਬਾਲਣਾਂ ਤੇ ਪੌਦਿਆਂ ਅਤੇ ਦਰੱਖਤਾਂ



ਰਾਹੀਂ ਕੁਦਰਤੀ ਠੰਢਕ ਪੈਦਾ ਕਰਨਾ, ਵਰਖਾ ਦੇ ਪਾਣੀ ਦੀ ਸਾਂਭ ਸੰਭਾਲ, ਫੋਕਟ ਪਦਾਰਥਾਂ ਦੀ ਪੈਦਾਵਾਰ ਨੂੰ ਘਟਾਉਣਾ ਆਦਿ ਸ਼ਾਮਲ ਹਨ। ਇਮਾਰਤ ਦੀ ਬਣਾਵਟ ਸਮੇਂ ਅਜਿਹੇ ਪਦਾਰਥਾਂ ਦੀ ਵਰਤੋਂ ਕੀਤੀ ਗਈ ਹੋਵੇ ਜੋ ਵਾਤਾਵਰਨ ਨੂੰ ਪਲੀਤ ਨਾ ਕਰਦੇ ਹੋਣ, ਬਣਾਵਟ ਵਿੱਚ ਵੱਖ ਵੱਖ ਕੁਦਰਤੀ ਸੋਮਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਮਾਰਤ ਵਿੱਚ ਸੂਰਜੀ ਰੌਸ਼ਨੀ ਪਹੁੰਚਣ ਦਾ ਇੰਤਜ਼ਾਮ ਹੋਵੇ ਤਾਂ ਜੋ ਬਿਜਲੀ ਦੀ ਖਪਤ ਘੱਟ ਤੋਂ ਘੱਟ ਹੋਵੇ। ਅੱਜਕੱਲ੍ਹ ਸੰਸਾਰ ਵਿੱਚ ਵਾਤਾਵਰਨ ਨਾਲ ਸਬੰਧਿਤ ਵੱਖ ਵੱਖ ਸਮੱਸਿਆਵਾਂ ਜਿਵੇਂ ਆਲਮੀ ਤਪਸ਼, ਓਜ਼ੋਨ ਛੇਕ, ਸਮੁੰਦਰੀ ਸਤ੍ਹਾ ਦਾ ਉੱਚਾ ਉੱਠਣਾ ਆਦਿ ਸਾਹਮਣੇ ਆ ਚੁੱਕੀਆਂ ਹਨ। ਇਹ ਸਮੱਸਿਆਵਾਂ ਵੱਖ ਵੱਖ ਤਰੀਕਿਆਂ ਨਾਲ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਸ ਨਾਲ ਆਰਥਿਕ ਵਿਕਾਸ ਦੀ ਗਤੀ ਹੌਲੀ ਹੋ ਜਾਂਦੀ ਹੈ। ਵਾਤਾਵਰਨ ਪੱਖੀ ਇਮਾਰਤਾਂ ਅਜਿਹੀਆਂ ਸਮੱਸਿਆਵਾਂ ਦੇ ਟਾਕਰੇ ਲਈ ਢੁਕਵਾਂ ਉਪਰਾਲਾ ਹੋ ਸਕਦੀਆਂ ਹਨ। ਇਨ੍ਹਾਂ ਇਮਾਰਤਾਂ ਵਿੱਚ ਪੀਣ ਵਾਲੇ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਂਦੀ ਹੈ ਅਤੇ ਫੋਕਟ ਪਾਣੀ ਦਾ ਸ਼ੁੱਧੀਕਰਨ ਕਰਕੇ ਹੋਰਨਾਂ ਕੰਮਾਂ ਲਈ ਵਰਤਿਆ ਜਾਂਦਾ ਹੈ। ਇਸਤੋਂ ਇਲਾਵਾ ਵਰਖਾ ਦੇ ਪਾਣੀ ਦਾ ਵੀ ਸੁਰੱਖਿਅਤ ਭੰਡਾਰਨ ਕਰਕੇ ਜ਼ਮੀਨ ਹੇਠ ਡਿਸਚਾਰਜ ਕਰ ਦਿੱਤਾ ਜਾਂਦਾ ਹੈ। ਵਧੀਆ ਵਾਤਾਵਰਨ ਪੱਖੀ ਪ੍ਰਬੰਧਾਂ ਰਾਹੀਂ ਆਉਂਦੀ ਸ਼ੁੱਧ ਹਵਾ, ਹਾਨੀਕਾਰਕ ਗੈਸਾਂ ਅਤੇ ਹੋਰ ਪਦਾਰਥਾਂ ਤੋਂ ਪਰਹੇਜ਼, ਸੂਰਜੀ ਰੌਸ਼ਨੀ ਦੀ ਵਰਤੋਂ, ਸ਼ੋਰ ਪ੍ਰਦੂਸ਼ਣ ਨੂੰ ਰੋਕਣ ਵਾਲੇ ਇੰਤਜ਼ਾਮਾਂ ਸਦਕਾ ਜਨ ਸਿਹਤ ਵਿੱਚ ਸੁਧਾਰ ਹੁੰਦਾ ਹੈ।

ਲਗਾਤਾਰ ਵੱਧ ਰਹੇ ਪ੍ਰਦੂਸ਼ਣ ਸਦਕਾ ਆਉਣ ਵਾਲਾ ਸਮਾਂ ਵਾਤਾਵਰਨ ਦੇ ਪੱਖ ਤੋਂ ਬਹੁਤ ਚੁਣੌਤੀਪੂਰਨ ਹੈ। ਅਜਿਹੀ ਹਾਲਤ ਵਿੱਚ ਸਾਨੂੰ ਵੱਧ ਤੋਂ ਵੱਧ ਇਮਾਰਤਾਂ ਨੂੰ ਵਾਤਾਵਰਨ ਪੱਖੀ ਇਮਾਰਤਾਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ। ਇਸ ਦੀ ਸ਼ੁਰੂਆਤ ਅਸੀਂ ਆਪਣੇ ਘਰ ਵਿੱਚ ਫੋਕਟ ਪਦਾਰਥਾਂ ਦੀ ਪੈਦਾਵਾਰ ਘਟਾ ਕੇ ਅਤੇ ਖਾਲੀ ਥਾਵਾਂ ਵਿੱਚ ਦਰੱਖਤ ਅਤੇ ਬੂਟੇ ਲਗਾ ਕੇ ਕਰ ਸਕਦੇ ਹਾਂ। ਸਾਨੂੰ ਸਾਰੇ ਪਥਰਾਟੀ ਬਾਲਣਾਂ ਜਿਵੇਂ ਪੈਟਰੋਲ, ਡੀਜ਼ਲ, ਗੈਸ ਅਤੇ ਬਿਜਲੀ ਪਾਣੀ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਵੀ ਵਾਤਾਵਰਨ ਸੰਭਾਲਣ ਦੀ ਮੁਹਿੰਮ ਵਿੱਚ ਆਪਣਾ ਯੋਗਦਾਨ ਦੇ ਸਕੀਏ।

-0-

# ਸਕੂਲ ਬੱਸ ਦਾ ਰੰਗ ਪੀਲਾ ਕਿਉਂ ਹੁੰਦਾ ਹੈ?

ਪਿਆਰੇ ਬੱਚਿਓ, ਰੋਜ਼ਾਨਾ ਹੀ ਸਵੇਰੇ ਸਕੂਲ ਨੂੰ ਜਾਂਦੇ ਸਮੇਂ ਸੜਕਾਂ ਉੱਪਰ ਚਲਦੀਆਂ ਸਕੂਲੀ ਬੱਸਾਂ ਨੂੰ ਦੇਖਦੇ ਹੀ ਤੁਹਾਡੇ ਮਨ ਵਿਚ ਸਵਾਲ ਆਉਂਦਾ ਹੋਵੇਗਾ ਕਿ ਆਖਰ ਇਨ੍ਹਾਂ ਬੱਸਾਂ ਦਾ ਰੰਗ ਪੀਲਾ ਹੀ ਕਿਉਂ ਰੱਖਿਆ ਜਾਂਦਾ ਹੈ? ਬੱਸਾਂ ਦੇ ਪੀਲੇ ਰੰਗ ਰੱਖਣ ਦਾ ਮੁੱਖ ਕਾਰਨ ਇਹ ਹੈ ਕਿ ਪੀਲਾ ਰੰਗ ਬਾਕੀ ਰੰਗਾਂ ਦੇ ਮੁਕਾਬਲੇ ਵਿਚ ਅੱਖਾਂ ਨੂੰ 1.24 ਗੁਣਾ ਜ਼ਿਆਦਾ ਖਿੱਚ ਕਰਦਾ ਹੈ, ਜਿਸ ਕਰਕੇ ਬਾਕੀ ਰੰਗਾਂ ਦੀ ਤੁਲਨਾ ਵਿਚ ਇਹ ਰੰਗ ਅੱਖਾਂ ਨੂੰ ਛੇਤੀ ਦਿਖਾਈ ਦਿੰਦਾ ਹੈ। ਸਭ ਤੋਂ ਪਹਿਲਾਂ ਅਮਰੀਕਾ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਸੀ। ਬੱਚਿਆਂ ਦੀ ਸੁਰੱਖਿਆ ਦੇ ਕਾਰਨ ਕਰਕੇ ਹੀ ਸਕੂਲੀ ਬੱਸਾਂ ਦਾ ਰੰਗ ਪੀਲਾ ਕਰਨਾ ਜ਼ਰੂਰੀ ਕਰ ਦਿੱਤਾ ਗਿਆ ਹੈ। ਸਿਰਫ ਭਾਰਤ ਵਿਚ ਹੀ ਨਹੀਂ, ਬਲਕਿ ਵਿਦੇਸ਼ਾਂ ਵਿਚ ਵੀ ਸਕੂਲੀ ਬੱਸਾਂ ਦਾ ਰੰਗ ਪੀਲਾ ਹੀ ਰੱਖਿਆ ਜਾਂਦਾ ਹੈ। ਸੜਕ ਕਿਨਾਰੇ ਲੱਗੇ ਸੰਕੇਤਕ ਬੋਰਡ ਵੀ ਪੀਲੇ ਅੱਖਰਾਂ ਵਿਚ ਲਗਾਏ ਜਾਂਦੇ ਹਨ ਤਾਂ ਜੋ ਉਹ ਅਸਾਨੀ ਨਾਲ ਪੜ੍ਹੇ ਜਾ ਸਕਣ। ਕੋਰੇ ਦੇ ਦਿਨਾਂ ਵਿਚ ਆਪਣੇ ਵਾਹਨਾਂ ਦੀ ਲਾਈਟ ਉੱਤੇ ਪੀਲੇ ਰੰਗ ਦਾ ਪਲਾਸਟਿਕ ਕਾਗਜ਼ ਇਸ ਲਈ ਲਗਾਇਆ ਜਾਂਦਾ ਹੈ ਤਾਂ ਜੋ ਸਾਹਮਣੇ ਤੋਂ ਆ ਰਹੇ ਵਾਹਨ ਨੂੰ ਅਸਾਨੀ ਨਾਲ ਪਤਾ ਲੱਗ ਸਕੇ। ਸਕੂਲੀ ਬੱਸਾਂ ਨੂੰ ਪੀਲਾ ਰੰਗ ਕਰਨਾ ਹਾਦਸਿਆਂ ਨੂੰ ਘੱਟ ਕਰਨਾ ਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। -0-




# ਆਓ ਜਾਣੀਏ ਦੁੱਧ ਦਾ ਰੰਗ ਸਫੈਦ ਕਿਉਂ ਹੁੰਦਾ ਹੈ?

ਪਿਆਰੇ ਬੱਚਿਓ, ਤੁਸੀਂ ਛੋਟੇ ਹੁੰਦੇ ਤੋਂ ਹੀ ਦੁੱਧ ਪੀਂਦੇ ਆ ਰਹੇ ਹੋ। ਕੀ ਕਦੇ ਤੁਸੀਂ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਦਾ ਰੰਗ ਸਫੈਦ ਹੀ ਕਿਉਂ ਹੁੰਦਾ ਹੈ? ਆਓ, ਅੱਜ ਇਸ ਬਾਰੇ ਜਾਣਕਾਰੀ ਪ੍ਰਾਪਤ ਕਰੀਏ।



ਬੱਚਿਓ, ਦੁੱਧ ਸਾਨੂੰ ਸੂਰਜ ਦੀ ਰੌਸ਼ਨੀ ਵਿਚ ਸਫੈਦ ਦਿਖਾਈ ਦਿੰਦਾ ਹੈ ਪਰ ਜੇਕਰ ਇਸ ਨੂੰ ਲਾਲ ਰੰਗ ਦੀ ਰੌਸ਼ਨੀ ਵਿਚ ਦੇਖਿਆ ਜਾਵੇ ਤਾਂ ਇਹ ਲਾਲ ਦਿਖਾਈ ਦੇਵੇਗਾ। ਇਸੇ ਤਰ੍ਹਾਂ ਹਰੇ ਰੰਗ ਦੀ ਰੌਸ਼ਨੀ ਵਿਚ ਇਹ ਹਰੇ ਰੰਗ ਦਾ ਦਿਖਾਈ ਦੇਵੇਗਾ। ਰੌਸ਼ਨੀ ਭਾਵੇਂ ਦੇਖਣ ਵਿਚ ਰੰਗਹੀਣ ਲਗਦੀ ਹੈ ਪਰ ਅਸਲ ਵਿਚ ਇਹ ਸੱਤ ਰੰਗਾਂ ਨੂੰ ਮਿਲਾ ਕੇ ਬਣੀ ਹੁੰਦੀ ਹੈ। ਇਹ ਰੰਗ ਹਨ-ਹਰਾ, ਲਾਲ, ਪੀਲਾ, ਜਾਮਣੀ, ਨੀਲਾ, ਸੰਤਰੀ ਅਤੇ ਬੈਂਗਣੀ। ਕਿਸੇ ਵਸਤੂ ਦਾ ਰੰਗ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਵਸਤੂ ਇਨ੍ਹਾਂ ਸੱਤ ਰੰਗਾਂ ਵਿਚੋਂ ਕਿਹੜਾ ਰੰਗ ਪ੍ਰਵਰਤਿਤ ਕਰਕੇ ਸਾਡੀ ਅੱਖ ਤੱਕ ਪਹੁੰਚਾਉਂਦੀ ਹੈ। ਜਿਹੜਾ ਰੰਗ ਸਾਡੀ ਅੱਖ ਤੱਕ ਪ੍ਰਵਰਤਿਤ ਹੋ ਕੇ ਪਹੁੰਚਦਾ ਹੈ, ਸਾਨੂੰ ਉਸੇ ਤਰ੍ਹਾਂ ਦੀ ਹੀ ਵਸਤੂ ਦਿਖਾਈ ਦਿੰਦੀ ਹੈ। ਦੁੱਧ ਦੇ ਅਣੂਆਂ ਦੀ ਰਚਨਾ ਕੁਝ ਇਸ ਤਰ੍ਹਾਂ ਬਣੀ ਹੈ ਕਿ ਉਹ ਕੋਈ ਵੀ ਰੰਗ ਪ੍ਰਵਰਤਿਤ ਨਹੀਂ ਕਰਦੇ। ਇਹ ਸਾਰੇ ਰੰਗਾਂ ਨੂੰ ਹੀ ਸੋਖ ਲੈਂਦਾ ਹੈ। ਸੱਤੇ ਰੰਗਾਂ ਤੋਂ ਹੀ ਮਿਲ ਕੇ ਜਿਹੜਾ ਰੰਗ ਬਣਦਾ ਹੈ, ਉਹ ਸਫੈਦ ਹੁੰਦਾ ਹੈ। ਇਸ ਲਈ ਸਾਨੂੰ ਦੁੱਧ ਹਮੇਸ਼ਾ ਸਫੈਦ ਦਿਖਾਈ ਦਿੰਦਾ ਹੈ। ਇਸ ਦਾ ਇਕ ਹੋਰ ਕਾਰਨ ਦੁੱਧ ਵਿਚ ਕੇਸੀਨ ਨਾਂਅ ਦੇ ਤੱਤ ਹੁੰਦੇ ਹਨ, ਜਿਹੜੇ ਕਿ ਸਫੈਦ ਰੰਗ ਹੀ ਪ੍ਰਦਾਨ ਕਰਦੇ ਹਨ। ਇਸ ਕਰਕੇ ਵੀ ਬੱਚਿਓ ਦੁੱਧ ਦਾ ਰੰਗ ਹਮੇਸ਼ਾ ਸਫੈਦ ਹੀ ਦਿਖਾਈ ਦਿੰਦਾ ਹੈ।-0-

# ਗੁਣਾਂ ਨੂੰ ਅਪਣਾ ਕੇ ਅਵਗੁਣਾਂ ਦਾ ਤਿਆਗ ਕਰੋ

**ਮੰਗਤ ਸਿੰਘ ਰਾਹੀ # 98882-91607**

**ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥** (361)

ਹੇ ਭਾਈ! ਆਪਣੇ ਅੰਦਰ ਗੁਣ ਇਕੱਠੇ ਕਰੋ ਇਸ ਨਾਲ ਮਨ ਵਿਚੋਂ ਵਿਕਾਰ-ਔਗੁਣ ਦੂਰ ਹੋ ਜਾਂਦੇ ਹਨ। ਗੁਣਾਂ ਨੂੰ ਗ੍ਰਹਿਣ ਕਰਨ ਵਾਲਾ ਮਨੁੱਖ ਗੁਣ ਗ੍ਰਹਿਣ ਕਰ ਲੈਂਦਾ ਹੈ ਤੇ ਹੋਰਨਾਂ ਨੂੰ ਵੀ ਇਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ:

**ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ॥** (755)

ਤਣਾਅ-ਰਹਿਤ ਜੀਵਨ ਜੀਊਣ ਲਈ ਵੀ ਕੁਝ ਗੁਣ ਐਸੇ ਹਨ ਜਿਨ੍ਹਾਂ ਨੂੰ ਜੀਵਨ ਵਿੱਚ ਧਾਰਨ ਕਰਨ ਨਾਲ ਤਣਾਅ-ਰਹਿਤ ਜੀਵਨ ਜੀਵਿਆ ਜਾ ਸਕਦਾ ਹੈ; ਜਿਵੇਂ ਕਿ:

**(1) ਉਚਿਤ ਵਿਵਸਥਾ :** ਤੁਹਾਡੀ ਹਰ ਚੀਜ਼ ਦਾ ਇਕ ਟਿਕਾਣਾ ਹੋਵੇ। ਹਰ ਕੰਮ ਦਾ ਨਿਸਚਤ ਸਮਾਂ ਹੋਵੇ। ਮੰਨ ਲਵੋ ਕਿ ਤੁਸੀਂ ਦਫ਼ਤਰ ਜਾਂ ਸਕੂਲ ਤੋਂ ਆਏ ਤੇ ਆਪਣੀ ਫ਼ਾਈਲ ਜਾਂ ਪੁਸਤਕਾਂ ਐਵੇਂ ਹੀ ਇਧਰ ਉਧਰ ਰੱਖ ਛੱਡੀਆਂ। ਦੂਸਰੇ ਦਿਨ ਸਵੇਰੇ ਸਕੂਲ ਜਾਂ ਦਫ਼ਤਰ ਜਾਣ ਲੱਗਿਆਂ ਉਸ ਫ਼ਾਈਲ ਜਾਂ ਕਿਤਾਬਾਂ ਨੂੰ ਲੱਭਣ ਲੱਗ ਪਏ ਕਿਉਂਕਿ ਤੁਸੀਂ ਉਨ੍ਹਾਂ ਨੂੰ ਰੱਖਣ ਦਾ ਕੋਈ ਖ਼ਾਸ ਟਿਕਾਣਾ ਤਾਂ ਬਣਾਇਆ ਹੀ ਨਹੀਂ ਸੀ। ਇਸ ਤਰ੍ਹਾਂ ਆਪਣਾ ਅਤੇ ਘਰ ਵਾਲਿਆਂ ਦਾ ਸਮਾਂ ਵਿਅਰਥ ਹੀ ਬਰਬਾਦ ਕੀਤਾ। ਕ੍ਰੋਧ ਵੀ ਕਰਨ ਲੱਗ ਪਏ, ਜਿਸ ਨਾਲ ਆਪ ਵੀ ਤੇ ਉਹ ਸਾਰੇ ਵੀ ਤਣਾਅ ਦੇ ਸ਼ਿਕਾਰ ਹੋ ਗਏ। ਜੇਕਰ ਤੁਸੀਂ ਇਕ ਨਿਸ਼ਚਿਤ ਟਿਕਾਣਾ ਬਣਾਇਆ ਹੁੰਦਾ ਤਾਂ ਤੁਸੀਂ ਬਿਨਾਂ ਕਿਸੇ ਦੇਰੀ ਅਤੇ ਤਣਾਅ ਦੇ ਉਸ ਵਸਤੂ ਨੂੰ ਲੱਭ ਲੈਂਦੇ ਤੇ ਸਮਾਂ ਵੀ ਬਰਬਾਦ ਨਾ ਹੁੰਦਾ। ਦਫ਼ਤਰ ਜਾਂ ਸਕੂਲ ਪਹੁੰਚਣ ਦਾ ਸਮਾਂ ਨਿਸਚਿਤ ਹੁੰਦਾ ਹੈ। ਪਰ ਜੇ ਅਸੀਂ ਆਪਣਾ ਸਵੇਰੇ ਉੱਠਣ ਤੇ ਤਿਆਰ ਹੋਣ ਦਾ ਸਮਾਂ ਉਸ ਦੇ ਅਨੁਸਾਰ ਨਿਸ਼ਚਿਤ ਨਾ ਕੀਤਾ ਹੋਇਆ ਹੋਵੇ ਤਾਂ ਤੁਹਾਨੂੰ ਬੜੀ ਕਠਿਨਾਈ ਤੇ ਤਣਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੁਸੀਂ ਕਿਧਰੇ ਪੇਪਰ ਦੇਣ ਜਾਣਾ ਹੈ ਤੇ ਐਡਮਿਸ਼ਨ ਸਲਿਪ ਨਿਸ਼ਚਿਤ ਟਿਕਾਣੇ 'ਤੇ ਨਾ ਰੱਖ ਕੇ ਐਵੇਂ ਹੀ ਕਿਤੇ ਰੱਖ ਬੈਠੇ ਹੋ। ਜਦੋਂ ਜਾਣ ਦਾ ਸਮਾਂ ਆਇਆ ਤਾਂ ਲੱਗੇ ਉਸ ਸਲਿਪ ਨੂੰ ਇਧਰ ਉਧਰ ਲੱਭਣ। ਇਸ ਹਫੜਾ-ਦਫੜੀ ਵਿਚ ਆਪ ਦਾ ਸਾਹ ਹੇਠਾਂ ਉੱਤੇ ਹੋਣ ਲੱਗਾ। ਤਣਾਅ ਵਿਚ ਆ ਕੇ ਲੱਗੇ ਪਰੇਸ਼ਾਨ ਹੋਣ। ਦੇਰੀ ਹੋਣ ਕਰਕੇ ਪ੍ਰੀਖਿਆ ਵਿਚ ਵੀ ਨਾ ਬੈਠ ਸਕੇ। ਇਹ ਸਭ ਇਸ ਲਈ ਕਿ ਤੁਸੀਂ ਹਰ ਚੀਜ਼ ਦਾ ਇਕ ਟਿਕਾਣਾ ਨਹੀਂ ਬਣਾਇਆ।

**(2) ਫ਼ਜ਼ੂਲ ਖਰਚੀ :** ਵਿਅਰਥ ਖਰਚ ਨਾ ਕਰੋ। ਜਾਂ ਤਾਂ ਆਪਣੇ ਲਈ ਜ਼ਰੂਰੀ ਚੀਜ਼ਾਂ 'ਤੇ ਖਰਚ ਕਰੋ ਜਾਂ ਦੂਜਿਆਂ ਦੀ ਭਲਾਈ ਲਈ ਖਰਚ ਕਰੋ। ਇਕ ਪੈਸੇ ਦੀ ਵੀ ਫ਼ਜ਼ੂਲ ਖਰਚੀ ਨਾ ਕਰੋ। ਜੇ ਕਰ ਆਪ ਇਸ ਨਿਯਮ ਦੀ ਅਣਦੇਖੀ ਕਰੋਗੇ ਤਾਂ ਆਪ ਨੂੰ ਖਰਚੇ ਪੂਰੇ ਕਰਨ ਲਈ ਦੂਸਰਿਆਂ ਪਾਸੋਂ ਉਧਾਰ ਲੈਣਾ ਹੀ ਪਵੇਗਾ ਤੇ ਉਧਾਰ ਪ੍ਰੇਮ ਦੀ ਕੈਂਚੀ ਹੈ। ਜ਼ਿਆਦਾ ਖਰਚ ਕਰਨ ਨਾਲ ਆਪ ਆਪਣੇ ਬੁਰੇ ਸਮੇਂ ਲਈ ਕੁਝ ਬਚਾ ਵੀ ਨਹੀਂ ਸਕੋਗੇ ਤੇ ਉਸ ਸਮੇਂ ਆਪ ਨੂੰ ਬਹੁਤ ਹੀ ਪਛਤਾਉਣਾ ਪਵੇਗਾ ਤੇ ਤਣਾਅ ਦਾ ਸਾਹਮਣਾ ਕਰਨਾ ਪਵੇਗਾ।

**(3) ਸਮੇਂ ਦੀ ਮਹੱਤਤਾ :** ਸਮਾਂ ਬਰਬਾਦ ਨਾ ਕਰੋ। ਹਰ ਸਮੇਂ ਕਿਸੇ ਉਪਯੋਗੀ ਕੰਮ ਵਿਚ ਲੱਗੇ ਰਹੋ। ਗ਼ੈਰ-ਜ਼ਰੂਰੀ ਕੰਮ ਬੰਦ ਕਰ ਦੇਵੋ। ਜੇਕਰ ਸਮੇਂ ਨੂੰ ਬਰਬਾਦ ਕਰੋਗੇ ਤਾਂ ਸਮਾਂ ਤੁਹਾਨੂੰ ਬਰਬਾਦ ਕਰ ਦੇਵੇਗਾ। ਸਮਾਂ ਮੁੜ ਵਾਪਸ ਨਹੀਂ ਆਉਂਦਾ। ਸਮਾਂ ਉਸ ਵਿਅਕਤੀ ਦੀ ਤਰ੍ਹਾਂ ਹੈ ਜਿਸਦੇ ਸਿਰ 'ਤੇ ਅਗਲੇ ਪਾਸੇ ਤਾਂ ਵਾਲ ਹਨ ਪਰ ਪਿੱਛੋਂ ਗੰਜਾ ਹੈ। ਜੇਕਰ ਸਮੇਂ ਨੂੰ ਆਉਂਦਿਆਂ ਹੀ ਵਾਲਾਂ ਤੋਂ ਪਕੜ ਲਓ ਤਾਂ ਠੀਕ ਹੈ ਨਹੀਂ ਤਾਂ ਜਾਂਦਿਆਂ ਸਮਾਂ ਹੱਥ ਨਹੀਂ ਆਵੇਗਾ। ਸਮਾਂ ਨਿਕਲ ਗਿਆ ਤਾਂ ਫਿਰ ਪਛਤਾਵੇ ਅਤੇ ਤਣਾਅ ਤੋਂ ਇਲਾਵਾ ਕੁਝ ਵੀ ਹੱਥ ਨਹੀਂ ਆਵੇਗਾ।

**(4) ਇਮਾਨਦਾਰੀ :** ਕਿਸੇ ਨੂੰ ਵੀ ਧੋਖਾ ਨਾ ਦੇਵੋ। ਮਨ-ਵਚਨ-ਕਰਮ ਤੋਂ ਇਮਾਨਦਾਰ ਰਹੋ। ਜੇ ਤੁਸੀਂ ਇਸ ਗੁਣ ਨੂੰ ਅਪਨਾਉਗੇ ਤਾਂ ਸਦਾ ਖੁਸ਼ ਤੇ ਅਨੰਦ ਵਿਚ ਰਹੋਗੇ। ਤੁਹਾਡੇ ਮਨ ਵਿਚ ਕੋਈ ਗ਼ਮ ਜਾਂ ਦੁੱਖ ਨਹੀਂ ਆ ਸਕੇਗਾ। ਪਰ ਜੇ ਧੋਖਾ ਜਾਂ ਫ਼ਰੇਬ ਕਰੋਗੇ ਤਾਂ ਮਨ ਵਿਚ ਸਦਾ ਚਿੰਤਾ, ਭੈ, ਕਲੇਸ਼ ਤੇ ਤਣਾਅ ਹੀ ਭਰਿਆ ਰਹੇਗਾ। ਜੀਵਨ ਦਾ ਅਨੰਦ ਖਿੰਡ-ਪੁੰਡ ਜਾਏਗਾ ਤੇ ਜੀਵਨ ਜੋ ਖੁਸ਼ੀਆਂ ਦਾ ਸਮੁੰਦਰ ਹੈ, ਦੁੱਖਾਂ ਦਾ ਦਰਿਆ ਬਣ ਜਾਵੇਗਾ।

**(5) ਇਨਸਾਫ਼-ਪਸੰਦੀ :** ਕਿਸੇ ਨੂੰ ਸਤਾਓ ਨਾ। ਕਿਸੇ ਦਾ ਬਣਦਾ ਹੱਕ ਨਾ ਮਾਰੋ। ਜੇ ਕਿਸੇ ਨੂੰ ਤੁਹਾਡੇ ਤੋਂ ਲਾਭ ਹੋ ਸਕਦਾ ਹੈ ਤਾਂ ਉਸ ਨੂੰ ਉਸ ਤੋਂ ਵਾਂਝਿਆਂ ਨਾ ਕਰੋ। ਕਿਸੇ ਨੂੰ ਸਤਾਉਣ ਅਤੇ ਦੂਸਰਿਆਂ ਦਾ ਹੱਕ ਮਾਰਨ ਨਾਲ ਉਸ ਗ਼ਰੀਬ ਦੀ ਆਹ, ਉਸਦੇ ਦਿਲ 'ਚੋਂ ਨਿਕਲੀ ਦੁੱਖ ਭਰੀ ਪੁਕਾਰ ਤੁਹਾਡੇ ਮਨ ਦੀ ਸ਼ਾਂਤੀ ਨੂੰ ਸਾੜ ਕੇ ਰਾਖ ਕਰ ਦੇਵੇਗੀ। ਤੁਹਾਡਾ ਜੀਵਨ ਇਕ ਵੀਰਾਨਾ ਬਣ ਜਾਏਗਾ ਤੇ ਤੁਸੀਂ ਤਣਾਅ ਦੇ ਬਿਖੜੇ ਜੰਗਲ ਵਿਚ ਭਟਕਦੇ ਹੀ ਰਹੋਗੇ।

**(6) ਸੰਜਮ :** ਅੱਤ ਤੋਂ ਬਚੋ! ਸਹਿਨਸ਼ੀਲ ਬਣੋ। ਅੱਤ ਹਰ ਚੀਜ਼ ਦੀ ਬੁਰੀ ਹੁੰਦੀ ਹੈ। ਸੰਜਮੀ ਬੰਦਾ ਸਦਾ ਸ਼ਾਂਤ ਤੇ ਅਨੰਦ ਵਿਚ ਰਹਿੰਦਾ ਹੈ। ਖਾਣ-ਪੀਣ ਦੀ ਅੱਤ, ਬੋਲਣ ਦੀ ਅੱਤ, ਜ਼ਿਆਦਾ ਸੌਣਾ, ਕਿਸੇ 'ਤੇ ਹੱਦੋਂ ਵੱਧ ਕ੍ਰੋਧ ਕਰਨਾ, ਇਹ ਸਾਰੇ ਸਰੀਰ ਦੇ ਸਿਸਟਮ ਨੂੰ ਖ਼ਰਾਬ ਕਰਦੇ ਹਨ। ਸਰੀਰ ਦਾ ਸਿਸਟਮ ਖਰਾਬ ਹੋਣ 'ਤੇ ਮਨੁੱਖ ਬੇਚੈਨ ਰਹਿੰਦਾ ਹੈ ਤੇ ਬੇਚੈਨ ਆਦਮੀ ਤਾਂ ਹਰ ਵੇਲੇ ਤਣਾਅ ਵਿਚ ਰਹੇਗਾ ਹੀ।

**(7) ਸਫ਼ਾਈ :** ਸਰੀਰ ਵਿਚ, ਕੱਪੜਿਆਂ ਵਿਚ, ਨਿਵਾਸ ਸਥਾਨ ਵਿਚ, ਵਿਵਹਾਰ ਵਿਚ ਰਤੀ ਭਰ ਵੀ ਗੰਦਗੀ ਨਾ ਆਉਣ ਦੇਵੋ। ਇਸ ਪ੍ਰਕਾਰ ਦੀ ਗੰਦਗੀ ਨਾਲ ਸਰੀਰ ਤੇ ਮਨ ਦੋਵੇਂ ਹੀ ਬੀਮਾਰ ਹੋਣਗੇ। ਸਰੀਰ ਬੀਮਾਰ ਹੋਵੇ ਜਾਂ ਮਨ, ਦੋਹਾਂ ਅਵਸਥਾਵਾਂ ਵਿਚ ਹੀ ਮਨੁੱਖ ਕਲੇਸ਼ ਅਤੇ ਤਣਾਅ ਵਿਚ ਰਹਿੰਦਾ ਹੈ।

**(8) ਸਥਿਰਤਾ** : ਛੋਟੀਆਂ-ਛੋਟੀਆਂ ਗੱਲਾਂ ਤੋਂ ਜਾਂ ਜ਼ਰੂਰੀ ਤੇ ਸਾਧਾਰਣ ਘਟਨਾਵਾਂ ਤੋਂ ਵਿਚਲਿਤ ਨਾ ਹੋਵੋ। ਇਸ ਨਾਲ ਮਨ ਦਾ ਸੰਤੁਲਨ ਵਿਗੜਦਾ ਹੈ ਤੇ ਮਨੁੱਖ ਅਨਚਾਹੀ ਚਿੰਤਾ ਦਾ ਸ਼ਿਕਾਰ ਹੋ ਕੇ ਵਿਅਰਥ ਦੇ ਤਣਾਅ ਨੂੰ ਸਹੇੜ ਬੈਠਦਾ ਹੈ।

**(9) ਇੰਦਰਿਆਂ ਤੇ ਕੰਟਰੋਲ** : ਇੰਦ੍ਰੀਆਂ ਨੂੰ ਗੁਰਮਤਿ ਅਨੁਸਾਰ ਵੱਸ ਵਿਚ ਰੱਖੋ।

ਗ੍ਰਹਿਸਤ ਧਰਮ ਦਾ ਦ੍ਰਿੜ੍ਹਤਾ ਨਾਲ ਪਾਲਣ ਕਰੋ। ਇਸ ਤਰ੍ਹਾਂ ਤੁਹਾਡੇ ਜੀਵਨ ਵਿਚ ਕੋਈ ਕਮਜ਼ੋਰੀ, ਅਨਚਾਹੀ ਬੀਮਾਰੀ ਤੇ ਵਿਅਰਥ ਦੇ ਤਣਾਅ ਦੀ ਛਾਂ ਵੀ ਨਹੀਂ ਆ ਸਕੇਗੀ।

**(10) ਨਿਮਰਤਾ :** ਗੁਰੂ ਸਾਹਿਬਾਨ ਅਤੇ ਹੋਰ ਮਹਾਨ ਮਹਾਂਪੁਰਸ਼ਾਂ ਦੀ ਤਰ੍ਹਾਂ ਨਿਮਰ ਬਣੋ। ਜੋ ਖ਼ੁਦੀ ਨੂੰ ਮਿਟਾ ਕੇ ਸਭ ਤੋਂ ਛੋਟਾ ਬਣਦਾ ਹ, ਉਹ ਸੁਖਪੂਰਵਕ ਜੀਵਨ ਬਿਤਾਉਂਦਾ ਹੈ :

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥** (278)

ਵਿਦਿਆ ਗਿਆਨ ਹੋਣ 'ਤੇ ਵੀ ਆਪਣੇ ਤਾਈਂ ਅਨਜਾਣ ਜਾਣਨਾ, ਉਮਰ ਭਰ ਸਿਖਿਆਰਥੀ ਬਣੇ ਰਹਿਣਾ ਗੁਰਸਿੱਖਾਂ ਦਾ ਨਿਯਮ ਹੈ :

**ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ**
**ਗੁਰਮੁਖਿ ਨਿਮਾਣਾ ਹੋਹੁ॥** (441)

ਜਿਵੇਂ ਕੀੜੀ ਰੇਤ ਵਿਚੋਂ ਖੰਡ ਚੁਣ ਸਕਦੀ ਹੈ ਪਰ ਹਾਥੀ ਨਹੀਂ, ਤਿਵੇਂ ਜਾਤ, ਵਰਣ, ਕੁਲ ਆਦਿ ਦੇ ਅਭਿਮਾਨੀ, ਸੰਸਾਰ ਵਿਚ ਕੋਈ ਗੁਣ ਲਾਭ ਪ੍ਰਾਪਤ ਨਹੀਂ ਕਰ ਸਕਦੇ :

**ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ**
**ਹਸਤੀਂ ਚੁਨਿਓ ਨ ਜਾਈ॥**

**ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ**
**ਚੀਟੀ ਹੋਇ ਚੁਨਿ ਖਾਈ॥ (972)**

ਜੇ ਕਰ ਮਨੁੱਖ ਨਿਮਰਤਾ ਨੂੰ ਤਿਆਗ ਕੇ ਹੰਕਾਰ ਦੀ ਟੀਸੀ 'ਤੇ ਚੜ੍ਹ ਕੇ ਮਾਣ ਕਰੇਗਾ ਤਾਂ ਸਿਵਾਏ ਹੇਠਾਂ ਡਿੱਗ ਕੇ ਪਛਤਾਉਣ ਤੇ ਤਣਾਅ ਤੋਂ ਬਿਨਾਂ ਕੁਝ ਵੀ ਹਾਸਲ ਨਹੀਂ ਕਰ ਸਕੇਗਾ।

**(11) ਭਾਣਾ ਮੰਨਣਾ—ਕਰਤਾਰ ਦੇ ਹੁਕਮ ਅੰਦਰ ਰਹਿਣਾ :**

ਸੰਸਾਰ ਦੇ ਸਭ ਜੀਵ ਉਸ ਕਰਤਾਰ ਦੇ ਹੁਕਮ ਅਥਵਾ ਅਟੱਲ ਨਿਯਮਾਂ ਦੇ ਅਧੀਨ ਹਨ ਅਤੇ ਉਨ੍ਹਾਂ ਨਿਯਮਾਂ, ਕਾਨੂੰਨਾਂ ਜਾਂ ਅਕਾਲ ਪੁਰਖ ਦੇ ਹੁਕਮ ਤੋਂ ਬਾਹਰ ਕਿਸੇ ਵੀ ਹਾਲਤ ਵਿਚ ਕੋਈ ਵੀ ਨਹੀਂ ਹੈ। ਜੇ ਕੋਈ ਵੀ ਜੀਵ ਪਰਮੇਸ਼ਰ ਦੇ ਸਰਬ-ਵਿਆਪੀ ਅਟੱਲ ਹੁਕਮ ਜਾਂ ਨਿਯਮ ਨੂੰ ਸਮਝ ਬੁੱਝ ਲਵੇ ਤਾਂ ਉਹ ਹਉਮੈ ਨਾਲ ਭਰੇ ਹੋਏ ਬਚਨ ਕਦੀ ਵੀ ਨਹੀਂ ਉਚਾਰੇਗਾ :

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (1)**

ਸੰਸਾਰ ਵਿਚ ਵਿਚਰਦਿਆਂ ਮਨੁੱਖ ਨੂੰ ਮਿਹਨਤ ਜਾਂ ਯੋਗ ਕਿਰਤ ਕਰਕੇ ਆਪਣੀ ਰੋਜ਼ੀ ਕਮਾਉਣੀ ਚਾਹੀਦੀ ਹੈ। ਗੁਰਮਤਿ ਦੇ ਰੱਬੀ ਹੁਕਮ ਅਨੁਸਾਰ ਸਤਿਗੁਰਾਂ ਨੇ ਵਿਹਲੜ ਜਿਹੇ ਧਾਰਮਿਕ ਆਗੂਆਂ ਨੂੰ ਮੰਨਣ ਜਾਂ ਉਨ੍ਹਾਂ ਦਾ ਬੇਲੋੜਵਾਂ ਸਤਿਕਾਰ ਕਰਨ ਤੋਂ ਸਖ਼ਤੀ ਨਾਲ ਵਰਜਿਆ ਹੈ। ਜੇਕਰ ਐਸਾ ਨਹੀਂ ਕਰਾਂਗੇ ਤਾਂ ਢੌਂਗੀ ਤੇ ਪਾਖੰਡੀ ਬਾਬਿਆਂ ਦੇ ਢਹੇ ਚੜ੍ਹ ਕੇ ਪਛਤਾਵਾ ਤੇ ਤਣਾਅ ਤੋਂ ਬਿਨਾਂ ਹੋਰ ਕੁਝ ਵੀ ਪ੍ਰਾਪਤ ਨਹੀਂ ਕਰ ਸਕਾਂਗੇ ਜਿਵੇਂ ਕਿ ਰੋਜ਼ ਅਖ਼ਬਾਰਾਂ ਤੇ ਟੀ.ਵੀ. ਉੱਪਰ ਐਸੇ ਲੋਕਾਂ ਦੀਆਂ ਕਰਤੂਤਾਂ ਜ਼ਾਹਿਰ ਹੁੰਦੀਆਂ ਹਨ।

ਆਪਣੇ ਮਨ ਦੀ ਚਤੁਰਾਈ ਛੱਡ ਕੇ ਪਰਮਾਤਮਾ ਦੀ ਰਜ਼ਾ ਤੇ ਹੁਕਮ ਨੂੰ ਸਮਝ ਕੇ ਹੀ ਸੁਖ ਪਾ ਸਕੀਦਾ ਹੈ। ਸੁਖ ਤੇ ਦੁੱਖ ਵਿਚ ਉਸ ਪਰਮਾਤਮਾ ਨੂੰ ਹੀ ਯਾਦ ਕਰਨਾ ਚਾਹੀਦਾ ਹੈ। ਜੋ ਕੁਝ ਪਰਮਾਤਮਾ ਕਰਦਾ ਹੈ, ਉਸਨੂੰ ਭਲਾ ਕਰਕੇ ਮੰਨਣਾ ਹੀ ਸ਼ੋਭਨੀਕ ਹੈ :

**ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ॥**
**ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ॥ (209)**

ਅਕਾਲ ਪੁਰਖ ਨੂੰ ਜੋ ਚੰਗਾ ਲਗਦਾ ਹੈ ਉਹ ਜ਼ਰੂਰ ਕਰਦਾ ਹੈ-ਇਹ ਜਾਣਦੇ ਹੋਏ ਵੀ ਕੋਈ ਵਿਰਲਾ ਹੀ ਉਸਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਦਾ ਹੈ।ਜੋ ਮਨੁੱਖ ਉਸਦੀ ਰਜ਼ਾ ਨੂੰ ਸਿਰ ਮੱਥੇ ਮੰਨਦਾ ਹੈ ਉਹ ਆਤਮਕ ਅਤੇ ਸਰੀਰਕ ਸੁਖ ਹਾਸਲ ਕਰਦਾ ਹੈ; ਉਸਦੀ ਰਜ਼ਾ ਵਿਚ ਰਹਿ ਕੇ ਅਨੰਦ ਮਾਣਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਚੰਗੀ ਲਗਦੀ ਹੈ।ਉਹ ਆਤਮਕ ਅਡੋਲਤਾ ਵਿਚ ਰਹਿ ਕੇ ਸੁਖ ਪਾਉਂਦਾ ਹੈ।ਜੋ ਮਨੁੱਖ ਅਕਾਲ ਪੁਰਖ ਦੇ ਭਾਣੇ ਨੂੰ ਮੰਨਦਾ ਹੈ, ਉਹ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ।ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਤੇ ਮਾਇਆ ਦੇ ਮੋਹ ਵਿਚ ਅੰਨ੍ਹਾ ਹੋ ਚੁੱਕਾ ਮਨੁੱਖ ਸਿਆਣਪ ਕਰਦਾ ਹੈ, ਪਰ ਜਦ ਤੱਕ ਉਹ ਅਕਾਲ ਪੁਰਖ ਦੇ ਕੀਤੇ ਨੂੰ ਮਿੱਠਾ ਕਰਕੇ ਨਹੀਂ ਮੰਨਦਾ ਤਦ ਤੱਕ ਉਹ ਬਹੁਤ ਦੁੱਖ ਪਾਉਂਦਾ ਹੈ :

**ਜੋ ਤੁਧੁ ਕਰਣਾ ਸੋ ਕਰਿ ਪਾਇਆ॥**
**ਭਾਣੇ ਵਿਚਿ ਕੋ ਵਿਰਲਾ ਆਇਆ॥**
**ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥**
**ਮਨਮੁਖੁ ਅੰਧੁ ਕਰੇ ਚਤੁਰਾਈ॥**
**ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥ (1063)**

ਉਸ ਪਰਮੇਸ਼ਰ ਦੇ ਭਾਣੇ-ਹੁਕਮ ਨੂੰ ਸਮਝ ਕੇ, ਉਸਨੂੰ ਮੰਨ ਕੇ ਆਪਣੇ ਜੀਵਨ ਵਿਚ ਸ਼ੁੱਭ ਕਰਮਾਂ ਨੂੰ ਅਪਣਾ ਕੇ ਸਦਾ ਪ੍ਰਸੰਨਤਾ ਵਿਚ ਰਹੀਏ ਤੇ ਤਣਾਅ-ਮੁਕਤ ਜੀਵਨ ਦਾ ਅਨੰਦ ਮਾਣੀਏ।

ਗੁਣ ਗ੍ਰਹਿਣ ਕਰਨ ਦੀ ਆਦਤ ਪਾਈਏ ਤੇ ਅਵਗੁਣਾਂ ਨੂੰ ਤਿਆਗ ਦੇਈਏ।

ਸੋ ਤਣਾਅ-ਰਹਿਤ ਜੀਵਨ ਜੀਊਣ ਦਾ ਨੌਵਾਂ ਸੂਤਰ ਹੋਇਆ :

**ਗੁਣਾਂ ਨੂੰ ਅਪਣਾ ਕੇ ਅਵਗੁਣਾਂ ਦਾ ਤਿਆਗ ਕਰਨਾ। -0-**

# ਮਨੋਬਲ

**-ਹਰਪ੍ਰੀਤ ਸਿੰਘ ਜਵੰਦਾ**

ਅਮਰੀਕਾ ਗਏ ਇੱਕ ਬੇਹੱਦ ਹੁਸ਼ਿਆਰ ਭਾਰਤੀ ਇੰਜੀਨੀਅਰ ਨੇ ਜਦੋਂ ਇੱਕ ਦਿਨ ਸਣੇ ਪਰਿਵਾਰ ਖ਼ੁਦਕੁਸ਼ੀ ਕਰ ਲਈ ਤਾਂ ਹਰ ਕੋਈ ਸੋਚਣ ਤੇ ਮਜਬੂਰ ਹੋ ਗਿਆ ਕਿ ਅਸਲ ਵਿਚ ਕਹਾਣੀ ਬਣੀ ਕੀ? ਉਸਦੇ ਲਿਖੇ ਸੁਸਾਈਡ ਨੋਟ ਤੇ ਖੋਜ ਕੀਤੀ ਤਾਂ ਪਾਇਆ ਕਿ ਹਮੇਸ਼ਾਂ ਹੀ ਅਵਲ ਰਹਿਣ ਵਾਲੇ ਇਸ ਇਨਸਾਨ ਨੂੰ ਕਿਸੇ ਨੇ ਵੀ ਹਾਰ ਬਰਦਾਸ਼ਤ ਕਰਨੀ ਨਹੀਂ ਸੀ ਸਿਖਾਈ.. ਬਸ ਏਹੀ ਸਿਖਾਇਆ ਕਿ ਜ਼ਿੰਦਗੀ ਵਿਚ ਹਮੇਸ਼ਾਂ ਹਰ ਕੀਮਤ ਤੇ ਅੱਵਲ ਹੀ ਆਉਣਾ ਏ..!

2008 ਦੀ ਆਰਥਿਕ ਮੰਦੀ ਵਿਚ ਨੌਕਰੀ ਚਲੀ ਗਈ..ਘਰ ਦੀਆਂ ਕਿਸ਼ਤਾਂ ਟੁੱਟ ਗਈਆਂ ਤੇ ਜਦੋਂ ਰੋਟੀ ਦੇ ਵੀ ਲਾਲੇ ਤੱਕ ਪੈ ਗਏ ਤਾਂ ਇਸਨੇ ਬਕਾਇਦਾ ਸਲਾਹ ਕਰਕੇ ਮਰਨ ਦਾ ਰਾਹ ਚੁਣਿਆ!

ਮੁੰਬਈ ਵਿਚ ਇੱਕ ਵੀਹ ਸਾਲ ਦੀ ਖੂਬਸੂਰਤ ਮਾਡਲ ਨੇ ਫਲੈਟ ਦੀ ਦਸਵੀਂ ਮੰਜਿਲ ਤੋਂ ਕੁੱਦ ਕੇ ਖ਼ੁਦਕੁਸ਼ੀ ਕਰ ਲਈ..ਕਾਰਨ ਇੱਕ ਕਮਰਸ਼ੀਅਲ ਵਿਚ ਉਸਦੀ ਜਗਾ ਇੱਕ ਹੋਰ ਖੂਬਸੂਰਤ ਕੁੜੀ ਨੂੰ ਲੈ ਲਿਆ ਗਿਆ ਸੀ..

ਪੰਜੀ ਕੁ ਸਾਲ ਪਹਿਲਾਂ ਬਟਾਲੇ ਇੱਕ ਜਾਣਕਾਰ ਦੀ ਨੌਜੁਆਨ ਕੁੜੀ ਨੇ ਗੱਡੀ ਹੇਠ ਸਿਰ ਦੇ ਦਿਤਾ...ਕਾਰਨ ਸੀ ਕਿ ਉਸਦੇ ਮਾਪੇ ਚੌਵੀ ਘੰਟੇ ਬੱਸ ਇੱਕੋ ਗੱਲ ਉਸਦੇ ਕੰਨ ਵਿਚ ਪਾਉਂਦੇ ਰਹਿੰਦੇ ਸਨ ਕੇ ਧੀਏ ਤੂੰ ਬੱਸ ਡਾਕਟਰ ਬਣਨਾ ਏ..ਫੇਰ ਅਗਲੀ ਦਾ ਜਦੋਂ ਪੀ.ਐਮ.ਟੀ (Pre Medical Test) ਵਿਚ ਨਾਮ ਨਹੀਂ ਆਇਆ ਤਾਂ ਚੁੱਪ ਚੁਪੀਤੇ ਇਹ ਕਦਮ ਚੁੱਕ ਲਿਆ..!

ਦੋਸਤੋ ਜ਼ਿੰਦਗੀ ਦੇ ਪੈਂਡੇ ਬੜੇ ਸਖਤ ਅਤੇ ਬੇਰਹਿਮ ਹੁੰਦੇ ਨੇ..ਸਕੂਲਾਂ ਵਿਚ ਕਿੰਨੇ ਨੰਬਰ ਲਏ.. ਕਿੰਨੀਆਂ ਮੈਰਿਟ ਲਿਸਟਾਂ ਵਿਚ ਤੁਹਾਡਾ ਨਾਮ ਆਇਆ.. ਕਿਹੜੇ ਮਜ਼ਮੂਨਾਂ ਵਿਚ ਤੁਹਾਡੀ ਫਸਟ ਡਿਵੀਜਨ ਆਈ..ਅਸਲ ਜਿੰਦਗੀ ਵਿਚ ਇਸ ਸਭ ਦਾ ਕੋਈ ਜਿਆਦਾ ਮਹੱਤਵ ਨਹੀਂ ਹੁੰਦਾ..।

ਜ਼ਿੰਦਗੀ ਜਦੋਂ ਇਮਤਿਹਾਨ ਲੈਂਦੀ ਹੈ ਤਾਂ ਸਾਰੇ ਸੁਆਲ ਇਸਨੇ ਆਪ ਹੀ ਸੈੱਟ ਕੀਤੇ ਹੁੰਦੇ ਨੇ...ਸੁਆਲ ਵੀ ਆਉਟ-ਆਫ-ਸਿਲੇਬਸ ਹੀ ਹੁੰਦੇ ਨੇ..ਕੋਈ ਡੇਟ ਸ਼ੀਟ ਵੀ ਨਹੀਂ ਹੁੰਦੀ ਅਤੇ ਗ੍ਰੇਸ ਮਾਰਕਸ ਦੇਣ ਦਾ ਰਿਵਾਜ ਵੀ ਨਹੀਂ ਹੁੰਦਾ!

ਦੁਨੀਆ ਰੂਪੀ ਖਤਰਨਾਕ ਜੰਗਲ ਵਿਚ ਤਰ੍ਹਾਂ-ਤਰ੍ਹਾਂ ਦੇ ਖੂੰਖਾਰ ਜਾਨਵਰਾਂ ਨਾਲ ਵਾਹ ਪੈਂਦਾ ਹੀ ਰਹਿੰਦਾ ਏ...ਇਥੇ ਇੱਕ ਜਿੱਤਦਾ ਹੈ ਅਤੇ ਅਨੇਕਾਂ ਹਾਰਦੇ ਵੀ ਨੇ..ਲਾਟਰੀ ਲੱਖਾਂ ਪਾਉਂਦੇ ਪਰ ਨਿਕਲਦੀ ਸਿਰਫ ਇੱਕ ਦੀ ਹੀ ਹੈ...

ਦੋਸਤੋ ਜੇ ਸਿਖਾ ਸਕਦੇ ਹੋ ਤਾਂ ਜੁਆਕਾਂ ਨੂੰ ਕਾਮਯਾਬ ਹੋਣ ਦੇ ਨਾਲ ਨਾਲ ਹਾਰ ਬਰਦਾਸ਼ਤ ਕਰਨੀ ਵੀ ਸਿਖਾਓ... ਢੇਰੀ ਢਾਹ ਦੇਣ ਨਾਲੋਂ ਹਾਰ ਤੋਂ ਸਬਕ ਸਿੱਖਣਾ ਸਿਖਾਓ...।

ਘੱਟ ਨੰਬਰਾਂ ਵਾਲਾ ਰਿਪੋਰਟ ਕਾਰਡ ਲੈ ਕੇ ਜਦੋਂ ਤੁਹਾਡਾ ਧੀ ਪੁੱਤ ਤੁਹਾਡੇ ਕੋਲ ਆਉਂਦਾ ਹੈ ਤਾਂ ਉਹ ਬਾਹਰੀ ਦੁਨੀਆਂ ਦੇ ਤਾਹਨੇ ਮੇਹਣਿਆਂ ਤੋਂ ਬੁਰੀ ਤਰ੍ਹਾਂ ਅੱਕਿਆ ਤੇ ਟੁੱਟਿਆ ਹੋਇਆ ਹੁੰਦਾ ਏ...

ਉਸਦੀਆਂ ਅੱਖਾਂ ਵਿਚ ਤੁਹਾਡੀ ਸੁਪੋਰਟ ਅਤੇ ਹੱਲਾਸ਼ੇਰੀ ਲਈ ਇੱਕ ਤਰਲਾ ਜਿਹਾ ਹੁੰਦਾ ਏ...ਉਹ ਆਸ ਕਰਦਾ ਏ ਕਿ ਉਸਦਾ ਬਾਪ ਉਸਨੂੰ ਆਪਣੀ ਬੁੱਕਲ ਵਿਚ ਲੈ ਕੇ ਆਖੇ ਕਿ "ਪੁੱਤਰਾ ਫੇਰ ਕੀ ਹੋਇਆ ਨੰਬਰ ਘੱਟ ਆਏ ਨੇ ਤਾਂ..ਅਗਲਾ ਦਿਨ ਵੀ ਤਾਂ ਚੜ੍ਹਨਾ ਏ..ਫੇਰ ਜ਼ੋਰ ਲਾ ਲਵੀਂ..ਮੈਂ ਤੇਰੇ ਨਾਲ ਹਾਂ।"

ਉਹ ਓਦੋਂ ਅੰਦਰੋਂ ਬੁਰੀ ਤਰ੍ਹਾਂ ਟੁੱਟ ਭੱਜ ਜਾਂਦਾ ਹੈ ਜਦੋਂ ਉਸਦਾ ਮੁਕਾਬਲਾ ਸ਼ਰੇਆਮ ਕਿਸੇ ਹੋਰ ਹੁਸ਼ਿਆਰ ਬੱਚੇ ਨਾਲ ਕੀਤਾ ਜਾਂਦਾ ਏ ਤੇ ਉਸਦੇ ਸਵੈ-ਮਾਣ ਦੀਆਂ ਧੱਜੀਆਂ ਉਡਾ ਦਿੱਤੀਆਂ ਜਾਂਦੀਆਂ...!

ਸੋ ਦੋਸਤੋ ਮੁੱਕਦੀ ਗੱਲ..ਜਿੰਦਗੀ ਇੱਕ ਐਸਾ ਇਮਤਿਹਾਨ ਹੈ ਜਿਸ ਵਿਚੋਂ ਬਹੁਤੇ ਸਾਰੇ ਸ਼ਾਇਦ ਇਸ ਕਰਕੇ ਫੇਲ੍ਹ ਹੋ ਜਾਂਦੇ ਨੇ ਕਿਉਂਕਿ ਦੂਸਰਿਆਂ ਦੀ ਉੱਤਰ ਬੁੱਕ ਚੋਂ ਨਕਲ ਮਾਰਦਿਆਂ ਉਹ ਇਹ ਗੱਲ ਪੂਰੀ ਤਰਾਂ ਭੁੱਲ ਜਾਂਦੇ ਨੇ ਕਿ ਪਰਚਾ ਪਾਉਣ ਵਾਲੇ ਨੇ ਹਰੇਕ ਨੂੰ ਸੁਆਲ ਵੀ ਅੱਡੋ ਅੱਡ ਪਾਏ ਹੁੰਦੇ ਨੇ..!

-0-

# ਸਥਾਨਕ ਜਲ ਭੰਡਾਰ ਤੇ ਮੀਂਹ ਦੇ ਪਾਣੀ ਦੀ ਨਾਕਾਫ਼ੀ ਸੰਭਾਲ਼

**ਨਹਿਰੀ ਸਿਸਟਮ ਦਾ ਵਹਾਉ ਘੱਟ ਕਰਨ ਦੀ ਬਹਾਏ ਪਾਣੀ ਦੇ ਰਿਸਾਉ ਤੇ ਵਾਧੂ ਪਾਣੀ ਦੇ ਭੰਡਾਰਨ ਲਈ ਸੁਚੱਜੇ ਡਰੇਨ, ਸੇਮ ਨਾਲ਼ੇ ਤੇ ਢਾਬਾਂ ਤਿਆਰ ਕਰਨ ਨਾਲ਼ ਦੂਹਰਾ ਫ਼ਾਇਦਾ ਹੋਵੇਗਾ। ਇਕ ਤਾਂ ਪਾਣੀ ਦੀ ਸਪਲਾਈ ਵਧੇਗੀ ਤੇ ਦੂਜਾ ਜ਼ਮੀਨੀ ਪਾਣੀ ਦਾ ਪੱਧਰ ਉੱਚਾ ਉੱਠੇਗਾ।**

ਪੰਜਾਬ ਵਿਚ ਸਤਲੁਜ, ਬਿਆਸ ਤੇ ਰਾਵੀ ਤੋਂ ਇਲਾਵਾ ਮੌਸਮੀ ਦਰਿਆ ਘੱਗਰ ਵੀ ਵਹਿੰਦਾ ਹੈ। ਦਰਿਆਵਾਂ ਦੇ ਪਾਣੀ ਨੂੰ ਸਰਹੰਦ ਨਹਿਰ, ਸਰਹੰਦ ਫ਼ੀਡਰ, ਈਸਟਰਨ ਕੈਨਾਲ, ਅਪਰ ਬਾਰੀ ਦੁਆਬ ਨਹਿਰ ਭਾਖੜਾ ਤੇ ਬਿਸਤ ਦੁਆਬ ਵਰਗੀਆਂ ਨਹਿਰਾਂ ਦੇ ਤਾਣੇ-ਪੇਟੇ ਰਾਹੀਂ ਸਿੰਚਾਈ ਲਈ ਵਰਤਿਆ ਜਾਂਦਾ ਹੈ। ਤਾਂ ਫਿਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਦਾ ਕਿਉਂ ਜਾ ਰਿਹਾ ਹੈ? ਇਹਦੇ ਦੋ ਕਾਰਨ ਹਨ:

1. (1947) ਤੋਂ ਪਹਿਲਾਂ ਬਸ ਇੱਕੋ ਨਹਿਰ ਸੀ – ਬੀਕਾਨੇਰ ਫ਼ੀਡਰ। ਇਹ ਪੰਜਾਬ ਦੇ ਕੁਝ ਪਾਣੀ ਨੂੰ ਰਾਜਸਥਾਨ ਪਹੁੰਚਾਉਂਦੀ ਸੀ, ਜਿਹਦਾ ਮੁਆਵਜ਼ਾ ਵੀ ਮਿਲ਼ਦਾ ਸੀ। (1947) ਤੋਂ ਲੈ ਕੇ ਹੁਣ ਤਕ ਪੰਜਾਬ ਦਾ ਕੋਈ 75% ਪਾਣੀ ਨਹਿਰਾਂ ਰਾਹੀਂ ਰਾਜਸਥਾਨ ਹਰਿਆਣੇ ਤੇ ਦਿੱਲੀ ਨੂੰ ਜਾ ਰਿਹਾ ਹੈ, ਜਿਹਦਾ ਪੰਜਾਬ ਨੂੰ ਧੇਲਾ ਵੀ ਨਹੀਂ ਮਿਲ਼ਦਾ।

ਅਸੀਂ ਜਾਣਦੇ ਕਿ ਪੰਜਾਬ ਕੋਲ ਇੱਕੋ ਹੀ ਕੁਦਰਤੀ ਵਸੀਲਾ ਹੈ– ਉਹ ਹੈ ਪਾਣੀ। ਦੂਜੇ ਰਾਜਾਂ ਦੇ ਕੁਦਰਤੀ ਵਸੀਲਿਆਂ ਲਈ ਪੰਜਾਬ ਨੂੰ ਮੁੱਲ ਤਾਰਨਾ ਪੈਂਦਾ ਹੈ, ਜਦੋਂ ਕਿ ਪੰਜਾਬ ਨੂੰ ਆਪਣੇ ਪਾਣੀ ਦਾ ਕੁਝ ਵੀ ਨਹੀਂ ਮਿਲ਼ਦਾ। ਇਸ ਨਾਲ਼ ਪੰਜਾਬ ਰੇਗਿਸਤਾਨ ਬਣਨ ਦੇ ਰਾਹ ਹੀ ਨਹੀਂ ਪੈ ਰਿਹਾ, ਸਗੋਂ ਇਹ ਗ਼ਰੀਬੀ ਦੀ ਦਲਦਲ ਵਿੱਚ ਵੀ ਧੱਸ ਰਿਹਾ ਹੈ।

2. ਪਿਛਲੇ ਕਈ ਸਾਲਾਂ ਤੋਂ ਨਹਿਰਾਂ ਰਾਹੀਂ ਸਿੰਚਾਈ ਦਾ ਢਾਂਚਾ ਢੇਰੀ ਹੋ ਰਿਹਾ ਹੈ। ਇਹਦੇ ਬਹੁਤ ਸਾਰੇ ਕਾਰਣ ਹਨ। ਪਹਿਲਾ ਤਾਂ ਇਹ ਕਿ ਕਣਕ-ਧਾਨ ਦੀ ਖੇਤੀ ਕਾਰਣ ਪਾਣੀ ਦੀ ਮੰਗ ਵਧ ਗਈ, ਪਰ ਨਹਿਰੀ ਪਾਣੀ ਦੀ ਸਪਲਾਈ ਘਟ ਗਈ। ਇਸੇ ਕਰਕੇ ਦਰਿਆਈ ਪਾਣੀ ਦੇ ਹੱਕਦਾਰ ਪਿੰਡਾਂ ਦੇ ਕਿਸਾਨਾਂ ਨੇ ਵੀ ਧਰਤੀ ਹੇਠਲਾ ਪਾਣੀ ਵਰਤਣਾ ਸ਼ੁਰੂ ਕਰ ਦਿੱਤਾ। ਦੂਜਾ, ਕਦੇ-ਕਦਾਈਂ ਪਿੱਛੋਂ ਨਹਿਰਾਂ ਦੇ ਅੰਦਰ ਪਾਣੀ ਦਾ ਵਹਾਉ ਇਕਦਮ ਵਧਣ ਨਾਲ਼ ਪੈਦਾ ਹੋਣ ਵਾਲ਼ੀ ਹੜ੍ਹਾਂ ਵਰਗੀ ਸਥਿਤੀ ਨਾਲ਼ ਨਿਪਟਣ ਲਈ ਕਿਸਾਨ ਸਮਰੱਥ ਨਹੀਂ ਸੀ; ਸੋ ਮਹਿਕਮੇ ਨੇ ਮੋਘੇ ਛੋਟੇ ਕਰ



ਪਾਣੀ ਦਾ ਵਹਾਉ ਹੋਰ ਘੱਟ ਕਰ ਦਿੱਤਾ। ਝੋਨੇ ਦੀ ਖੇਤੀ ਲਈ ਜ਼ਮੀਨ ਤਿਆਰ ਕਰਦਿਆਂ ਜਾਂ ਜ਼ਮੀਨ ਦਾ ਰਕਬਾ ਵੱਡਾ ਕਰਨ ਦੇ ਚੱਕਰ ਵਿਚ ਖਾਲ਼ਾਂ ਢਹਿ ਗਈਆਂ। ਨਹਿਰੀ ਪਾਣੀਆਂ ਦੀ ਵਰਤੋਂ ਸੰਬੰਧੀ ਵਿਵੇਕਹੀਣ ਨੀਤੀਆਂ ਦੇ ਨਾਲ਼-ਨਾਲ਼ ਮੁਫ਼ਤ ਬਿਜਲੀ ਦੀ ਲੋਕ-ਲੁਭਾਊ ਸਹੂਲਤ ਕਰਕੇ ਕਿਸਾਨਾਂ ਨੂੰ ਜਿਵੇਂ ਧਰਤੀ ਉੱਪਰਲੇ ਪਾਣੀ ਦੇ ਸੋਮਿਆਂ ਨੂੰ ਵਰਤਣ ਦੀ ਬਜਾਏ ਆਪਣੇ ਭੂਮੀਗਤ ਜਲ-ਸਰੋਤ ਨੂੰ ਖ਼ਤਮ ਕਰਨ ਲਾ ਦਿੱਤਾ ਗਿਆ।

ਮਿਸਾਲ ਵਜੋਂ 750 ਕਿਲੋਮੀਟਰ ਲੰਬੀ ਬਿਸਤ ਨਹਿਰ ਦਾ ਮਿਥਿਆ ਤੀਜਾ ਹਿੱਸਾ ਵੀ ਸਿੰਚਾਈ ਲਈ ਨਹੀਂ ਵਰਤਿਆ ਜਾ ਰਿਹਾ, ਜਦੋਂ ਕਿ ਇਸ ਰਕਬੇ ਵਿਚ ਆਉਂਦੇ ਕਿਸਾਨ ਧਰਤੀ ਹੇਠਲੇ ਪਾਣੀ ਨੂੰ ਅੰਨ੍ਹੇਵਾਹ ਕੱਢ ਕੇ ਵਰਤੀ ਜਾ ਰਹੇ ਹਨ।

ਪੰਜਾਬ ਦੇ ਦੱਖਣ ਪੱਛਮੀ ਨਹਿਰੀ ਭਾਗਾਂ ਵਿਚ ਸੇਮ ਆਣ ਕਰ ਕੇ ਭੂਮੀਗਤ ਪਾਣੀ ਦੇ ਸਲੂਣੇ ਹੋਣਾ ਵੀ ਸਮੱਸਿਆ ਹੈ। ਇਨ੍ਹਾਂ ਹਿੱਸਿਆਂ ਵਿਚ ਸਰਹੰਦ ਨਹਿਰ ਨਾਲ਼ ਲੱਗਦੇ ਤੇ ਸਿੰਜੇ ਜਾਂਦੇ ਜ਼ਿਲੇ ਮੁਕਤਸਰ, ਫ਼ਾਜ਼ਿਲਕਾ, ਬਠਿੰਡਾ ਤੇ ਫ਼ਰੀਦਕੋਟ ਸ਼ਾਮਿਲ ਹਨ। ਸੇਮ ਉਦੋਂ ਆਉਂਦੀ ਹੈ, ਜਦੋਂ ਪਾਣੀ ਦਾ ਪੱਧਰ ਵਧ ਕੇ ਪੌਦਿਆਂ ਦੇ ਜੜ੍ਹ ਖੇਤਰ ਨੂੰ ਸਿੰਜਣ ਲੱਗਦਾ ਹੈ ਜਿਸ ਨਾਲ਼ ਫਿਰ ਹਵਾ ਦੀ ਗਰਦਿਸ਼ ਵਿਚ ਰੁਕਾਵਟ ਆਉਂਦੀ ਹੈ। ਰਸਾਇਣਾਂ ਨਾਲ਼ ਪਲੀਤ ਹੋਏ ਪਾਣੀ ਦੇ ਘਟੀਆ ਮਿਆਰ ਨਾਲ਼ ਨੁਕਸਾਨ ਹੋਰ ਵੀ ਵਧ ਜਾਂਦਾ ਹੈ। ਇਨ੍ਹਾਂ ਇਲਾਕਿਆਂ ਵਿਚ ਕਿੰਨੇ ਹੀ ਪਿੰਡ ਕੋਈ ਵੀ ਫ਼ਸਲ ਉਗਾਉਣ ਦੇ ਕਾਬਲ ਨਹੀਂ ਰਹੇ ਤੇ ਨਾ ਹੀ ਉਨ੍ਹਾਂ ਕੋਲ਼ ਪੀਣ ਵਾਲ਼ੇ ਪਾਣੀ ਦਾ ਕੋਈ ਸੋਮਾ ਹੀ ਹੈ।

**ਹੱਲ**

ਇਹ ਬੜਾ ਗੁੰਝਲਦਾਰ ਪਰ ਪੰਜਾਬ ਦੇ ਵਾਤਾਵਰਣ ਲਈ ਸਭ ਤੋਂ ਜ਼ਰੂਰੀ ਵਿਸ਼ਾ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੀ ਤੁਹਾਡੇ ਖੇਤ ਨਹਿਰੀ ਸਿੰਚਾਈ ਦੇ ਰਕਬੇ ਵਿਚ ਆਉਂਦੇ ਹਨ ਜਾਂ ਨਹੀਂ? ਜੇ ਹਾਂ, ਤਾਂ ਇਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ? ਜੇ ਕਰ ਸਿਸਟਮ ਟੁੱਟ ਚੁੱਕਾ ਹੈ, ਤਾਂ ਇਸ ਮੁੱਦੇ ਨੂੰ ਪੰਚਾਇਤ ਦੇ ਦਖ਼ਲ ਨਾਲ਼ ਸਰਕਾਰ ਕੋਲ਼ ਉਠਾਇਆ ਜਾਣਾ ਚਾਹੀਦਾ ਹੈ। ਇਹੋ ਇਸ ਦਾ ਇੱਕੋ-ਇਕ ਹੱਲ ਹੈ। ਨਾਬਾਰਡ ਵਰਗੀਆਂ ਸਰਕਾਰੀ ਸੰਸਥਾਵਾਂ ਦੀਆਂ ਸਕੀਮਾਂ ਰਾਹੀਂ ਪੰਜਾਬ ਦਾ ਸਿੰਚਾਈ ਤੇ ਮਿੱਟੀ ਪਾਣੀ ਸੰਭਾਲ਼ ਮਹਿਕਮਾ ਨਹਿਰੀ ਪਾਣੀ ਦੀ ਵੰਡ ਦੇ ਢਾਂਚੇ ਦੀ ਮੁੜ ਉਸਾਰੀ ਲਈ 90% ਸਬਸਿਡੀ ਦਿੰਦਾ ਹੈ। ਨਹਿਰੀ ਸਿਸਟਮ ਨੂੰ ਬਹਾਲ ਕੀਤਾ ਜਾਵੇ, ਤਾਂ ਕਿ ਖੇਤਾਂ ਦੀ ਸੁਚੱਜੇ ਢੰਗ ਨਾਲ਼ ਸਿੰਚਾਈ ਹੋ ਸਕੇ।

ਨਹਿਰੀ ਸਿਸਟਮ ਦਾ ਵਹਾਉ ਘੱਟ ਕਰਨ ਦੀ ਬਹਾਏ ਪਾਣੀ ਦੇ ਰਿਸਾਉ ਤੇ ਵਾਧੂ ਪਾਣੀ ਦੇ ਭੰਡਾਰਨ ਲਈ ਸੁਚੱਜੇ ਡਰੇਨ, ਸੇਮ ਨਾਲ਼ੇ ਤੇ ਢਾਬਾਂ ਤਿਆਰ ਕਰਨ ਨਾਲ਼ ਦੂਹਰਾ ਫ਼ਾਇਦਾ ਹੋਵੇਗਾ। ਇਕ ਤਾਂ ਪਾਣੀ ਦੀ ਸਪਲਾਈ ਵਧੇਗੀ ਤੇ ਦੂਜਾ ਜ਼ਮੀਨੀ ਪਾਣੀ ਦਾ ਪੱਧਰ ਉੱਚਾ ਉੱਠੇਗਾ।

ਨਹਿਰੀ ਪਾਣੀ ਦੀ ਗ਼ੈਰਕਾਨੂੰਨੀ ਵੰਡ ਤੇ ਪੰਜਾਬ ਦੇ ਹੱਕਾਂ ਦੇ ਕੇਂਦਰ ਨਾਲ਼ ਚਲਦੇ ਕਾਨੂੰਨੀ ਕੇਸਾਂ ਬਾਰੇ ਤੁਸੀਂ ਆਪ ਵੀ ਜਾਣੂ ਹੋਵੋ।

ਪੰਜਾਬ ਦੀ ਤਕਦੀਰ ਬਦਲਣ ਲਈ ਤੁਸੀਂ ਇੰਜੀਨੀਅਰਿੰਗ, ਜਲ ਵਿਗਿਆਨ, ਸਿੰਚਾਈ ਤਕਨਾਲੋਜੀ ਤੇ ਕਾਨੂੰਨ ਵਗ਼ੈਰਾ ਖੇਤਰਾਂ ਵਿਚ ਉੱਚ-ਸਿੱਖਿਆ ਹਾਸਿਲ ਕਰ ਸਕਦੇ ਹੋ।

**ਨਵਾਂ ਨਰੋਆ ਪੰਜਾਬ ਪੁਸਤਕ ਵਿਚੋਂ**

# ਸੱਚੀ ਸਲਾਹ ਮੰਨ ਲੈਣੀ ਚਾਹੀਦੀ ਆ

**-ਬਲਰਾਜ ਸਿੰਘ ਸਿੱਧੂ ਕਮਾਂਡੈਂਟ ਪੰਡੋਰੀ ਸਿਧਵਾਂ # 9501100062**

ਭਾਰਤ ਵਿੱਚ ਸਰਕਾਰੀ ਨੌਕਰੀ ਬਹੁਤ ਮੁਸ਼ਕਲ ਅਤੇ ਮਿਹਨਤ ਨਾਲ ਮਿਲਦੀ ਹੈ। ਪੇਪਰ ਅਤੇ ਇੰਟਰਵਿਊ ਦੇ ਦੇ ਕੇ ਚਪਲਾਂ ਘਸ ਜਾਂਦੀਆਂ ਹਨ। ਅਫਸਰ ਰੈਂਕ ਵਿੱਚ ਭਰਤੀ ਹੋਣ ਲਈ ਤਾਂ ਹੋਰ ਵੀ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸਰਕਾਰੀ ਕਰਮਚਾਰੀ ਜਿਆਦਾਤਰ ਗਰੀਬ ਜਾਂ ਮੱਧ ਵਰਗੀ ਪਰਿਵਾਰਾਂ ਵਿੱਚੋਂ ਆਉਂਦੇ ਹਨ। ਟਾਟੇ-ਬਿਰਲੇ ਦੇ ਮੁੰਡੇ ਨੂੰ ਤਾਂ ਨੌਕਰੀ ਕਰਨ ਦੀ ਜਰੂਰਤ ਨਹੀਂ ਹੈ। ਪਰ ਵੇਖਿਆ ਗਿਆ ਹੈ ਕਿ ਅਫਸਰ ਬਣਦੇ ਸਾਰ ਬਹੁਤਿਆਂ ਦੀਆਂ ਅੱਖਾਂ ਮੱਥੇ ਨੂੰ ਜਾ ਲੱਗਦੀਆਂ ਹਨ ਤੇ ਪੈਰ ਜ਼ਮੀਨ ਤੋਂ ਚੁੱਕੇ ਜਾਂਦੇ ਹਨ। ਆਪਣੇ ਵਰਗੇ ਲੋਕਾਂ ਤੋਂ ਹੀ ਮੁਸ਼ਕ ਆਉਣ ਲੱਗ ਜਾਂਦੀ ਹੈ। ਕਈ ਤਾਂ ਅਜਿਹੇ ਸੂਰਮੇ ਹਨ ਜੋ ਆਪਣੇ ਅਣਪੜ੍ਹ ਗਰੀਬ ਮਾਪਿਆਂ, ਭੈਣਾਂ-ਭਰਾਵਾਂ ਤੋਂ ਵੀ ਰਿਸ਼ਤਾ ਤੋੜ ਲੈਂਦੇ ਹਨ। ਅਫਸਰ ਬਣ ਕੇ ਜਿਆਦਾਤਰਾਂ ਦਾ ਮੋਟੇ ਦਹੇਜ਼ ਦੇ ਲਾਲਚ ਕਾਰਨ ਅਮੀਰ ਖਾਨਦਾਨਾਂ ਵਿੱਚ ਵਿਆਹ ਹੋ ਜਾਂਦਾ ਹੈ। ਵੱਡੇ ਘਰਾਂ ਦੀਆਂ ਕੁੜੀਆਂ ਪਤੀ ਦੇ ਗਰੀਬ ਰਿਸ਼ਤੇਦਾਰਾਂ ਨੂੰ ਬਰਦਾਸ਼ਤ ਨਹੀਂ ਕਰਦੀਆਂ ਕਿਤੇ ਸੁਸਾਇਟੀ ਵਿੱਚ ਬੇਇੱਜ਼ਤੀ ਨਾ ਹੋ ਜਾਵੇ। ਬਹੁਤੇ ਆਪਣੇ ਆਪ ਨੂੰ ਰਾਜਿਆਂ-ਜਗੀਰਦਾਰਾਂ ਦੇ ਖਾਨਦਾਨ ਦਾ ਦੱਸਣ ਲੱਗ ਜਾਂਦੇ ਹਨ। ਪਾਕਿਸਤਾਨ ਵਿੱਚ ਰਹਿ ਗਏ ਸੈਂਕੜੇ ਏਕੜਾਂ ਅਤੇ ਸ਼ਾਹਾਨਾ ਹਵੇਲੀਆਂ ਬਾਰੇ ਗੱਲਾਂ ਸੁਣਾਈਆਂ ਜਾਂਦੀਆਂ ਹਨ (ਪਰ ਅਸਲ ਵਿੱਚ ਸਭ ਨੂੰ ਇੱਕ ਦੂਸਰੇ ਦੀ ਔਕਾਤ ਦਾ ਪਤਾ ਹੀ ਹੁੰਦਾ ਹੈ)।

ਮੈਂ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਭਰਤੀ ਹੋਇਆ ਸੀ ਤੇ ਟਰੇਨਿੰਗ ਕਰਨ ਤੋਂ ਬਾਅਦ ਤਿੰਨ ਮਹੀਨੇ ਲਈ ਇੱਕ ਥਾਣੇ ਵਿੱਚ ਮੁੱਢਲੀ ਸਿਖਲਾਈ ਹਾਸਲ ਕਰ ਰਿਹਾ ਸੀ। ਏ.ਐਸ.ਆਈ., ਇੰਸਪੈਕਟਰ, ਡੀ.ਐੱਸ.ਪੀ. ਅਤੇ ਆਈ.ਪੀ.ਐੱਸ. ਅਫਸਰਾਂ ਨੂੰ ਫੀਲਡ ਵਿੱਚ ਤਾਇਨਾਤ ਕਰਨ ਤੋਂ ਪਹਿਲਾਂ ਸਰਕਾਰੀ ਵਕੀਲ, ਥਾਣੇ ਦੇ ਮੁਨਸ਼ੀ, ਤਫਤੀਸ਼ੀ ਅਤੇ ਐਸ.ਐਚ.ਓ. ਆਦਿ ਦਾ ਕੰਮ ਸਿਖਾਇਆ ਜਾਂਦਾ ਹੈ। ਐਸ.ਐਚ.ਓ. ਆਮ ਤੌਰ 'ਤੇ ਸਬ ਇੰਸਪੈਕਟਰ ਜਾਂ ਇੰਸਪੈਕਟਰ ਰੈਂਕ ਦਾ ਅਫਸਰ ਹੁੰਦਾ ਹੈ। ਥਾਣੇ ਵਿੱਚ ਮੈਂ ਤੇ ਤਿੰਨ ਹੋਰ ਥਾਣੇਦਾਰ ਇੱਕ ਹੀ ਕਵਾਟਰ ਵਿੱਚ ਰਹਿੰਦੇ ਸੀ। ਸਾਰਿਆਂ ਦੀ ਆਪਸ ਵਿੱਚ ਬਹੁਤ ਬਣਦੀ ਸੀ। ਇੱਕ ਦਿਨ ਅਸੀਂ ਮੈਸ ਵਿੱਚ ਬੈਠੇ ਦਾਲ-ਰੋਟੀ ਛਕ ਰਹੇ ਸੀ ਕਿ ਵਾਇਰਲੈੱਸ ਉਪਰੇਟਰ ਭੱਜਿਆ ਆਇਆ। ਉਸ ਨੇ ਸਾਡੇ ਵਿੱਚੋਂ ਇੱਕ ਛੱਜਾ ਸਿੰਘ (ਕਾਲਪਨਿਕ ਨਾਮ) ਨੂੰ ਖਿੱਚ ਕੇ ਸਲੂਟ ਮਾਰਿਆ ਤੇ ਦੱਸਿਆ ਕਿ ਪਹਿਲੇ ਐਸ.ਐਚ.ਓ. ਦੀ ਬਦਲੀ ਪੁਲਿਸ ਲਾਈਨ ਦੀ ਹੋ




ਗਈ ਹੈ ਤੇ ਤੁਹਾਨੂੰ ਇਸੇ ਥਾਣੇ ਦਾ ਐਸ.ਐਚ.ਓ. ਲੱਗਾ ਦਿੱਤਾ ਗਿਆ ਹੈ। ਬਾਕੀ ਥਾਣੇਦਾਰ ਅੰਦਰੋਂ ਸੜ ਕੇ ਕੋਲਾ ਹੋ ਗਏ ਪਰ ਉੱਪਰੋਂ ਝੂਠੀ ਜਿਹੀ ਖੁਸ਼ੀ ਜਾਹਰ ਕਰਦੇ ਹੋਏ ਉਸ ਨੂੰ ਵਧਾਈਆਂ ਦੇਣ ਲੱਗੇ। ਛੱਜਾ ਸਿੰਘ ਦੇ ਤਾਂ ਪਲਾਂ ਵਿੱਚ ਹੀ ਤੌਰ ਬਦਲ ਗਏ। ਉਹ ਇੱਕ ਦਮ ਰੋਟੀ ਛੱਡ ਕੇ ਖੜਾ ਹੋ ਗਿਆ ਤੇ ਮੁੱਛਾਂ 'ਤੇ ਹੱਥ ਫੇਰਦਿਆਂ ਗੁੱਗੂ ਗਿੱਲ ਵਾਂਗ ਚੱਬ ਕੇ ਡਾਇਲਾਗ ਬੋਲਿਆ, "ਠੀਕ ਆ ਆਪਾਂ ਕਈ ਮਹੀਨੇ 'ਕੱਠੇ ਰਹੇ ਆਂ, ਪਰ ਹੁਣ ਮੇਰੇ ਨਾਲ ਗੱਲਬਾਤ ਜਰਾ ਹਿਸਾਬ ਨਾਲ ਕਰਿਉ। ਮੈਂ ਹੁਣ ਐਸ.ਐਚ.ਉ. ਆਂ ਐਸ.ਐਚ.ਓ.।" ਉਸ ਨੂੰ ਇੱਕ ਦਮ ਗਿਰਗਿਟ ਵਾਂਗ ਰੰਗ ਬਦਲਦਾ ਵੇਖ ਕੇ ਸਾਰਿਆਂ ਦੇ ਮੂੰਹ ਟੱਡੇ ਗਏ।

ਸਿਖਲਾਈ ਪੂਰੀ ਹੋਣ 'ਤੇ ਮੇਰੀ ਪੋਸਟਿੰਗ ਵੀ ਇੱਕ ਥਾਣੇ ਵਿੱਚ ਐਸ.ਐਚ.ਓ. ਵਜੋਂ ਹੋ ਗਈ। ਇੱਕ ਤਾਂ ਛੋਟੀ ਉਮਰ ਵਿੱਚ ਐਸ.ਐਚ.ਓ. ਲੱਗ ਗਿਆ ਤੇ ਦੂਸਰੇ ਮੈਨੂੰ ਸਲਾਹਕਾਰ ਵੀ "ਵਧੀਆ" ਖਰਲ ਕੀਤੇ ਹੋਏ ਮਿਲ ਗਏ। ਉਹਨਾਂ ਨੇ ਮੇਰੇ ਵਰਗੇ ਪਤਾ ਨਹੀਂ ਕਿੰਨੇ ਕੁ ਐਸ.ਐਚ.ਓ. ਭੁਗਤਾਏ ਹੋਏ ਸਨ। ਛੋਟੇ ਮੁਲਾਜ਼ਮ ਆਮ ਤੌਰ 'ਤੇ ਆਸ ਪਾਸ ਦੇ ਪਿੰਡਾਂ ਦੇ ਹੁੰਦੇ ਹਨ ਤੇ ਥਾਣੇ ਵਿੱਚ ਕਈ ਕਈ ਸਾਲਾਂ ਤੱਕ ਲੱਗੇ ਰਹਿੰਦੇ ਹਨ, ਪਰ ਐਸ.ਐਚ.ਓ. ਦੀ ਬਦਲੀ ਸਾਲ-ਛੇ ਮਹੀਨੇ ਬਾਅਦ ਹੋ ਜਾਂਦੀ ਹੈ। ਇਲਾਕੇ 'ਚੋਂ ਬਦਮਾਸ਼ੀ ਖਤਮ ਕਰਨ ਦੇ ਜੋਸ਼ ਵਿੱਚ ਮੈਂ ਕੁਝ ਜਿਆਦਾ ਹੀ ਸਖਤੀ ਸ਼ੁਰੂ ਕਰ ਦਿੱਤੀ। ਪੁਰਾਣੇ ਮੁਲਾਜ਼ਮ ਮੈਨੂੰ ਹੋਰ ਫੂਕ ਛਕਾਉਣ ਲੱਗੇ, "ਜਨਾਬ, ਝੋਟੇ ਕੁੱਟ ਠਾਣੇਦਾਰ ਤੋਂ ਬਾਅਦ ਤੁਸੀਂ ਹੀ ਸਭ ਤੋਂ ਘੈਂਟ ਅਫਸਰ ਆਏ ਓ ਇਸ ਠਾਣੇ ਵਿੱਚ।" ਘੈਂਟਪੁਣੇ ਦੇ ਚੱਕਰ ਵਿੱਚ ਦੋ ਕੁ ਵਾਰ ਤਾਂ ਮੈਂ ਮੁਅੱਤਲ ਹੁੰਦਾ ਹੁੰਦਾ ਮਸਾਂ ਬਚਿਆ। ਪਰ ਮੇਰੇ ਚਾਲੇ ਠੀਕ ਨਾ ਹੋਏ। ਜਦੋਂ ਪੁਲਿਸ ਅਫਸਰ ਦੇ ਮਨ ਵਿੱਚ ਹੰਕਾਰ ਆ ਜਾਵੇ ਕਿ ਮੈਂ ਆਪਣੇ ਇਲਾਕੇ ਵਿੱਚ ਆਹ ਨਹੀਂ ਹੋਣ ਦੇਣਾ, ਔਹ ਨਹੀਂ ਹੋਣ ਦੇਣਾ ਤਾਂ ਉਹ ਲਾਜ਼ਮੀ ਧੋਖਾ ਖਾ ਜਾਂਦਾ ਹੈ। ਅਜਿਹੇ ਵਿਚਾਰ ਮਨ ਵਿੱਚ ਆਉਣ ਤਾਂ ਕੁਰਸੀ ਦੇ ਪਿੱਛੇ ਲੱਗੇ ਤਾਇਨਾਤੀ ਬੋਰਡ ਉੱਪਰ ਨਜ਼ਰ ਮਾਰ ਲੈਣੀ ਚਾਹੀਦੀ ਹੈ ਕਿ ਤੁਹਾਡੇ ਤੋਂ ਪਹਿਲਾਂ ਇਥੇ ਕਿੰਨੇ ਅਫਸਰ ਆਏ ਤੇ ਕਿੰਨੇ ਗਏ। ਇਲਾਕਾ ਕਿਸੇ ਅਫਸਰ ਦਾ ਨਹੀਂ ਸਗੋਂ ਉਥੇ ਵੱਸਣ ਵਾਲੇ ਲੋਕਾਂ ਦਾ ਹੁੰਦਾ ਹੈ। ਅਫਸਰ ਤਾਂ ਆਉਂਦੇ ਜਾਂਦੇ ਰਹਿੰਦੇ ਹਨ। ਅੱਜ ਮਰੇ, ਕੱਲ੍ਹ ਦੂਸਰਾ ਦਿਨ।

ਮੇਰੇ ਨਾਲ ਦੇ ਥਾਣੇ ਦਾ ਐਸ.ਐਚ.ਉ. ਗੱਜਣ ਸਿੰਘ ਇੰਸਪੈਕਟਰ ਲੱਗਾ ਹੋਇਆ ਸੀ। ਉਹ ਮੇਰੇ ਨਾਲ ਬਹੁਤ ਪਿਆਰ ਭਾਵ ਰੱਖਦਾ ਸੀ ਤੇ ਗਾਹੇ ਬਗਾਹੇ ਪੁਲਿਸ ਦੇ ਕੰਮ ਕਾਰ ਬਾਰੇ ਸਿੱਖਿਆ ਵੀ ਦਿੰਦਾ ਰਹਿੰਦਾ ਸੀ। ਪਰ ਜਵਾਨੀ ਵਿੱਚ ਬੁੱਢਿਆਂ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ ਕਿ ਇਹਨਾਂ ਦਾ ਤਾਂ ਖੂਨ ਠੰਡਾ ਹੋ ਗਿਆ ਹੈ। ਨਵੀਆਂ ਕਰੂੰਬਲਾਂ ਹਮੇਸ਼ਾਂ ਝੜ ਰਹੇ ਪੁਰਾਣੇ ਪੱਤਿਆਂ ਨੂੰ ਮਜ਼ਾਕ ਕਰਦੀਆਂ ਹਨ, ਪਰ ਭੁੱਲ ਜਾਂਦੀਆਂ ਹਨ ਕਿ ਅਗਲੀ ਪੱਤਝੜ੍ਹ ਨੂੰ ਉਹਨਾਂ ਦਾ ਨੰਬਰ ਵੀ ਲੱਗਣ ਵਾਲਾ ਹੈ। ਮੈਂ ਵੀ ਉਸ ਦੀਆਂ ਗੱਲਾਂ ਨੂੰ ਬਹੁਤਾ ਨਾ ਗੌਲਦਾ ਤੇ ਐਵੇਂ ਹੂੰ ਹਾਂ ਕਰ ਛੱਡਦਾ। ਇਕ ਦਿਨ ਜ਼ਿਲ੍ਹਾ ਹੈੱਡਕਵਾਟਰ 'ਤੇ ਕੋਈ ਮੀਟਿੰਗ ਸੀ ਜੋ ਕਾਫੀ ਲੰਬੀ ਚੱਲੀ। ਸ਼ਾਮ ਦੇ ਨੌਂ ਵੱਜ ਗਏ ਤੇ ਕਾਫੀ ਹਨੇਰਾ ਹੋ ਗਿਆ। ਮੇਰਾ ਅਤੇ ਗੱਜਣ ਸਿੰਘ ਵਾਲਾ ਥਾਣਾ ਦੋਵੇਂ ਇੱਕੋ ਪਾਸੇ ਪੈਂਦੇ ਸਨ। ਉਸ ਵੇਲੇ ਅੱਤਵਾਦ ਭਾਵੇਂ ਆਖਰੀ ਸਾਹਾਂ 'ਤੇ ਸੀ ਪਰ ਖਤਰਾ ਅਜੇ ਵੀ ਬਰਕਰਾਰ ਸੀ। ਇਸ ਲਈ ਅਸੀਂ ਦੋਵੇਂ ਇਕੱਠੇ ਸਫਰ ਕਰਨ ਲੱਗੇ। ਗੱਜਣ ਸਿੰਘ ਮੇਰੀ ਜਿਪਸੀ ਵਿੱਚ ਬੈਠ ਗਿਆ ਤੇ ਮੈਂ ਚਲਾਉਣ ਲੱਗ ਪਿਆ।

ਗੱਜਣ ਸਿੰਘ ਥੋੜ੍ਹਾ ਜਿਹਾ ਪੈੱਗ ਪਿਆਲੇ ਦਾ ਸ਼ੌਕੀਨ ਸੀ। ਗਰਮੀਆਂ ਦੇ ਦਿਨ ਸਨ, ਸ਼ਹਿਰੋਂ ਬਾਹਰ ਆ ਕੇ ਉਸ ਨੇ ਆਪਣੇ ਗੰਨਮੈਨ ਨੂੰ ਇੱਕ ਠੇਕੇ ਤੋਂ ਬੀਅਰ ਲੈਣ ਲਈ ਭੇਜ ਦਿੱਤਾ। ਉਹਨਾਂ ਸਮਿਆਂ ਵਿੱਚ ਖਾੜਕੂ ਸ਼ਰਾਬ ਦੇ ਠੇਕੇਦਾਰਾਂ ਦੇ ਪਿੱਛੇ ਪਏ ਹੋਏ ਸਨ। ਅਨੇਕਾਂ ਠੇਕੇ ਫੂਕ ਦਿੱਤੇ ਗਏ ਤੇ ਕਈ ਠੇਕੇਦਾਰ ਮਾਰ ਦਿੱਤੇ ਗਏ ਸਨ। ਇਸ ਲਈ ਸਕਿਉਰਿਟੀ ਲੈਣ ਖਾਤਰ ਠੇਕੇਦਾਰ ਪੁਲਿਸ ਵਾਲਿਆਂ ਦੀ ਬਹੁਤ ਆਉ ਭਗਤ ਕਰਦੇ ਸਨ। ਕਰਿੰਦੇ ਨੂੰ ਭੇਜਣ ਦੀ ਬਜਾਏ ਠੇਕੇਦਾਰ ਆਪ ਹੀ ਬੀਅਰ ਦੀਆਂ ਦੋ ਠੰਡੀਆਂ ਬੋਤਲਾਂ ਅਖਬਾਰ ਵਿੱਚ ਵਲੇਟ ਕੇ ਭੱਜਾ ਆਇਆ। ਗੱਜਣ ਸਿੰਘ ਨੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਝੂਠੀ ਜਿਹੀ ਮੁਸਕਾਨ ਨਾਲ ਲੈਣ ਤੋਂ ਇਨਕਾਰ ਕਰ ਦਿੱਤਾ (ਦਿਲ 'ਚ ਭਾਵੇਂ ਸਾਨੂੰ ਕੋਸਦਾ ਹੀ ਹੋਵੇ)। ਮੈਂ ਗੱਡੀ ਤੋਰ ਲਈ ਤੇ ਗੱਜਣ ਸਿੰਘ ਬੀਅਰ ਪੀਣ ਲੱਗ ਪਿਆ। ਅਗਲਾ ਅੱਡਾ ਆਉਂਦੇ ਆਉਂਦੇ ਬੀਅਰ ਖਤਮ ਹੋ ਗਈ। ਉਥੇ ਵੀ ਠੇਕੇਦਾਰ ਦੇ ਕਰਿੰਦੇ ਭੱਜ ਕੇ ਗੱਡੀ ਵੱਲ ਆਏ। ਉਹਨਾਂ ਨੇ ਵੀ ਬੀਅਰ ਦੇ ਪੈਸੇ ਨਾ ਲਏ। ਇਸ ਤੋਂ

**ਬਾਕੀ ਸਫਾ 29 'ਤੇ**

# ਕੀ ਰਿਸ਼ਤਿਆਂ ਦਾ ਮੋਹ ਭੰਗ ਹੋਣ ਦਾ ਕਾਰਨ ਮੋਬਾਇਲ ਹੈ?

**ਕਿਸੇ ਵੀ ਚੀਜ਼ ਦੀ ਹੱਦੋਂ ਵੱਧ ਵਰਤੋਂ ਹਮੇਸ਼ਾ ਮਾੜੀ ਹੁੰਦੀ ਹੈ।ਅੱਜਕੱਲ ਦੇ ਨੌਜਵਾਨ ਥੋੜ੍ਹੀ ਜਿਹੀ ਅਣਬਣ ਹੋਣ ਤੇ ਮੋਬਾਇਲ ਰਾਹੀਂ ਦੋਸਤਾਂ ਨੂੰ ਸੱਦ ਕੇ ਵੱਡੀ ਲੜਾਈ ਨੂੰ ਅੰਜਾਮ ਦਿੰਦੇ ਹਨ। ਜੇ ਇਸ ਦੀ ਵਰਤੋਂ ਸੰਜਮ ਵਿੱਚ ਰਹਿ ਕੇ ਕੀਤੀ ਜਾਵੇ ਤਾਂ ਪਰਿਵਾਰਿਕ ਰਿਸ਼ਤੇ ਭੰਗ ਕਰਨ ਦੀ ਬਜਾਏ ਹੋਰ ਲੋਕਾਂ ਨਾਲ ਨੇੜਤਾ ਦਾ ਸਾਧਨ ਵੀ ਬਣਦਾ ਹੈ। ਵਿਦੇਸ਼ ਬੈਠੇ ਬੱਚਿਆਂ ਨਾਲ ਵੀਡੀਓ ਕਾਲ ਰਾਹੀਂ ਗੱਲਬਾਤ ਕਰਨਾ ਬਹੁਤ ਸਕੂਨ ਦਿੰਦਾ ਹੈ। ਜਿਵੇਂ ਕਿਹਾ ਜਾਂਦਾ ਕਿ ਤਸਵੀਰ ਦੇ ਦੋ ਪਾਸੇ ਹੁੰਦੇ ਹਨ ਇਸ ਤਰ੍ਹਾਂ ਨਵੀਂ ਤਕਨੀਕ ਫਾਇਦੇਮੰਦ ਹੁੰਦਿਆਂ ਹੋਇਆਂ ਵੀ ਅਣਜਾਣੇ ਵਿੱਚ ਵੱਡਾ ਨੁਕਸਾਨ ਕਰ ਦਿੰਦੀ ਹੈ।ਸੋ ਜ਼ਰੂਰਤ ਹੈ ਕਿ ਕਿਸੇ ਯੰਤਰ ਦੀ ਸਹੀ ਵਰਤੋਂ ਕਰ ਕੇ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਜਾਵੇ ਲਾਚਾਰ ਨਹੀਂ, ਬੱਚਿਆਂ ਨੂੰ ਦਿਨ ਵਿੱਚ ਕੁਝ ਸਮਾਂ ਹੀ ਮੋਬਾਇਲ ਦਿੱਤਾ ਜਾਵੇ। ਜੋ ਮਨੁੱਖ ਅੱਜ ਵੀ ਮੋਬਾਈਲ ਦੀ ਵਰਤੋਂ ਨਹੀਂ ਕਰਦੇ ਰਿਸ਼ਤੇਦਾਰਾਂ ਨੂੰ ਮਿਲਣ ਵਾਸਤੇ ਸਮਾਂ ਕੱਢ ਕੇ ਜਾਂਦੇ ਹਨ ਅਤੇ ਆਪਣੇ ਸਬੰਧਾਂ ਨੂੰ ਵਧੀਆ ਬਣਾਈ ਰੱਖਦੇ ਹਨ।**



ਜਦੋਂ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ ਉਸ ਸਮੇਂ ਲੋਕਾਂ ਦੇ ਚਿਹਰਿਆਂ ਤੇ ਖ਼ੁਸ਼ੀ ਨਜ਼ਰ ਆਉਂਦੀ ਸੀ। ਪਰਿਵਾਰ ਦੁੱਖ ਸੁੱਖ ਵੇਲੇ ਇੱਕ ਦੂਜੇ ਨਾਲ ਖੜਦੇ ਸਨ। ਵਿਆਹ ਸ਼ਾਦੀਆਂ ਤੇ ਸਾਰੇ ਰਿਸ਼ਤੇਦਾਰਾਂ ਨੂੰ ਇੰਝ ਲੱਗਦਾ ਸੀ ਜਿਵੇਂ ਉਸਦੇ ਆਪਣੇ ਘਰ ਵਿਆਹ ਰੱਖਿਆ ਹੋਵੇ। ਦੁੱਖ ਦੇ ਸਮੇਂ ਰਿਸ਼ਤੇਦਾਰ ਤਾਂ ਆਉਂਦੇ ਸਨ ਸਾਰਾ ਪਿੰਡ ਅੰਤਿਮ ਅਰਦਾਸ (ਜੋ 17 ਦਿਨ ਬਾਅਦ) ਤੱਕ ਉਸ ਪਰਿਵਾਰ ਨਾਲ ਖੜਾ ਨਜ਼ਰ ਆਉਂਦਾ ਸੀ। ਖੇਤੀ ਦੇ ਕੰਮ ਆਪਸ ਵਿੱਚ ਮਿਲ ਜੁਲ ਕੇ ਕਰਦੇ ਸਨ, ਇੱਥੋਂ ਤੱਕ ਇੱਕ ਦੂਜੇ ਦੇ ਕੱਪੜੇ, ਜੁੱਤੀ ਵਗੈਰਾ ਮੰਗ ਕੇ ਰਿਸ਼ਤੇਦਾਰੀ ਤੇ ਜਾ ਆਉਣਾ, ਕਦੇ ਵੀ ਉਹਨਾਂ ਦੇ ਦਿਲਾਂ ਵਿੱਚ ਉਪਰਾਪਨ ਨਜ਼ਰ ਨਹੀਂ ਆਉਂਦਾ ਸੀ। ਪਰ ਜਿਉਂ ਜਿਉਂ ਟੈਕਨੋਲੋਜੀ ਦਾ ਦੋਰ ਤਰੱਕੀਆਂ ਕਰਦਾ ਹੋਇਆ ਅੱਗੇ ਵੱਧਿਆ, ਇਹ ਕੁਦਰਤੀ ਖ਼ੁਸ਼ੀ, ਮੋਹ, ਪਿਆਰ ਅਤੇ ਆਪਣਾਪਨ ਗਵਾਚਦਾ ਗਿਆ ਅਤੇ ਪਤਾ ਹੀ ਨਹੀਂ ਲੱਗਿਆ ਕਦੋਂ ਅਤੇ ਕਿਵੇਂ ਪਰਿਵਾਰ ਦਾ ਹਰ ਮੈਂਬਰ ਆਪਣੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ।




**ਕੈਪਟਨ ਅਵਤਾਰ ਸਿੰਘ**
**97819-90206**


ਅੱਜ ਦੇ ਦੌਰ ਵਿੱਚ ਬਹੁਤ ਸਾਰੇ ਯੰਤਰ ਆ ਚੁੱਕੇ ਹਨ ਪਰ ਆਮ ਮਨੁੱਖਾਂ ਲਈ ਵਰਤੋਂ ਵਿੱਚ ਆਉਣ ਵਾਲਾ ਮੁੱਖ ਯੰਤਰ ਮੋਬਾਈਲ ਫੋਨ ਹੈ ਜਿਸ ਦੇ ਬਹੁਤ ਫਾਇਦੇ ਤੇ ਨੁਕਸਾਨ ਵੀ ਬਰਾਬਰ ਤੇ ਖੜ੍ਹੇ ਹਨ, ਜਦੋਂ ਇਹ ਵਰਤੋਂ ਵਿੱਚ ਨਹੀਂ ਸਨ ਉਸ ਸਮੇਂ ਮਨੁੱਖ ਇੱਕ ਦੂਜੇ ਨਾਲ ਗੱਲਬਾਤ ਕਰਦੇ ਉਸ ਦੇ ਕੋਲ ਬੈਠ ਜਾਂਦੇ ਸੀ ਅਤੇ ਬੈਠ ਕੇ ਕਈ ਵੀਚਾਰਾਂ, ਸਮਾਜਿਕ ਗੱਲਾਂ ਬਾਤਾਂ ਕਰਦੇ ਸਨ ਜਿਸ ਨਾਲ ਮੇਲ ਮਿਲਾਪ ਵਧਦਾ ਸੀ ਘਰਾਂ ਵਿਚ ਸ਼ਾਮ ਨੂੰ ਬੱਚਿਆਂ ਨੇ ਘਰ ਦੇ ਬਜ਼ੁਰਗਾਂ ਕੋਲੋਂ ਕਹਾਣੀਆਂ, ਬਾਤਾਂ ਅਤੇ ਕਈ ਹੋਰ ਗੱਲਾਂ ਸੁਣਨੀਆਂ ਜਿਸ ਨਾਲ ਬੱਚਿਆਂ ਦੇ ਗਿਆਨ ਵਿੱਚ ਵਾਧਾ ਹੋਣਾ। ਦਾਦੀ-ਦਾਦੇ, ਨਾਨੀ-ਨਾਨੇ ਨਾਲ ਪਿਆਰ ਵੱਧਣਾ ਅਤੇ ਬਜ਼ੁਰਗਾਂ ਨੂੰ ਵੀ ਇਕੱਲਾਪਣ ਮਹਿਸੂਸ ਨਾ ਹੋਣਾ ਪਰ ਹੁਣ ਇੱਕ ਪਰਿਵਾਰ ਵਿੱਚ ਚਾਰ ਮੈਂਬਰ ਇੱਕ ਹੀ ਕਮਰੇ ਵਿੱਚ ਬੈਠੇ ਹੋਣ ਇੱਕ ਦੂਜੇ ਨਾਲ ਗੱਲਬਾਤ ਨਹੀਂ ਕਰਦੇ ਇੰਝ ਪ੍ਰਤੀਤ ਹੁੰਦਾ ਹੈ ਕਿ ਘਰ ਵਿੱਚ ਕੋਈ ਹੈ ਹੀ ਨਹੀਂ। ਰਿਸ਼ਤੇਦਾਰਾਂ ਦੇ ਆਉਣ ਤੇ ਸਤਿ ਸ੍ਰੀ ਅਕਾਲ ਤੋਂ ਬਾਅਦ ਉਸ ਆਏ ਮਹਿਮਾਨ ਸਮੇਤ ਸਾਰੇ ਆਪੋ ਆਪਣੇ ਮੋਬਾਈਲ ਫੋਨ ਵਿੱਚ ਮਗਨ ਹੋ ਜਾਂਦੇ ਹਨ। ਕਈ ਵਾਰ ਤਾਂ ਸਤਿ ਸ੍ਰੀ ਅਕਾਲ ਜਾਂ ਹੱਥ ਮਿਲਾਉਣ ਦਾ ਮੌਕਾ ਵੀ ਨਹੀਂ ਮਿਲਦਾ। ਕੋਈ ਜ਼ਰੂਰੀ ਫੋਨ ਆ ਜਾਣ ਕਾਰਨ ਇਸ਼ਾਰਿਆਂ ਨਾਲ ਹੀ ਕੰਮ ਚਲਾਇਆ ਜਾਂਦਾ ਹੈ। ਜਿਸ ਦੀ ਸਭ ਤੋਂ ਜ਼ਿਆਦਾ ਤਕਲੀਫ਼ ਬਜ਼ੁਰਗਾਂ ਨੂੰ ਹੁੰਦੀ ਹੈ ਕਿਉਂਕਿ ਉਹਨਾਂ ਨੇ ਪੁਰਾਣਾ ਸਮਾਂ ਆਪਣੇ ਪਿੰਡੇ ਤੇ ਹੰਢਾਇਆ ਹੈ ਜਿਹੜੇ ਬਜ਼ੁਰਗ ਇਸ ਨਵੀਂ ਤਕਨੀਕ ਦੇ ਹਾਣੀ ਨਹੀਂ ਹੁੰਦੇ ਉਹਨਾਂ ਵਾਸਤੇ ਬਹੁਤ ਮੁਸ਼ਕਿਲ ਹੁੰਦੀ ਹੈ ਅਤੇ ਉਹ ਆਪਣੇ ਆਪ ਨੂੰ ਵਾਧੂ ਜਿਹੀ ਸ਼ੈਅ (ਚੀਜ਼) ਸਮਝਣ ਲੱਗ ਪੈਂਦੇ ਹਨ। ਪਰਿਵਾਰ ਦੇ ਜਵਾਨ ਮੈਂਬਰ ਤਾਂ ਪਹਿਲਾਂ ਵੀ ਆਪਣੇ ਕੰਮਕਾਰ ਕਰਕੇ ਬਜ਼ੁਰਗਾਂ ਨੂੰ ਘੱਟ ਸਮਾਂ ਦਿੰਦੇ ਸਨ ਪਰ ਉਹ ਘਾਟ ਬੱਚੇ ਪੂਰੀ ਕਰਦੇ ਸਨ ।ਹੁਣ ਮੋਬਾਈਲ ਦਾ ਅਸਰ ਬੱਚਿਆਂ ਤੇ ਬਹੁਤ ਜ਼ਿਆਦਾ ਹੋ ਗਿਆ ਹੈ। ਕਰੋਨਾ ਕਾਲ ਸਮੇਂ ਮੋਬਾਇਲ ਰਾਹੀਂ ਪੜ੍ਹਾਈ ਨੇ ਬੱਚਿਆਂ ਨੂੰ ਕਿਤਾਬਾਂ ਤੋਂ ਦੂਰ ਕਰ ਦਿੱਤਾ ਅਤੇ ਵੱਡਾ ਬਹਾਨਾ ਬਣ ਗਿਆ ਕਿ ਅਸੀਂ ਤਾਂ ਪੜ੍ਹ ਰਹੇ ਹਾਂ ਜਿਵੇਂ ਉੱਪਰ ਲਿਖਿਆ ਹੈ ਕਿ ਫਾਇਦਿਆਂ ਨਾਲੋਂ ਨੁਕਸਾਨ ਵਧੇਰੇ ਹੋ ਗਿਆ। ਰਿਸ਼ਤੇਦਾਰੀ ਫਿਕੀ ਹੋ ਗਈ ਅੱਖਾਂ ਦੀ ਨਜ਼ਰ ਘੱਟ ਗਈ, ਸਰੀਰਿਕ ਤੌਰ ਤੇ ਖੇਡੀਆਂ ਜਾਣ ਵਾਲੀਆਂ ਖੇਡਾਂ ਮੋਬਾਇਲ ਤੇ ਖੇਡਣ ਨਾਲ ਸਰੀਰਕ ਕਮਜ਼ੋਰੀ ਆ ਗਈ।ਘਰ ਦੀ ਕਮਾਈ ਦਾ ਵੱਡਾ ਹਿੱਸਾ ਇਹਨਾਂ ਤੇ ਖਰਚ ਹੋਣ ਲੱਗਾ।ਮਹਿੰਗੇ ਤੋਂ ਮਹਿੰਗੇ ਫੋਨ ਖਰੀਦਣ ਦੀ ਦੌੜ ਲੱਗ ਗਈ, ਪਤੀ ਪਤਨੀ ਦੇ ਛੋਟੇ ਮੋਟੇ ਝਗੜੇ, ਪੇਕੇ ਸਹੁਰਿਆਂ ਵਿੱਚ ਜੰਗ ਬਣ ਗਈ। ਲੜਕੀਆਂ ਦੇ ਵਿਆਹ ਤੋਂ ਬਾਅਦ ਲੜਕੀ ਦੇ ਮਾਪਿਆਂ ਵੱਲੋਂ ਲੜਕੀ ਦੇ ਸਹੁਰੇ



ਘਰ ਤੇ ਰਸੋਈ ਤੋਂ ਲੈ ਕੇ ਕਾਰੋਬਾਰ ਤੱਕ ਨਜ਼ਰ ਰੱਖੀ ਜਾਣ ਲੱਗੀ ਜਿਸ ਦਾ ਬਹੁਤ ਬੁਰਾ ਅਸਰ ਪਿਆ ਅਤੇ ਕਈ ਘਰ ਬਿਨਾਂ ਕਿਸੇ ਵਜਾ ਤੋਂ ਉਜੜ ਗਏ ਭਾਵ ਤਲਾਕ ਤੱਕ ਨੋਬਤ ਆ ਗਈ।

ਪਰਿਵਾਰਿਕ ਮੋਹ ਭੰਗ ਹੋਣ ਕਾਰਨ ਸਭ ਤੋਂ ਵੱਡਾ ਨੁਕਸਾਨ ਬਜ਼ੁਰਗਾਂ ਨੂੰ ਝਲਣਾ ਪੈ ਰਿਹਾ ਹੈ।ਇਕੱਲੇਪਨ ਨਾਲ ਬਜ਼ੁਰਗਾਂ ਦਾ ਸੁਭਾਅ ਚਿੜਚੜਾ ਹੋ ਗਿਆ ਹੈ ਪਰਿਵਾਰ ਦੇ ਬੱਚੇ ਅਤੇ ਜਵਾਨਾਂ ਨੂੰ ਉਹਨਾਂ ਦਾ ਟੋਕਾ ਟਾਕੀ ਮਾੜੀ ਲੱਗਣ ਲੱਗ ਪਈ ਅਤੇ ਕੁਝ ਬੱਚਿਆਂ ਵੱਲੋਂ ਬਿਰਧ ਆਸ਼ਰਮ ਵੱਲ ਬਜ਼ੁਰਗ ਨੂੰ ਤੋਰ ਦਿੱਤਾ ਅਤੇ ਕੁਝ ਪੈਨਸ਼ਨ ਲੈਣ ਵਾਲੇ ਅਤੇ ਮਾਇਆ ਵਾਲੇ ਬਜ਼ੁਰਗ ਆਪ ਹੀ ਬਿਰਧ ਆਸ਼ਰਮ ਵੱਲ ਨੂੰ ਤੁਰ ਪਏ।

ਟੈਲੀਵਿਜ਼ਨਾਂ ਦੇ ਵੱਖ-ਵੱਖ ਚੈਨਲਾਂ ਉਤੇ ਚਲਦੇ ਪ੍ਰਵਾਰਕ ਰਿਸ਼ਤਿਆਂ ਵਿੱਚ ਤਰੇੜਾਂ ਪੈਦਾ ਕਰਨ ਵਾਲੇ ਲੜੀਵਾਰ ਸੀਰੀਅਲ ਵੀ ਅਪਣਾ ਯੋਗਦਾਨ ਵੱਡੀ ਗਿਣਤੀ ਵਿੱਚ ਪਾ ਰਹੇ ਹਨ। ਜਿਹੜੇ ਬਜ਼ੁਰਗਾਂ ਨੇ ਲੱਕ ਤੋੜਵੀਂ ਮੁਸ਼ੱਕਤ ਕਰ ਕੇ ਆਪਣੀ ਔਲਾਦ ਲਈ ਆਪਣੀ ਸਾਰੀ ਉਮਰ ਲਾ ਦਿਤੀ, ਬੜੇ ਦੁੱਖ ਦੀ ਗੱਲ ਹੈ, ਉਹ ਬਜ਼ੁਰਗ ਅੱਜ ਬਿਰਧ ਆਸ਼ਰਮਾਂ ਦੀਆਂ ਇੱਟਾਂ ਗਿਣ ਰਹੇ ਹਨ। ਕੁਝ ਕੁ



ਅਮੀਰ ਬੱਚੇ ਅਜਿਹੇ ਵੀ ਹਨ, ਜੋ ਆਪਣੇ ਮਾਂ-ਪਿਉ ਨੂੰ ਮਜਬੂਰੀ ਵੱਸ ਆਪਣੇ ਨਾਲ ਨਹੀਂ ਰੱਖ ਸਕਦੇ ਜਾਂ ਕੁਝ ਕੁ ਮਾਂ-ਪਿਉ ਵੀ ਆਪਣੇ ਬੱਚਿਆਂ ਦੀ ਬੰਦਿਸ਼ ਵਿੱਚ ਨਹੀਂ ਰਹਿਣਾ ਚਾਹੁੰਦੇ ਕਿਉਂਕਿ ਉਨ੍ਹਾਂ ਕੋਲ ਧਨ-ਦੌਲਤ ਬਹੁਤ ਹੈ ਅਤੇ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਵੀ ਵਧੀਆ ਹਨ। ਬੱਚੇ ਅੱਜ ਦੇ ਯੁੱਗ ਵਿੱਚ ਵਿਚਰਦੇ ਹੋਣ ਕਾਰਨ, ਮਾਂ-ਪਿਉ ਨਾਲ ਆਪਸੀ ਵਿਚਾਰ ਨਾ ਮਿਲਦੇ ਹੋਣ ਕਾਰਨ, ਮਾਣ-ਸਨਮਾਨ ਦੀ ਘਾਟ ਕਰ ਕੇ, ਦੋਰਾਹੇ ਦੇ ਹੈਵਨਲੀ ਪੈਲੇਸ (ਮਹਿੰਗੇ ਬਿਰਧ ਆਸ਼ਰਮ) ਵਰਗੇ ਬਿਰਧ ਆਸ਼ਰਮਾਂ ਵਿੱਚ ਆਪਣੇ ਤਿਲ-ਤਿਲ ਕਰ ਕੇ ਕਮਾਏ ਹੋਏ ਧਨ ਨੂੰ ਲੁਟਾ ਰਹੇ ਹਨ।

ਇਨ੍ਹਾਂ ਮਹਿੰਗੇ ਬਿਰਧ ਆਸ਼ਰਮਾਂ ਵਿੱਚ ਪੈਸੇ ਖ਼ਰਚ ਕੇ ਸਹੂਲਤਾਂ ਜਿੰਨੀਆਂ ਮਰਜ਼ੀ ਲੈ ਸਕਦੇ ਹੋ, ਪਰ ਅਪਣੇ ਪੁੱਤਰ, ਨੂੰਹ, ਪੋਤਰੇ, ਪੋਤਰੀਆਂ ਨਾਲ ਰਹਿ ਕੇ ਜੋ ਸਨਮਾਨ ਅਤੇ ਸਕੂਨ ਮਿਲਦਾ ਹੈ, ਉਹ ਮੁੱਲ ਨਹੀਂ ਖਰੀਦਿਆ ਜਾ ਸਕਦਾ। ਇਹ ਸਾਰਾ ਕੁਝ ਸੋਨੇ ਦੇ ਪਿੰਜਰੇ ਦੀ ਨਿਆਈਂ ਹੈ। ਅੱਜ ਦੇ ਸਮੇਂ ਅੰਦਰ ਬਜ਼ੁਰਗਾਂ ਨੂੰ ਵੀ ਚਾਹੀਦਾ ਹੈ ਕਿ ਆਪਣੇ ਟਾਹਣੇ, ਟਾਹਣੀਆਂ, ਪੱਤਿਆਂ ਅਤੇ ਫਲਾਂ ਨੂੰ ਸੰਭਾਲ ਕੇ ਰੱਖਣ ਅਤੇ ਨਾਲ ਨਾਲ ਟਾਹਣੇ, ਟਾਹਣੀਆਂ ਅਤੇ ਫਲਾਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਜਦੋਂ ਤੱਕ ਜੜ੍ਹਾਂ ਤੇ ਤਣੇ ਮਜ਼ਬੂਤ ਹਨ, ਉਦੋਂ ਤੱਕ ਹੀ ਸਾਰਾ ਦਰੱਖਤ ਹਰਿਆ-ਭਰਿਆ ਹੈ, ਨਹੀਂ ਤਾਂ ਸਮਾਂ ਪੈਣ ਤੇ ਸਾਰਾ ਦਰੱਖਤ ਹੀ ਸੁੱਕ ਜਾਵੇਗਾ।

ਆਮ ਮਨੁੱਖ ਜਿੱਥੇ ਮੋਬਾਇਲ ਰਾਹੀਂ ਦੁਨੀਆਂ ਵਿੱਚ ਆਪਣੀ ਜਾਣ ਪਹਿਚਾਣ ਬਣਾ ਰਿਹਾ ਹੈ ਉੱਥੇ ਆਪਣਾ ਆਂਢ ਗੁਆਂਢ ਬਾਜ਼ਾਰ ਦੀਆਂ ਦੁਕਾਨਾਂ ਆਦਿ ਤੋਂ ਦੂਰ ਹੋ ਗਿਆ। ਘਰ ਬੈਠੇ ਸਾਰੇ ਕੰਮ ਫੋਨ ਰਾਹੀ ਕਰਨ ਕਰਕੇ ਸਰੀਰਕ ਤੌਰ ਤੇ ਕਮਜ਼ੋਰ ਪੈ ਗਿਆ ਹੈ। ਪਹਿਲਾਂ ਵੱਡੀ ਉਮਰ ਦੇ ਲੋਕ ਬਜ਼ਾਰ ਵਿੱਚ ਸੌਦਾ ਲੈਣ ਦੇ ਨਾਲ ਨਾਲ ਗੱਲਬਾਤਾਂ ਕਰਨੀਆਂ ਇਸ ਨਾਲ ਸਰੀਰਕ ਗਤੀਵਿਧੀਆਂ ਵੀ ਆਪਣੇ ਆਪ ਹੀ ਹੁੰਦੀਆਂ ਰਹਿੰਦੀਆਂ ਸਨ। ਇਸ ਕਰਕੇ ਗੋਡੇ, ਸਰਵਾਈਕਲ, ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਹੋਰ ਬਿਮਾਰੀਆਂ ਤੋਂ ਬਚੇ ਰਹਿੰਦੇ ਸਨ।ਨਵੀਆਂ ਤਕਨੀਕੀ ਸਹੂਲਤਾਂ ਕਰਕੇ ਅੱਜ ਤਕਰੀਬਨ ਸਾਰੇ ਹੀ ਮਨੁੱਖਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਕਈ ਬਿਮਾਰੀਆਂ ਨੇ ਘੇਰਿਆ ਹੋਇਆ ਹੈ। ਅਸੀਂ ਬਚਪਨ ਵਿੱਚ ਕਦੀ ਏਹੋ ਜਿਹੀਆ ਬਿਮਾਰੀਆਂ ਦਾ ਨਾਮ ਵੀ ਨਹੀਂ ਸੀ ਸੁਣਿਆ। ਦੁੱਧ, ਘਿਓ, ਗੁੜ ਦੀ  ਖੁੱਲੀ ਵਰਤੋਂ ਹੁੰਦੀ ਸੀ। ਪਰ ਅੱਜ ਕੱਲ ਹੋਰ ਤਾਂ ਹੋਰ ਕਣਕ ਖਾਣ ’ਤੇ ਵੀ ਰੋਕ ਲੱਗਦੀ ਨਜ਼ਰ ਆ ਰਹੀ ਹੈ ਜੋ ਕੇਵਲ ਸਰੀਰਕ ਹਿਲਜੁਲ ਨਾ ਹੋਣ ਕਰਕੇ ਸਾਹਮਣੇ ਆ ਰਹੀ ਹੈ।

ਸੋ ਅਖੀਰ ਵਿੱਚ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਕਿਸੇ ਵੀ ਚੀਜ਼ ਦੀ ਹੱਦੋਂ ਵੱਧ ਵਰਤੋਂ ਹਮੇਸ਼ਾ ਮਾੜੀ ਹੁੰਦੀ ਹੈ।ਅੱਜਕੱਲ ਦੇ ਨੌਜਵਾਨ ਥੋੜ੍ਹੀ ਜਿਹੀ ਅਣਬਣ ਹੋਣ ਤੇ ਮੋਬਾਇਲ ਰਾਹੀਂ ਦੋਸਤਾਂ ਨੂੰ ਸੱਦ ਕੇ ਵੱਡੀ ਲੜਾਈ ਨੂੰ ਅੰਜਾਮ ਦਿੰਦੇ ਹਨ। ਜੇ ਇਸ ਦੀ ਵਰਤੋਂ ਸੰਜਮ ਵਿੱਚ ਰਹਿ ਕੇ ਕੀਤੀ ਜਾਵੇ ਤਾਂ ਪਰਿਵਾਰਿਕ ਰਿਸ਼ਤੇ ਭੰਗ ਕਰਨ ਦੀ ਬਜਾਏ ਹੋਰ ਲੋਕਾਂ ਨਾਲ ਨੇੜਤਾ ਦਾ ਸਾਧਨ ਵੀ ਬਣਦਾ ਹੈ। ਵਿਦੇਸ਼ ਬੈਠੇ ਬੱਚਿਆਂ ਨਾਲ ਵੀਡੀਓ ਕਾਲ ਰਾਹੀਂ ਗੱਲਬਾਤ ਕਰਨਾ ਬਹੁਤ ਸਕੂਨ ਦਿੰਦਾ ਹੈ। ਜਿਵੇਂ ਕਿਹਾ ਜਾਂਦਾ ਕਿ ਤਸਵੀਰ ਦੇ ਦੋ ਪਾਸੇ ਹੁੰਦੇ ਹਨ ਇਸ ਤਰ੍ਹਾਂ ਨਵੀਂ ਤਕਨੀਕ ਫਾਇਦੇਮੰਦ ਹੁੰਦਿਆਂ ਹੋਇਆਂ ਵੀ ਅਣਜਾਣੇ ਵਿੱਚ ਵੱਡਾ ਨੁਕਸਾਨ ਕਰ ਦਿੰਦੀ ਹੈ।ਸੋ ਜ਼ਰੂਰਤ ਹੈ ਕਿ ਕਿਸੇ ਯੰਤਰ ਦੀ ਸਹੀ ਵਰਤੋਂ ਕਰ ਕੇ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਜਾਵੇ ਲਾਚਾਰ ਨਹੀਂ, ਬੱਚਿਆਂ ਨੂੰ ਦਿਨ ਵਿੱਚ ਕੁਝ ਸਮਾਂ ਹੀ ਮੋਬਾਇਲ ਦਿੱਤਾ ਜਾਵੇ। ਜੋ ਮਨੁੱਖ ਅੱਜ ਵੀ ਮੋਬਾਈਲ ਦੀ ਵਰਤੋਂ ਨਹੀਂ ਕਰਦੇ ਰਿਸ਼ਤੇਦਾਰਾਂ ਨੂੰ ਮਿਲਣ ਵਾਸਤੇ ਸਮਾਂ ਕੱਢ ਕੇ ਜਾਂਦੇ ਹਨ ਅਤੇ ਆਪਣੇ ਸਬੰਧਾਂ ਨੂੰ ਵਧੀਆ ਬਣਾਈ ਰੱਖਦੇ ਹਨ। ਅੱਜ ਕੱਲ ਸਮੇਂ ਦੀ ਭੱਜ ਦੌੜ ਵਿਚ ਵੀ ਕਈ ਰਿਸ਼ਤੇ ਦੂਰ ਹੋ ਜਾਂਦੇ ਹਨ।ਸੋ ਜ਼ਿੰਦਗੀ ਵਿੱਚ ਬਰਾਬਰਤਾ ਰੱਖਣੀ ਜ਼ਰੂਰੀ ਹੈ।ਨਵੀਂ ਤਕਨੀਕ ਦੀ ਵਰਤੋਂ ਕਰਦੇ ਹੋਏ ਆਪਣਿਆਂ ਤੋਂ ਦੂਰ ਨਾ ਹੋ ਕੇ ਨੇੜਤਾ ਬਣਾਈ ਰੱਖਣਾ ਚਾਹੀਦਾ ਹੈ। ਸੋ ਤਕਨੀਕ ਮਾੜੀ ਨਹੀਂ ਸਗੋਂ ਉਸ ਦੀ ਵਰਤੋਂ ਮਾੜੀ ਹੈ। ਦਾਇਰੇ ਵਿੱਚ ਰਹਿ ਕੇ ਅਣਕਿਆਸੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

-0-

**ਸਫਾ 27 ਦਾ ਬਾਕੀ**

ਬਾਅਦ ਅਸੀਂ ਰਸਤੇ ਵਿੱਚ ਪੈਂਦੇ ਮਸ਼ਹੂਰ ਠੇਕੇਦਾਰ ਸੱਤਪਾਲ ਖਨੌਰੀ ਦੇ ਦਫਤਰ ਚਲੇ ਗਏ। ਖੁਲ੍ਹੇ ਸੁਭਾਅ ਦਾ ਹੋਣ ਕਾਰਨ ਉਸ ਕੋਲ ਮੁਲਾਜ਼ਮਾਂ ਦਾ ਆਉਣ ਜਾਣ ਲੱਗਾ ਰਹਿੰਦਾ ਸੀ। ਉਸ ਨੇ ਵੀ ਰੱਜ ਕੇ ਰੋਟੀ ਪਾਣੀ ਦੀ ਸੇਵਾ ਕੀਤੀ।

ਜਦੋਂ ਗੱਜਣ ਸਿੰਘ ਵਾਹਵਾ ਸਰੂਰ ਜਿਹੇ 'ਚ ਹੋ ਗਿਆ ਤਾਂ ਮੈਨੂੰ ਕਹਿਣ ਲੱਗਾ, “ਹਾਂ ਭਈ ਜਵਾਨਾ, ਵੇਖੇ ਈ ਰੱਬ ਦੇ ਰੰਗ? ਇਹ ਸੇਠ ਕਿਸੇ ਨੂੰ ਸ਼ਰਾਬ ਦੀ ਖਾਲੀ ਬੋਤਲ ਨਾ ਦੇਣ, ਆਪਣੇ ਅੱਗੇ ਪਿਛੇ ਵੇਖ ਲੈ ਕਿਵੇਂ ਭੱਜੇ ਫਿਰਦੇ ਨੇ। ਆਪਣੀ ਕਿਸਮਤ ਚੰਗੀ ਸੀ ਜੋ ਆਮ ਘਰਾਂ 'ਚੋਂ ਉੱਠ ਕੇ ਅਫਸਰ ਬਣ ਗਏ ਆਂ। ਆਪਣੇ ਤੋਂ ਕਿਤੇ ਵੱਧ ਪੜ੍ਹੇ ਲਿਖੇ ਲੋਕ ਬੇਰੋਜ਼ਗਾਰੀ ਕਾਰਨ ਧੱਕੇ ਖਾਂਦੇ ਫਿਰਦੇ ਨੇ। ਜੇ ਤੈਨੂੰ ਨੌਕਰੀ ਮਿਲ ਈ ਗਈ ਆ ਤਾਂ ਬੰਦਿਆਂ ਵਾਂਗ ਕਰ। ਦਿਮਾਗ ਠੰਡਾ ਰੱਖ।ਯਾਦ ਰੱਖੀਂ, ਤੇਰੇ ਨਾਲ ਜਿਹੜੇ ਮੁੰਡੇ ਪੜ੍ਹਦੇ ਹੁੰਦੇ ਸੀ ਉਹ ਅਜੇ ਡੰਗਰਾਂ ਲਈ ਪੱਠੇ ਲੈ ਕੇ ਘਰ ਨਹੀਂ ਮੁੜੇ ਹੋਣੇ।” ਉਸ ਦੀ ਕੋਰੀ ਕਰਾਰੀ ਗੱਲ ਮੇਰੇ ਦਿਲ 'ਤੇ ਲੜ ਗਈ। ਇਸ ਘਟਨਾ ਨੂੰ 24 ਸਾਲ ਹੋ ਗਏ ਹਨ ਪਰ ਕਲ੍ਹ ਵਾਂਗ ਜਾਪਦੀ ਹੈ। ਅੱਜ ਵੀ ਜਦੋਂ ਕਿਸੇ ਆਕੜ ਖੋਰ ਸਰਕਾਰੀ ਅਧਿਕਾਰੀ ਜਾਂ ਨੇਤਾ ਨੂੰ ਆਮ ਪਬਲਿਕ ਜਾਂ ਮਾਹਤਿਤਾਂ ਨਾਲ ਬੁਰਾ ਵਿਵਹਾਰ ਕਰਦਾ ਵੇਖਦਾ ਹਾਂ ਤਾਂ ਉਹ ਗੱਲ ਚੇਤੇ ਆ ਜਾਂਦੀ ਹੈ। -0-

**ਕਾਵਿ ਕਿਆਰੀ**

# ਬਰਕਤਾਂ ਦੇ ਸਾਈਂ

–ਵਿਧਾਤਾ ਸਿੰਘ ਤੀਰ

ਦਸਮ ਪਿਤਾ ਜੀ, ਕਰਨੀਆਂ ਕਰ ਕਰ ਕੇ,
ਡਾਢਾ ਜੱਗ ਨੂੰ ਤੁਸਾਂ ਹੈਰਾਨ ਕੀਤਾ।
ਚਾੜ੍ਹੀ ਚਿੜ੍ਹੀ ਨੂੰ ਚਿੜ ਤਾਂ ਅਜਿਹੀ ਚਾੜ੍ਹੀ,
ਉਹਨੂੰ ਬਾਜ਼ ਤੋਂ ਚੁੱਕ ਬਲਵਾਨ ਕੀਤਾ।
ਡਿੱਠਾ ਘਾਹੀ ਦੇ ਵੱਲ ਤਾਂ ਵਿੰਹਦਿਆਂ ਹੀ,
ਚੌਦਾਂ ਵਿੱਦਿਆ ਦਾ ਉਹਨੂੰ ਗਿਆਨ ਕੀਤਾ।
ਪਾਣ ਅੰਮ੍ਰਿਤੀ ਚਾੜ੍ਹ ਕੇ ਮੋਏ ਨੂੰ ਵੀ,
ਜੀਵਨ-ਦਾਨ ਦਿੱਤਾ, ਸਾਵਧਾਨ ਕੀਤਾ।

ਸਖੀਪੁਣਾ ਤਾਂ ਹੱਦੋਂ ਲੰਘਾ ਦਿੱਤਾ,
ਅੱਗੇ ਪਿੱਛੇ ਨਾ ਰਤਾ ਧਿਆਨ ਕੀਤਾ।
ਜਿਹਨੂੰ ਮਾਰਿਆ 'ਤੀਰ' ਮੈਦਾਨ ਅੰਦਰ,
ਤੁਸਾਂ ਉਸਨੂੰ ਵੀ ਸੋਨਾ ਦਾਨ ਕੀਤਾ।

ਮੇਰੀ ਕਲਮ ਗਰੀਬਣੀ ਗਿਣੇ ਕੀ ਕੀ,
ਬੜੀਆਂ ਬਰਕਤਾਂ ਹੈਨ ਸਰਕਾਰ ਅੰਦਰ।
ਪਿਆ ਨੂਰ ਅਨੰਤ ਦਾ ਬਰਸਦਾ ਹੈ,
ਸੁਹਣੀ ਆਪ ਦੀ ਨੂਰੀ ਨੁਹਾਰ ਅੰਦਰ।
ਜਾਨ ਕੱਢਦੇ ਹੋ ਇਕੋ ਵਾਰ ਅੰਦਰ,
ਜਾਨ ਪਾਂਵਦੇ ਹੋ ਇਕੋ ਵਾਰ ਅੰਦਰ।
ਨਾਲ ਆਪ ਦੇ ਟਾਕਰਾ ਕਰਾਂ ਕਿਸ ਦਾ,
ਦਿਸੋ ਤੁਸੀਂ ਹੀ ਤੁਸੀਂ ਸੰਸਾਰ ਅੰਦਰ।

ਸਾਰੇ ਜੱਗ ਅੰਦਰ ਪੱਖ-ਵਾਦੀਆਂ ਨੇ,
ਹੈਸੀ ਬ੍ਰਾਹਮਣਾਂ ਦਾ ਉੱਚਾ ਮਾਣ ਕੀਤਾ।
ਛੱਟੇ ਅੰਮ੍ਰਿਤ ਦੇ ਮਾਰ ਕੇ ਪੰਜ ਵਾਰੀ,
ਤੁਸਾਂ ਓਸ ਤੋਂ ਉੱਚ ਤਰਖਾਣ ਕੀਤਾ।
ਤੁਸੀਂ ਮੇਲੂ ਸਦਾਏ ਹੋ ਜੱਗ ਉੱਤੇ,
ਊਚ ਨੀਚ ਵਾਲੀ ਦੂਰ ਫੋਟ ਕਰ ਕੇ।
ਜੇਤੂ ਹੋਏ ਹੋ, ਲਈ ਜੇ ਜਿੱਤ ਬਾਜ਼ੀ,
ਬਾਈ-ਧਾਰੀਆਂ ਦੀ ਕੱਚੀ ਗੋਟ ਕਰ ਕੇ।
ਤੁਸਾਂ ਨਾਮਣਾ ਖੱਟਿਆ ਦਾਨੀਆਂ ਚੋਂ,
ਚੌਹਾਂ ਸੁੱਚਿਆਂ ਲਾਲਾਂ ਦੀ ਸੋਟ ਕਰ ਕੇ।
ਟਿੱਬੀ ਸਾਹਿਬ ਤੇ ਬਣੇ ਹੋ ਮੁਕਤ-ਦਾਤੇ,
ਮਹਾਂ ਸਿੰਘ ਨੂੰ ਭੁਲਾਂ ਚੋਂ ਛੋਟ ਕਰ ਕੇ।

ਜੱਸ ਆਪ ਦਾ ਏਤਨਾ ਖਿਲਰਿਆ ਹੈ,
ਕਿਸੇ ਕੋਲੋਂ ਨਹੀਂ ਜਾਂਦਾ ਬਿਆਨ ਕੀਤਾ।
ਹੈ ਕੇ ਪਾਤਿਸ਼ਾਹ ਸਾਰੀ ਪ੍ਰਿਥਵੀ ਦੇ,
ਤੁਸਾਂ ਕਾਹੀ ਤੇ ਸੌਣਾ ਪ੍ਰਵਾਨ ਕੀਤਾ।

ਤੱਦੀ ਤੁਸਾਂ ਤੋੜੀ ਤੱਦੀ ਵਾਲਿਆਂ ਦੀ,
ਜ਼ੁਲਮ ਕਰਨ ਤੋਂ ਲੱਖਾਂ ਨੂੰ ਟੋਕ ਦਿੱਤਾ।
ਸਾਰੇ ਨਾਨਕੀ-ਝੰਡਾ ਝੁਲਾਣ ਖ਼ਾਤਰ,
ਤੁਸਾਂ 'ਤੀਰ' ਉੱਤੇ 'ਤੀਰ' ਠੋਕ ਦਿੱਤਾ।
ਬੁੱਢੀ ਮਾਂ ਤੇ ਪਿਤਾ ਨੂੰ ਲਾ ਲੇਖੇ,
ਅੰਤ ਆਪਣਾ ਆਪ ਵੀ ਝੋਕ ਦਿੱਤਾ।
ਹੜ੍ਹ ਜ਼ੁਲਮ ਦਾ ਪੁੱਤਾਂ ਦੇ ਸਿਰ ਲਾ ਕੇ,
ਤੁਸਾਂ ਦਿਨਾਂ ਦੇ ਵਿਚ ਹੀ ਰੋਕ ਦਿੱਤਾ।

ਜ਼ੁਲਮ ਹਿੰਦ ਦੇ ਸਾਰੇ ਹਿੰਦੂਆਂ ਨੂੰ,
ਜਦੋਂ ਚਾਹੁੰਦਾ ਸੀ ਮੁਸਲਮਾਨ ਕੀਤਾ।
ਇਨ੍ਹਾਂ ਬਲੀ ਦੇ ਬਕਰਿਆਂ ਵਾਸਤੇ ਹੀ,
ਟੱਬਰ ਟੋਰ ਤੁਸਾਂ ਬਲੀਦਾਨ ਕੀਤਾ।

ਦਿਲ ਖੋਲ੍ਹ ਕੇ ਦਿੱਲੀ ਤੋਂ ਭਰੀ ਹਾਮੀ,
ਏਸੇ ਗੱਲ ਦੀ ਲਹੂ ਦੇ ਛਿਣਕਿਆਂ ਨੇ।
ਚਮਕ ਚਮਕ ਕੇ ਇਹੋ ਗਵਾਹੀ ਦਿੱਤੀ,
ਰੰਗੇ ਹੋਏ ਚਮਕੌਰ ਦੇ ਕਿਣਕਿਆਂ ਨੇ।
ਇਹੋ ਕੂਕ ਕੇ ਆਖਿਆ ਜਾਂਦਿਆਂ ਨੂੰ,
ਖੋਲੇ ਖੰਡਰਾਂ ਖੇੜੀ ਦੇ ਭਿਣਕਿਆਂ ਨੇ।
ਮੋਟੇ ਅੱਖਰਾਂ ਵਿਚ ਇਹ ਲਿਖ ਦਿੱਤਾ,
ਕਲਮ ਬਣ ਸਰਹੰਦ ਦੇ ਤਿਣਕਿਆਂ ਨੇ।

ਜਿਨ੍ਹਾਂ ਪੁੱਤਾਂ ਨੂੰ ਪਾਲਿਆ ਨਾਲ ਸੱਧਰਾਂ,
ਪਾਲ ਪੋਸ ਕੇ ਸੁਹਣੇ ਜਵਾਨ ਕੀਤਾ।
'ਤੀਰ' ਉਨ੍ਹਾਂ ਨੂੰ ਦੇਸ਼ ਤੇ ਕੌਮ ਉੱਤੇ,
ਦਸਮ ਪਿਤਾ ਨੇ ਆਪ ਕੁਰਬਾਨ ਕੀਤਾ।

-0-

---

# ਹਾਲਾਤ-ਏ-ਪੰਜਾਬ

ਗੁਰਪ੍ਰੀਤ ਕੌਰ

ਲਾਹੌਰ ਗਿਆ,
ਨਨਕਾਣਾ ਛੱਡਿਆ,
ਹੁਣ ਚੰਡੀਗੜ੍ਹ ਦੱਬ ਕੇ ਬਹਿ ਗਿਆ,
ਝੋਲੀ ਤੇਰੀ ਵਿੱਚ ਸਿੱਖਾ!
ਨਿੱਕਾ ਟੁੱਕੜਾ ਪੰਜਾਬ ਦਾ ਰਹਿ ਗਿਆ।

ਗੁਰਮੁਖੀ ਗਈ,
ਉਰਦੂ ਗਈ,
ਖਤਰਾ ਪੰਜਾਬੀ ਦੇ ਸਿਰ ਤੇ ਬਹਿ ਗਿਆ,
ਝੋਲੀ ਤੇਰੀ ਵਿੱਚ ਸਿੱਖਾ,
ਬੋਲੀ ਦਾ ਇਤਹਾਸ ਬਣ ਕੇ ਰਹਿ ਗਿਆ।

ਹਿਮਾਚਲ ਕੱਢਿਆ,
ਹਰਿਆਣਾ ਕੱਢਿਆ,
ਰਾਜਸਥਾਨ ਵੀ ਕੱਢ ਕੇ ਲੈ ਗਿਆ,
ਪੰਜਾਬ ਤੇਰੇ ਤੇ ਸਿੱਖਾ ਸੈਂਟਰ ਕਬਜਾ ਕਰਕੇ ਬਹਿ ਗਿਆ।

ਤਿਲ ਵੀ ਗਏ,
ਅਲਸੀ ਵੀ ਗਈ,
ਹੁਣ ਕਮਾਦ ਵੀ ਭੋਰਾ ਰਹਿ ਗਿਆ,
ਖੇਤੀ ਤੇਰੀ ਨੂੰ ਜੱਟਾ ਝੋਨਾ ਭਾਰੀ ਪੈ ਗਿਆ।

ਬੋਹੜ ਕਿੱਕਰ ਵੀ ਗਏ,
ਨਿੰਮ ਤੂਤ ਵੀ ਗਏ,
ਹੁਣ ਧਰੇਕਾਂ ਦਾ ਵੇਲਾ ਆ ਗਿਆ,
ਕੁਦਰਤ ਤੇਰੀ ਨੂੰ ਰੱਬਾ
ਇਨਸਾਨੀ ਅਛ ਲੈ ਗਿਆ।

ਦੁੱਧ ਦਹੀਂ ਵੀ ਗਏ,
ਮੱਖਣ ਲੱਸੀ ਵੀ ਗਏ,
ਦੇਸੀ ਘਿਓ ਵੀ ਯਾਦਾਂ ਵਿੱਚ ਰਹਿ ਗਿਆ,
ਸਿਹਤ ਤੇਰੀ ਨੂੰ 'ਸਰਦਾਰਾ'
ਦਾਰੂ ਚਿੱਟਾ ਦੱਬ ਕੇ ਬਹਿ ਗਿਆ।

ਪਹਿਲਾਂ ਸੱਤ ਸ੍ਰੀ ਅਕਾਲ ਨੂੰ ਹੈਲੋ ਵਿੱਚ ਢਾਲਿਆ,
ਫੇਰ ਅਸੀਂ ਪੱਗ ਨੂੰ ਟਰਬਨ ਬਣਾ ਲਿਆ।
ਚਿੜੀ ਨਹੀਂ ਬੇਟਾ,
ਸਪੈਰੋ ਬੋਲਿਆ ਕਰ,
ਤੀਰ ਦੇ ਨਿਸ਼ਾਨ ਨੂੰ ਐਰੋ ਬੋਲਿਆ ਕਰ।
ਬਸਤਾ ਨੀ ਕਹਿਣਾ ਇਹ ਬੈਗ ਹੁੰਦਾ ਏ,
ਟੇਢਾ ਮੇਢਾ ਇੰਗਲਿਸ਼ ਚ ਜ਼ਿਗਜ਼ੈਗ ਹੁੰਦਾ ਏ।
ਜਹਾਜ਼ ਨੂੰ ਪਲੇਨ ਕਹਿਣਾ ਰੇਲ ਨੂੰ ਟ੍ਰੇਨ ਕਹਿਣਾ,
ਹਾਸੇ ਨੂੰ ਸਮਾਈਲ ਤੇ ਦਿਮਾਗ਼ ਨੂੰ ਬ੍ਰੇਨ ਕਹਿਣਾ।

ਅੱਖਾਂ ਹੋਈਆਂ ਆਈਜ਼ ਤੇ
ਨੱਕ ਹੁਣ ਨੋਜ਼ ਹੋਇਆ,
ਕੁਲਫ਼ੀ ਆਇਸ-ਕਰੀਮ ਤੇ
ਗੁਲਾਬ ਰੈਡ ਰੋਜ਼ ਹੋਇਆ।
ਫੁੱਟਾ ਸਕੇਲ ਹੋਇਆ ਤੇ ਪ੍ਰਕਾਰ ਕੰਪਾਸ ਜੀ,
ਅਜੇ ਵੀ ਪੰਜਾਬੀ ਨੂੰ ਬਚਾਉਣ ਦੀ ਹੈ ਆਸ ਜੀ,
ਸ਼ਾਰਪਨਰ ਬਣ ਗਏ ਜਿਹੜੇ ਸੀ
ਪੈਂਨਸਲ-ਤਰਾਸ਼ ਜੀ।
ਰਾਇਟ ਤੇ ਲੈਫਟ ਹੋ ਗਏ ਸੱਜੇ ਅਤੇ ਖੱਬੇ ਜੀ,
ਬਣ ਗਏ ਜਮੈਟਰੀ ਡਰਾਇੰਗ ਵਾਲੇ ਡੱਬੇ ਜੀ।
ਬੱਚੇ ਵੀ ਪੰਜਾਬੀ ਵਾਲਾ ਬੋਝ ਨੀ ਸਹਾਰਦੇ,
ਭਾਸ਼ਾ ਨੂੰ ਬੇਗਾਨੇ ਨਹੀਂ ਆਪਣੇ ਹੀ ਮਾਰਦੇ।
ਜੇ ਬੱਚਾ ਬੋਲੇ ਪੰਜਾਬੀ ਤਾਂ ਸਾਡੀ ਸ਼ਾਨ ਘੱਟਦੀ,
ਉਂਝ ਪੰਜਾਬੀ ਨੂੰ ਖਤਰਾ ਏ
ਤੇ ਸਾਡੀ ਜਾਨ ਘੱਟਦੀ।
ਆਪਣੇ ਹੀ ਅੰਤ ਵਿੱਚ
ਆਪਣੇ ਨੂੰ ਅੱਗ ਲਾਉਂਦੇ ਨੇ,
ਜੇ ਕੋਈ ਬੋਲੇ ਪੰਜਾਬੀ
ਉਹਨੂੰ ਦੇਸੀ ਕਹਿ ਚਿੜਾਉਂਦੇ ਨੇ।
ਮਾਂ ਬੋਲੀ ਪੰਜਾਬੀ ਅਤੇ ਪੰਜਾਬ ਦੇ ਹਿਤੇਸ਼ੀ ਬਣ

-0-

ਕਹਾਣੀ:

# ਛੁੱਟੀਆਂ ਦੀ ਉਡੀਕ

**ਡਾ. ਅਜੀਤ ਸਿੰਘ ਕੋਟਕਪੂਰਾ +1 585 305 0443**

ਛੁੱਟੀਆਂ ਦੀ ਉਡੀਕ ਤਾਂ ਹਰ ਵੱਡੇ ਤੇ ਛੋਟੇ ਨੂੰ ਰਹਿੰਦੀ ਹੀ ਹੈ। ਇਸ ਸਾਲ ਸੁਖਦੇਵ ਛੁੱਟੀਆਂ ਨੂੰ ਬੜੀ ਬੇਸਬਰੀ ਨਾਲ ਉਡੀਕ ਰਿਹਾ ਸੀ। ਪਿਛਲੇ ਦੋ ਸਾਲ ਤੋਂ ਉਹ ਛੁੱਟੀਆਂ ਵਿੱਚ ਨਾਨਕੇ ਨਹੀਂ ਜਾ ਸਕਿਆ ਸੀ। ਇੱਕ ਵਾਰ ਤਾਂ ਉਸ ਦੀ ਮਾਂ ਦੀ ਨਹਾਉਣ ਲੱਗਿਆਂ ਗੁਸਲਖਾਨੇ ਵਿੱਚ ਡਿੱਗਣ ਕਾਰਨ ਬਾਂਹ ਟੁੱਟ ਗਈ ਸੀ। ਭਾਵੇਂ ਉਸ ਦੀ ਨਾਨੀ ਮਦਦ ਲਈ ਆ ਗਈ ਸੀ, ਪ੍ਰੰਤੂ ਉਸ ਦਾ ਨਾਨਕੇ ਜਾ ਕੇ ਆਪਣੇ ਦੋਸਤਾਂ ਨਾਲ ਮਿਲ ਕੇ ਖੇਡਣ ਦਾ ਚਾਅ ਅਧੂਰਾ ਰਹਿ ਗਿਆ ਸੀ। ਅਗਲੇ ਸਾਲ ਉਸ ਦੇ ਪਿਤਾ ਜੀ ਦੀ ਕਾਰ ਦੁਰਘਟਨਾ ਗ੍ਰਸਤ ਹੋਣ ਕਾਰਨ ਖੱਬੀ ਲੱਤ ਟੁੱਟ ਗਈ ਸੀ। ਦੋ ਮਹੀਨੇ ਪਲਸਤਰ ਲੱਗਾ ਰਿਹਾ ਸੀ। ਉਸ ਦੀ ਦੇਖਭਾਲ ਅਤੇ ਇੱਧਰ-ਉੱਧਰ ਜਾਣ ਵਿੱਚ ਮਦਦ ਲਈ ਸੁੱਖਾ ਆਪਣੇ ਬਾਪ ਦੀ ਸਹਾਇਤਾ ਕਰਦਾ ਰਿਹਾ ਸੀ। ਇਸ ਲਈ ਉਹ ਛੁੱਟੀਆਂ ਵਿੱਚ ਨਾਨਕੇ ਨਹੀਂ ਜਾ ਸਕਿਆ ਸੀ।

ਇਸ ਵਾਰ ਉਹ ਮਨ ਹੀ ਮਨ ਅਰਦਾਸ ਕਰਦਾ ਰਿਹਾ ਕਿ ਸਭ ਕੁਝ ਠੀਕ ਰਹੇ ਤੇ ਉਹ ਆਪਣੇ ਨਾਨਕੇ ਜਾ ਕੇ ਆਪਣੇ ਦੋਸਤਾਂ ਨੂੰ ਮਿਲ ਸਕੇ। ਉਨ੍ਹਾਂ ਨਾਲ ਖੂਬ ਖੇਡ ਸਕੇ ਅਤੇ ਆਪਣੇ ਅੰਦਰ ਦੋ ਸਾਲਾਂ ਤੋਂ ਇਕੱਠੀਆਂ ਹੋਈਆਂ ਗੱਲਾਂ ਉਨ੍ਹਾਂ ਨਾਲ ਕਰ ਕੇ, ਉਨ੍ਹਾਂ ਦੀਆਂ ਸੁਣ ਕੇ ਆਨੰਦ ਮਾਣ ਸਕੇ। ਕਦੇ ਕਦੇ ਉਸ ਨੂੰ ਇਹ ਵੀ ਲੱਗਦਾ ਸੀ ਕਿ ਉਸ ਦੇ ਦੋਸਤ ਉਸ ਨੂੰ ਭੁੱਲ ਹੀ ਨਾ ਗਏ ਹੋਣ। ਜਿਵੇਂ ਜਿਵੇਂ ਛੁੱਟੀਆਂ ਹੋਣ ਦੇ ਦਿਨ ਨੇੜੇ ਆ ਰਹੇ ਸਨ, ਉਸ ਦੇ ਮਨ ਵਿੱਚ ਖ਼ੁਸ਼ੀਆਂ ਦੇ ਲੱਡੂ ਭੁਰ ਰਹੇ ਸਨ। ਉਸ ਨੇ ਇਹ ਵੀ ਸੋਚ ਲਿਆ ਸੀ ਕਿ ਜੇ ਉਸ ਦੇ ਮਾਪੇ ਉਸ ਨਾਲ ਨਾ ਵੀ ਜਾ ਸਕੇ ਤਾਂ ਉਹ ਇਕੱਲਾ ਵੀ ਜਾ ਸਕਦਾ ਹਾਂ। ਉਹ ਹੁਣ ਛੇਵੀਂ ਜਮਾਤ ਵਿੱਚ ਹੋ ਗਿਆ ਸੀ ਤੇ ਆਪਣੀਆਂ ਵਸਤਾਂ ਦੀ ਆਪ ਹੀ ਸੰਭਾਲ ਕਰ ਸਕਦਾ ਸੀ। ਉਸ ਨੂੰ ਪਤਾ ਸੀ ਕਿ ਉਸ ਦੀ ਨਾਨੀ ਬੜੇ ਪਿਆਰ ਨਾਲ ਉਸ ਦੇ ਕੇਸਾਂ ਨੂੰ ਵੀ ਸੰਵਾਰ ਸਕਦੀ ਹੈ। ਸੁੱਖੇ ਦੀ ਮਾਂ ਨੂੰ ਵੀ ਇਸ ਸਬੰਧੀ ਕੋਈ ਚਿੰਤਾ ਨਹੀਂ ਸੀ।

ਅਖੀਰ ਸਕੂਲ ਅਧਿਆਪਕਾਂ ਵੱਲੋਂ ਛੁੱਟੀਆਂ ਦਾ ਕੰਮ ਮਿਲ ਗਿਆ ਅਤੇ ਛੁੱਟੀਆਂ ਹੋ ਗਈਆਂ। ਉਸ ਨੇ ਵੀ ਆਪਣਾ ਸਾਮਾਨ ਤਿਆਰ ਕਰ ਲਿਆ। ਮੰਮੀ ਨਾਲ ਵਾਅਦਾ ਕੀਤਾ ਕਿ ਉਹ ਨਾਨਕੇ ਜਾ ਕੇ ਸਕੂਲ ਦਾ ਕੰਮ ਕਰਿਆ ਕਰੇਗਾ। ਉਸ ਦੇ ਮਾਮੇ ਦਾ ਮੁੰਡਾ ਮਨਜੀਤ ਵੀ ਛੇਵੀਂ ਵਿੱਚ ਹੀ ਸੀ। ਉਸ ਨੇ ਕਿਹਾ, ''ਮੈਂ ਮਨਜੀਤ ਨਾਲ ਬੈਠ ਕੇ ਪੜ੍ਹਿਆ ਕਰਾਂਗਾ ਅਤੇ ਸਾਨੂੰ ਜੇ ਕੋਈ ਪੜ੍ਹਾਈ ਵਿੱਚ ਸਮੱਸਿਆ ਹੋਵੇਗੀ ਤਾਂ ਕੁਲਦੀਪ ਮਾਮੇ ਤੋਂ ਪੁੱਛ ਲਿਆ ਕਰਾਂਗੇ। ਤੁਸੀਂ ਭਾਵੇਂ ਮਾਮੇ ਨੂੰ ਫੋਨ 'ਤੇ ਪੁੱਛ ਲੈਣਾ। ਤੁਹਾਨੂੰ ਸਾਡੇ ਬਾਰੇ ਹਰ ਖ਼ਬਰ ਮਿਲਦੀ ਰਹੇਗੀ ਕਿ ਅਸੀਂ ਦਿਨ ਵਿੱਚ ਕੀ ਕਰਦੇ ਹਾਂ ਕਿੰਨਾ ਸਮਾਂ ਪੜ੍ਹਦੇ ਹਾਂ ਅਤੇ ਕਿੰਨਾ ਸਮਾਂ ਖੇਡਦੇ ਹਾਂ। ਹੁਣ ਮੈਨੂੰ ਜਲਦੀ ਜਲਦੀ ਨਾਨਕੇ ਛੱਡਣ ਦਾ ਪ੍ਰਬੰਧ ਕਰ ਦਿਓ। ਜੇਕਰ ਮੈਨੂੰ ਬੱਸ ਚੜ੍ਹਾ ਦਿਓ ਤਾਂ ਵੀ ਮੈਂ ਆਪੇ ਨਾਨਕੇ ਘਰ ਪਹੁੰਚ ਜਾਵਾਂਗਾ ਅਤੇ ਜਾ ਕੇ ਮਾਮੇ ਤੋਂ ਤੁਹਾਨੂੰ ਫੋਨ ਕਰਵਾ ਦਿਆਂਗਾ। ਤੁਹਾਨੂੰ ਚਿੰਤਾ ਨਹੀਂ ਰਹੇਗੀ।''

ਸੁੱਖੇ ਦੇ ਮਾਂ-ਬਾਪ ਦੋਵੇਂ ਹੀ ਕੰਮ ਵਿੱਚ ਰੁਝੇ ਹੋਏ ਸਨ ਕਿਉਂਕਿ ਛੁੱਟੀਆਂ ਹੋਣ ਦੇ ਨਾਲ ਹੀ ਉਨ੍ਹਾਂ



ਲਈ ਕੈਂਪ ਲੱਗ ਗਿਆ ਸੀ ਅਤੇ ਕੰਮ ਵਿੱਚੋਂ ਛੁੱਟੀ ਨਹੀਂ ਮਿਲ ਸਕਦੀ ਸੀ। ਇਸ ਲਈ ਉਨ੍ਹਾਂ ਨੇ ਸੁੱਖੇ ਦੇ ਮਾਮੇ ਨੂੰ ਫੋਨ ਕਰ ਦਿੱਤਾ ਕਿ ਉਹ ਸੁੱਖੇ ਨੂੰ ਸਵੇਰੇ ਪਹਿਲੀ ਬੱਸ ਹੀ ਚੜ੍ਹਾ ਦੇਣਗੇ ਅਤੇ ਉਹ ਉਸ ਨੂੰ ਅੱਡੇ ਤੋਂ ਘਰ ਲੈ ਜਾਣ। ਜਦੋਂ ਉਹ ਬੱਸ ਵਿੱਚ ਬੈਠੇਗਾ ਉਹ ਉਨ੍ਹਾਂ ਨੂੰ ਫੋਨ 'ਤੇ ਦੱਸ ਦੇਣਗੇ ਅਤੇ ਜਦੋਂ ਉਹ ਉਨ੍ਹਾਂ ਕੋਲ ਪੁੱਜ ਜਾਵੇਗਾ ਤਾਂ ਉਹ ਉਨ੍ਹਾਂ ਨੂੰ ਦੱਸ ਦੇਣਗੇ। ਇਸ ਤਰ੍ਹਾਂ ਮਿੱਥੇ ਪ੍ਰੋਗਰਾਮ ਅਨੁਸਾਰ ਅਗਲੇ ਦਿਨ ਸੁੱਖੇ ਨੂੰ ਬੱਸ ਚੜ੍ਹਾ ਦਿੱਤਾ ਗਿਆ ਅਤੇ ਉਹ ਨਾਨਕੇ ਘਰ ਪੁੱਜ ਗਿਆ। ਉਸ ਨੂੰ ਮਿਲ ਕੇ ਨਾਨੀ ਬਹੁਤ ਖ਼ੁਸ਼ ਹੋਈ। ਉਸ ਨੂੰ ਜਦੋਂ ਇਹ ਦੱਸਿਆ ਗਿਆ ਕਿ ਇਹ ਇਕੱਲਾ ਹੀ ਆਇਆ ਹੈ ਤਾਂ ਉਹ ਕਹਿਣ ਲੱਗੀ, ''ਮੇਰਾ ਪੁੱਤ ਤਾਂ ਹੁਣ ਜ਼ਿੰਮੇਵਾਰ ਹੋ ਗਿਆ ਹੈ, ਹੁਣ ਵੱਡੇ ਵੱਡੇ ਕੰਮ ਕਰ ਸਕਦਾ ਹੈ।'' ਮਨਜੀਤ ਵੀ ਬਹੁਤ ਖ਼ੁਸ਼ ਹੋਇਆ। ਮਨਜੀਤ ਦੀ ਮੰਮੀ ਨੇ ਉਸ ਨੂੰ ਖਾਣ ਲਈ ਦਿੱਤਾ ਅਤੇ ਨਾਲ ਦੁੱਧ ਦਾ ਗਿਲਾਸ ਦਿੱਤਾ ਜੋ ਉਸ ਨੇ ਗੱਟ ਗੱਟ ਕਰਕੇ ਪੀ ਲਿਆ। ਦੋਵੇਂ ਰਲ ਕੇ ਖੇਡਣ ਲੱਗੇ। ਸ਼ਾਮ ਨੂੰ ਉਹ ਆਪਣੇ ਪੁਰਾਣੇ ਦੋਸਤਾਂ ਗੇਲੇ, ਗਾਮੇ, ਕੈਲੇ ਅਤੇ ਕਪੂਰੇ ਨੂੰ ਮਿਲਿਆ ਤਾਂ ਸਾਰੇ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਰਲ ਕੇ ਖੇਡਣਾ ਸ਼ੁਰੂ ਕਰ ਦਿੱਤਾ। ਹਨੇਰਾ ਹੋਣ 'ਤੇ ਉਹ ਸਾਰੇ ਅਗਲੇ ਦਿਨ ਦਾ ਪ੍ਰੋਗਰਾਮ ਬਣਾ ਕੇ ਆਪੋ ਆਪਣੇ ਘਰ ਚਲੇ ਗਏ।

ਸਵੇਰੇ ਉੱਠ ਕੇ ਸੁੱਖਾ ਅਤੇ ਮਨਜੀਤ ਸਕੂਲ ਤੋਂ ਮਿਲੀਆਂ ਛੁੱਟੀਆਂ ਦਾ ਕੰਮ ਕਰਨ ਲੱਗ ਪਏ। ਜਿਹੜੀ ਮੁਸ਼ਕਿਲ ਹੁੰਦੀ ਸੁੱਖਾ ਆਪਣੇ ਮਾਮੇ ਤੋਂ ਪੁੱਛ ਲੈਂਦਾ। ਕੁਲਦੀਪ ਮਾਮੇ ਨੂੰ ਖ਼ੁਸ਼ੀ ਹੋਈ ਕੇ ਦੋਵੇਂ ਜ਼ਿੰਮੇਵਾਰੀ ਨਾਲ ਸਕੂਲ ਦਾ ਕੰਮ ਕਰ ਰਹੇ ਸਨ। ਕੰਮ ਕਰ ਕੇ ਉਹ ਆਪਣੇ ਦੋਸਤਾਂ ਨਾਲ ਬਾਹਰ ਖੇਡਣ ਲਈ ਚਲੇ ਗਏ। ਦੁਪਹਿਰ ਸਮੇਂ ਉਹ ਘਰ ਦੇ ਦਰਵਾਜ਼ੇ ਵਿੱਚ ਹੀ ਖੇਡਣ ਲੱਗੇ। ਸੁੱਖੇ ਦੇ ਮਾਮੇ ਨੇ ਦੱਸਿਆ ਕਿ ਅੱਜ ਗਰਮੀ ਜ਼ਿਆਦਾ ਹੈ, ਇਸ ਲਈ ਸਾਰੇ ਅੰਦਰ ਹੀ ਖੇਡ ਲੈਣ।

ਐਤਵਾਰ ਨੂੰ ਸੁੱਖੇ ਦੇ ਮਾਮੇ ਨੂੰ ਕੈਂਪ ਤੋਂ ਛੁੱਟੀ ਸੀ। ਅਸਮਾਨ 'ਤੇ ਬਦਲ ਛਾਏ ਹੋਏ ਸਨ। ਸਾਰੇ ਬੇਲੀ ਮਨਜੀਤ ਦੇ ਘਰ ਵਿੱਚ ਖੇਡਣ ਲਈ ਇਕੱਠੇ ਹੋ ਰਹੇ ਸਨ। ਅਜੇ ਉਹ ਖੇਡਣ ਦੀ ਯੋਜਨਾ ਬਣਾ ਹੀ ਰਹੇ ਸਨ ਕਿ ਮੀਂਹ ਪੈਣ ਲੱਗ ਪਿਆ। ਸਾਰੇ ਮਾਮੇ ਦੇ ਦੁਆਲੇ ਇਕੱਠੇ ਹੋ ਗਏ ਕਿ ਅੱਜ ਤੁਸੀਂ ਸਾਨੂੰ ਦੱਸੋ ਕਿ ਮੀਂਹ ਵਿੱਚ ਕਿ ਖੇਡੀਏ। ਉਸ ਨੇ ਸਾਰਿਆਂ ਨੂੰ ਕਿਹਾ ਕਿ ਉਹ ਸਾਰੇ ਮੀਂਹ ਵਿੱਚ ਨਹਾ ਕੇ ਮਜ਼ੇ ਕਰਨ। ਇਹ ਸੁਣ ਕੇ ਉਹ ਸਾਰੇ ਖ਼ੁਸ਼ ਹੋ ਗਏ ਅਤੇ ਮੀਂਹ ਵਿੱਚ ਨਹਾਉਣ ਲੱਗੇ। ਜਦੋਂ ਮਾਮੇ ਨੇ ਦੇਖਿਆ ਕਿ ਬੱਚੇ ਖੇਡ ਕੇ ਥੱਕ ਚੁੱਕੇ ਹਨ ਤਾਂ ਉਸ ਨੇ ਉਨ੍ਹਾਂ ਨੂੰ ਆਪਣੇ ਕੱਪੜੇ ਬਦਲਣ ਅਤੇ ਉਸ ਕੋਲ ਬੈਠਣ ਲਈ ਕਿਹਾ ਤਾਂ ਕਿ ਸਾਰੇ ਰਲ ਮਿਲ ਗੱਲਾਂ ਕਰ ਸਕਣ।

ਕੱਪੜੇ ਬਦਲ ਕੇ ਉਹ ਮਾਮੇ ਦੇ ਨੇੜੇ ਹੋ ਕੇ ਬੈਠ ਗਏ ਅਤੇ ਕਹਿਣ ਲੱਗੇ ਕਿ ਉਹ ਉਨ੍ਹਾਂ ਨੂੰ ਕੋਈ ਕਹਾਣੀ ਸੁਣਾਏ। ਮਾਮੇ ਨੇ ਕੁਝ ਦੇਰ ਸੋਚਿਆ ਅਤੇ ਫਿਰ ਕਹਿਣ ਲੱਗਾ ਕਿ ਸੁਣੋ;

ਇੱਕ ਵਾਰ ਦੀ ਗੱਲ ਹੈ ਕਿ ਮਿਸਤਰੀ ਮਕਾਨ ਬਣਾ ਰਹੇ ਸਨ ਅਤੇ ਉਸ ਥਾਂ 'ਤੇ ਲੱਕੜੀ ਦਾ ਕੰਮ ਚੱਲ ਰਿਹਾ ਸੀ। ਮਿਸਤਰੀ ਲੱਕੜੀ ਨੂੰ ਚੀਰ ਰਿਹਾ ਸੀ, ਜਿਸ ਨੇ ਉਸ ਦੇ ਦੋ ਟੋਟੇ ਕਰਨੇ ਸਨ। ਗਰਮੀ ਦਾ ਮੌਸਮ ਸੀ। ਉਹ ਥੋੜ੍ਹੀ ਦੇਰ ਆਰਾਮ ਕਰਨਾ ਚਾਹੁੰਦਾ ਸੀ। ਉਸ ਨੇ ਚੀਰੀ ਹੋਈ ਲੱਕੜੀ ਦੇ ਅੰਦਰ ਇੱਕ ਮੋਟਾ ਜਿਹਾ ਕਿੱਲ ਫਸਾ ਦਿੱਤਾ ਅਤੇ ਆਪ ਆਰਾਮ ਕਰਨ ਲੱਗਾ। ਜਦੋਂ ਉਸ ਦੀ ਜਾਗ

**ਬਾਕੀ ਸਫਾ 37 'ਤੇ**

# जीवन की महक

**गुरमति विरसा ब्यूरो**

प्राकृति की इस अनमोल बखशिश में मनुष्य सभी जीवों का सरदार (मुखिया) है। प्राकृति ने इसको सोचने, समझने और महसूस करने की अनमोल भावनायें विशाल ह्रदय से बखशिश की है। फिर भी यह संसार में आकर केवल दूसरे जानवरों की तरह खा पी कर बड़ा हो, बच्चे पैदा करे, पालन पोषण करे और मर जाये तो यह प्राकृति की अनमोल सौगात का मज़ाक उड़ाने के समान ही है। गुरबाणी में स्पष्ट फुरमान हैः–

**माणु घलै, उठी चलै, सादु नाही इवेही गलै।।**
**हिन्दी उच्चारणः माण घलै, उठी चलै,**
**साद नाही इवेही गलै।।**

**भावः–** वाहिगुरू अकाल पुरख मनुष्यों को पृथ्वी पर भेजे, मनुष्य जन्म ले और मर जाये। इसमें तो कोई स्वाद नहीं।

कितना अच्छा हो यदि मनुष्य जीवन की अनमोलता को समझते हुये हम इसको अधिक से अधिक सभ्य ढंग से व्यतीत कर सके। सभ्य ढंग से जीवन जीने के लिए सबसे अधिक आवश्यक है, दूसरों की भावनाओं का सम्मान करना चाहिए। प्रसिद्ध विद्वान और सिख प्रचारक ज्ञानी जगजीत सिंघ जी सिदकी का सभ्य जीवन की सेध के लिए एक बहुत भावना पूर्ण कथन है, "बच्चों को दुलार, साथियों को प्रेम और बड़ों को सम्मान उनका अधिकार है और हमारा कर्तव्य है। अगर हम अपने यह कर्तव्य पूरे नहीं कर रहे होते तो हम 'हक पराया' खा रहे होते हैं।" भाव यही कि हमें अपने इर्द–गिर्द प्रत्येक रिशते को उसके उचित स्थान पर रखते हुये, सदैव मान सम्मान देना चाहिए तभी ही हम जीवन को अधिक से अधिक सभ्य ढंग से व्यतीत कर सकते हैं।

जिस प्रकार किसी घर में प्रत्येक वस्तु सही स्थान पर पड़ी होने से घर में चलना–फिरना आसान हो जाता है, मन शांत रहता है और देखने वाले के उपर भी घर की बाहरी सुच्चता का अच्छा प्रभाव पड़ता है। इसी तरह हर रिश्ते को उचित जगह तथा मान सत्कार मिलने से जीवन में विचरना आसान हो जाता है तथा आगे आने वाली पीढ़ीयों पर अच्छा प्रभाव पड़ता है। इस संबंध में परिवार के प्रत्येक सदस्य को घर की शान्ति में अपना बनता योगदान डालना चाहिए। इन्सान का इसके लिए फर्ज जन्म लेने से ही शुरू हो जाता है।

**बचपनः–** मनुष्य जन्म लेता है तो वह माता पिता पर निर्भर करता है। माता पिता स्वयं कष्ट सह कर भी उनको पालते हैं। ध्यान से विचार करें तो औसतन माता–पिता की आत्म संतुष्टी अपने बच्चों के इर्द–गिर्द ही निर्भर होती है। वह बच्चों के अच्छे स्वास्थय, अच्छी शिक्षा, अच्छे आचरण और अच्छे कैरीयर ग्राफ के उपर पूर्ण ध्यान देते हैं तो बच्चे का प्राकृतिक रूप में फर्ज बन जाता है जीवन का निर्माण करने वाले माता–पिता का सम्मान करना। उनकी प्रत्येक अच्छे और सूझवान मशविरे को सिर माथे मानना। यदि कहीं अपना पक्ष ठीक लगता भी हो, तो नम्रता और हलीमी से पेश करना चाहिए। विद्यार्थी के रूप में उसको अध्यापक और अन्य सभी बड़ों का सम्मान करना चाहिये। हो सकता है कि किसी समय माता पिता या बड़ों की कोई बात कठोर भी लगे परन्तु फिर भी उसमें अनुभव और प्रेम की मिठास कायम रहती है इस लिए बादाम की तरह उसके बाहरी कठोर रूप को ना देख कर बल्कि भीतरी कोमल गुण को अपना लेना चाहिए। गुरमत के सब से सुनहरी सिद्धान्त 'हुक्म मानने' को इन्सान इसी आयु में परिपक्व कर सकता है। यह समझ कि माता पिता, अध्यापक और अन्य बुजुर्ग सदैव मेरी भलाई के प्रति ही सोचते हैं। मैं उनका ही एक भाग हूँ। वह मेरा बुरा कैसे सोच सकते हैं। ऐसी पवित्र और समर्पित भावना से यदि बड़ों की बात मान ली जाय तो जीवन अच्छे से और अधिक अच्छा बनता जाता है।

**युवा अवस्थाः–** यह अवस्था होश की जगह जोश से अधिक भरी हुई होती है। इस समय इन्सान को काम, क्रोध, अहंकार इत्यादि पांचों भाई बहुत शीघ्र आ कर पकड़ लेते हैं। इस आयु को इन्सान को कुछ अच्छा सीखने, कुछ अच्छा करने और जीवन को अच्छा दे जाने के उदेश्य से संवारना चाहिए। अच्छे विद्वान, गुरू पीरों के प्रति पढ़ना सुनना और अपने से छोटे को जीवन कला सिखाना, उसका अमली जीवन होना चाहिए। इस आयु में मर्द और औरत दोनों को अपने भीतर इतने अच्छे गुण पैदा करने चाहिए ताकि आने वाली पुश्तें (पीढ़ीयां) देखा देखी ही अच्छी होती जायें।

मर्द को प्रथम एक अच्छा पुत्र और एक अच्छा भाई होना चाहिए। अधिक से अधिक परिश्रम करके अपने पांव पर खड़े होना, माता पिता की आज्ञा में रह कर उनको प्रत्येक प्रकार की सेवा के द्वारा खुश रखना, उसका उदेश्य होना चाहिए। घर में बड़े बहनों भाईयों का आज्ञाकार और छोटों के लिए एक मिसाल हो। प्रत्येक पराई औरत को मां, बहन या बेटी के रूप में देखें। इससे आगे पत्नी को पांव की जूती नहीं बल्कि एक मित्र समझे। यह बात ध्यान से समझ लेनी चाहिए कि आने वाली लड़की अपने माता–पिता का घर छोड़कर आप का घर संवारने आ रही है। इस लिए घर में उसका स्वागत बेटी से अधिक होना चाहिए। यह याद रखें कि वह एक बिलकुल अलग माहौल में से आई है और उसने अभी इस घर में जड़े

लगानी है, इस लिए उसको अधिक देखभाल और प्रेम की जरूरत है। उसकी छोटी मोटी कमियों को देखकर अनदेखा करते हुए, पति को अधिक से अधिक मित्रता से व्यवहार करना चाहिए और सास ससुर को भी उसके अवगुणों को अनदेखा करते हुए, गुणों की प्रशंसा करते, उससे अपनेपन का रिश्ता बना लेना चाहिए। इस तरह यदि किसी समय कहीं टोकने की जरूरत पड़े तो आपस में गलत फहमियां पैदा नहीं होती।

पति को अपने साथी को अधिक से अधिक प्रेम करते हुये उसकी भावनाओं का सम्मान करना चाहिए और उसके माता पिता तथा अन्य संबंधियों के प्रति भी सम्मान पूर्वक व्यवहार करते हुये पत्नी को भी अपने बराबर खड़ा करना चाहिए।

